ਸੋਮਵਾਰ, 25 ਸਤੰਬਰ, 2023
9 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 115

# ਨਵਾਂ ਜ਼ਮਾਨਾ

DAILY NAWAN ZAMANA • MONDAY, 25 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

# ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਜਿੱਤ ਲੈਣੇ, ਰਾਜਸਥਾਨ 'ਚ ਟੱਕਰ ਫਸਵੀਂ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਐਤਵਾਰ ਦਾਅਵਾ ਕੀਤਾ ਕਿ ਇਸ ਸਾਲ ਹੋਣ ਵਾਲੀਆਂ ਚੋਣਾਂ ਦੌਰਾਨ ਕਾਂਗਰਸ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਜਿੱਤ ਰਹੀ ਹੈ, ਤਿਲੰਗਾਨਾ ਜਿੱਤ ਸਕਦੀ ਹੈ ਤੇ ਰਾਜਸਥਾਨ ਵਿਚ ਮੁਕਾਬਲਾ ਬਹੁਤ ਫਸਵਾਂ ਹੈ, ਪਰ ਯਕੀਨ ਹੈ ਕਿ ਜਿੱਤ ਕਾਂਗਰਸ ਦੀ ਹੀ ਹੋਵੇਗੀ।




ਆਸਾਮ ਦੇ 'ਪ੍ਰਤੀ ਦਿਨ ਮੀਡੀਆ ਨੈੱਟਵਰਕ' ਵੱਲੋਂ ਕਰਵਾਈ ਕਨਕਲੇਵ ਵਿਚ ਬੋਲਦਿਆਂ ਰਾਹੁਲ ਨੇ ਕਿਹਾ ਕਿ ਭਾਜਪਾ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਕਈ ਹਥਕੰਡੇ ਵਰਤਦੀ ਹੈ। ਰਮੇਸ਼ ਬਿਧੂੜੀ ਦਾ ਲੋਕ ਸਭਾ ਵਿਚ ਬਸਪਾ ਸਾਂਸਦ ਦਾਨਿਸ਼ ਅਲੀ ਨੂੰ ਗਾਲ੍ਹਾਂ ਕੱਢਣਾ ਤੇ ਇਕ ਦੇਸ਼-ਇਕ ਚੋਣ ਦਾ ਵਿਚਾਰ ਲਿਆਉਣਾ ਇਨ੍ਹਾਂ ਵਿਚ ਸ਼ਾਮਲ ਹਨ। ਉਨ੍ਹਾ ਕਿਹਾ ਕਿ ਸੰਸਦ ਵਿਚ ਜਦੋਂ ਵੀ ਕੋਈ ਗੱਲ ਰੱਖੀ ਜਾਂਦੀ ਹੈ ਤਾਂ ਧਿਆਨ ਭਟਕਾਉਣ ਲਈ ਅਜਿਹੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਪਰ 'ਅਸੀਂ ਸਿੱਖ ਲਿਆ ਹੈ ਕਿ ਇਨ੍ਹਾਂ ਨਾਲ ਕਿਵੇਂ ਨਿਬੜਨਾ ਹੈ।' ਉਨ੍ਹਾ ਕਿਹਾ ਕਿ ਕਰਨਾਟਕ 'ਚ ਭਾਜਪਾ ਨੂੰ ਟੱਕਰਨ ਲਈ ਕਾਂਗਰਸ ਨੇ ਅਜਿਹਾ ਮਾਹੌਲ ਬਣਾਇਆ ਕਿ ਭਾਜਪਾ ਦੀ ਨਹੀਂ ਚੱਲੀ। ਉਨ੍ਹਾ ਕਿਹਾ—ਅਸੀਂ ਕਰਨਾਟਕ ਦੇ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਭਲੇ ਵਿਚ ਅਸੀਂ ਕੀ ਕਰਾਂਗੇ।

ਰਾਹੁਲ ਨੇ ਕਿਹਾ—ਅਸੀਂ ਸ਼ਾਇਦ ਤਿਲੰਗਾਨਾ ਜਿੱਤ ਸਕਦੇ ਹਾਂ, ਕਿਉਂਕਿ ਉਥੇ ਭਾਜਪਾ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ। ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦਾ ਪੱਕੇ ਜਿੱਤ ਰਹੇ ਹਾਂ। ਰਾਜਸਥਾਨ ਵਿਚ ਮੁਕਾਬਲਾ ਬਹੁਤ ਫਸਵਾਂ ਹੈ। ਜਿੱਤਣ ਦੀ ਪੂਰੀ ਆਸ ਹੈ। ਭਾਜਪਾ ਵੀ ਅੰਦਰਖਾਤੇ ਇਹੀ ਕਹਿ ਰਹੀ ਹੈ।

ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਤੇ ਮਿਜ਼ੋਰਮ ਵਿਚ ਸਾਲ ਦੇ ਅੰਤ ਵਿਚ ਅਸੰਬਲੀ ਚੋਣਾਂ ਹੋਣੀਆਂ ਹਨ। ਛੱਤੀਸਗੜ੍ਹ ਤੇ ਰਾਜਸਥਾਨ ਵਿਚ ਕਾਂਗਰਸ ਦੀਆਂ ਸਰਕਾਰਾਂ ਹਨ।

ਉਨ੍ਹਾ ਕਿਹਾ ਕਿ ਦੇਸ਼ ਦੀ 60 ਫੀਸਦੀ ਆਬਾਦੀ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ ਇੰਡੀਆ ਨਾਲ ਹੈ ਤੇ 2024 ਵਿਚ ਭਾਜਪਾ ਨੂੰ ਸਰਪ੍ਰਾਈਜ਼ ਦੇਵਾਂਗੇ।

## ਕ੍ਰਿਕਟ ਦਾ ਵੱਡਾ ਦੀਵਾਨਾ ਨਹੀਂ

ਸਵਾਲਾਂ-ਜਵਾਬਾਂ ਦੌਰਾਨ ਰਾਹੁਲ ਤੋਂ ਜਦੋਂ ਪੁੱਛਿਆ ਗਿਆ ਕਿ ਮਹਾਨ ਫੁੱਟਬਾਲਰਾਂ ਰੋਨਾਲਡੋ ਤੇ ਮੈਸੀ ਵਿੱਚੋਂ ਕਿਹੜਾ ਸਭ ਤੋਂ ਵੱਧ ਪਸੰਦੀਦਾ ਹੈ ਤਾਂ ਉਨ੍ਹਾ ਕਿਹਾ—ਰੋਨਾਲਡੋ ਦੀ ਰਹਿਮਦਿਲੀ ਪਸੰਦ ਹੈ, ਪਰ ਫੁੱਟਬਾਲਰ ਮੈਸੀ ਬਿਹਤਰ ਹੈ। ਜੇ ਮੇਰੀ ਫੁੱਟਬਾਲ ਟੀਮ ਹੋਵੇ ਤਾਂ ਮੈਸੀ ਨੂੰ ਪਹਿਲ ਦੇਵਾਂਗਾ। ਵਿਰਾਟ ਕੋਹਲੀ ਤੇ ਰੋਹਿਤ ਸ਼ਰਮਾ ਵਿੱਚੋਂ ਚੋਣ ਕਰਨ ਲਈ ਕਹਿਣ 'ਤੇ ਰਾਹੁਲ ਨੇ ਕਿਹਾ—ਕੋਈ ਵੀ, ਮੈਂ ਕ੍ਰਿਕਟ ਦਾ ਵੱਡਾ ਦੀਵਾਨਾ ਨਹੀਂ, ਇਸ ਕਰਕੇ ਕਿਸੇ ਇਕ ਨੂੰ ਤਰਜੀਹ ਨਹੀਂ ਦੇ ਸਕਦਾ। ਭਾਰਤ ਤੇ ਇੰਡੀਆ ਵਿੱਚੋਂ ਕਿਸ ਨੂੰ ਤਰਜੀਹ ਦੇਵੋਂਗੇ? ਰਾਹੁਲ ਦਾ ਜਵਾਬ ਸੀ—ਇੰਡੀਆ ਦੈਟ ਇਜ਼ ਭਾਰਤ।

ਨੈੱਟਫਲਿਕਸ ਤੇ ਕਸਰਤ ਵਿੱਚੋਂ ਰਾਹੁਲ ਨੇ ਕਸਰਤ ਦੀ ਚੋਣ ਕੀਤੀ। ਚੀਨੀ ਤੇ ਭਾਰਤੀ ਖਾਣਿਆਂ ਬਾਰੇ ਕਿਹਾ ਕਿ ਦੋਨੋਂ ਸਵਾਦ ਲੱਗਦੇ। ਭਾਰਤ ਜੋੜੋ ਯਾਤਰਾ ਦੌਰਾਨ ਵਧਾਈ ਦਾੜ੍ਹੀ ਤੇ ਕਲੀਨ ਸ਼ੇਵ ਵਾਲੀ ਦਿੱਖ ਵਿੱਚੋਂ ਕਿਹੜੀ ਚੰਗੀ ਲਗਦੀ ਹੈ? ਰਾਹੁਲ ਦਾ ਜਵਾਬ ਸੀ—ਇਹ ਕਦੇ ਨਹੀਂ ਸੋਚਿਆ ਕਿ ਦਾੜ੍ਹੀ ਹੈ ਕਿ ਨਹੀਂ ਹੈ।

'ਗਾਡ ਫਾਦਰ' ਤੇ 'ਡਾਰਕ ਨਾਈਟ' ਫਿਲਮਾਂ ਵਿੱਚੋਂ ਕਿਹੜੀ ਪਸੰਦ ਹੈ? ਰਾਹੁਲ ਦਾ ਜਵਾਬ ਸੀ, ਦੋਨੋਂ ਠੀਕ ਹਨ। ਚੋਣ ਕਰਨੀ ਮੁਸ਼ਕਲ ਹੈ, ਕਿਉਂਕਿ ਬਹੁਤ ਡੂੰਘੀਆਂ ਫਿਲਮਾਂ ਹਨ। ਜੇ ਸਿਆਸਤਦਾਨ ਨਾ ਹੁੰਦੇ ਤਾਂ? ਰਾਹੁਲ ਨੇ ਕਿਹਾ—ਜਦੋਂ ਮੈਂ ਭਾਣਜੇ ਤੇ ਉਸ ਦੇ ਦੋਸਤਾਂ ਨਾਲ ਗੱਲ ਕਰਦਾ ਹਾਂ ਤਾਂ ਟੀਚਰ ਹੁੰਦਾ ਹਾਂ। ਕਿਚਨ ਵਿਚ ਬਾਵਰਚੀ। ਸਿਆਸਤਦਾਨ ਤਾਂ ਇਕ ਰੂਪ ਹੈ। ਸਾਡੇ ਸਾਰਿਆਂ ਦੇ ਕਈ ਰੂਪ ਹੁੰਦੇ ਹਨ।

# ਨਿੱਝਰ ਦੇ ਕਤਲ ਬਾਰੇ ਅਮਰੀਕਾ ਨੇ ਕੈਨੇਡਾ ਨੂੰ ਖਬਰਦਾਰ ਕੀਤਾ ਸੀ : ਨਿਊ ਯਾਰਕ ਟਾਈਮਜ਼

**ਨਿਊ ਯਾਰਕ** : ਸਰਕਰਦਾ ਅਮਰੀਕੀ ਅਖਬਾਰ 'ਨਿਊ ਯਾਰਕ ਟਾਈਮਜ਼' ਅਨੁਸਾਰ ਕੈਨੇਡਾ ਨੇ ਜਿਸ ਖੁਫੀਆ ਸੂਚਨਾ ਦੇ ਅਧਾਰ 'ਤੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਉਹ ਉਸ ਨੂੰ ਅਮਰੀਕੀ ਏਜੰਸੀਆਂ ਨੇ ਉਪਲੱਬਧ ਕਰਾਈ ਸੀ। ਅਖਬਾਰ ਨੇ ਪੱਛਮੀ ਸਹਿਯੋਗੀ ਦੇਸ਼ਾਂ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਇਹ ਖਬਰ ਦਿੰਦਿਆਂ ਕਿਹਾ ਕਿ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ 'ਚ ਇੱਕ ਗੁਰਦੁਆਰੇ ਦੇ ਬਾਹਰ ਨਿੱਝਰ ਦੀ ਹੱਤਿਆ ਤੋਂ ਬਾਅਦ ਅਮਰੀਕਾ ਖੁਫੀਆ ਏਜੰਸੀਆਂ ਨੇ ਕੈਨੇਡਾ ਦੀ ਖੁਫੀਆ ਏਜੰਸੀ ਨੂੰ ਉਹ ਸੰਦਰਭ ਮੁਹੱਈਆ ਕਰਾਇਆ ਸੀ, ਜਿਸ ਨਾਲ ਕੈਨੇਡਾ ਨੇ ਇਸ ਮਾਮਲੇ 'ਚ ਭਾਰਤ ਦੀ ਸ਼ਮੂਲੀਅਤ ਦਾ ਸਿੱਟਾ ਕੱਢਿਆ। ਅਖ਼ਬਾਰ ਨੇ ਲਿਖਿਆ ਹੈ ਕਿ ਹੱਤਿਆ ਬਾਰੇ ਸਭ ਤੋਂ ਪੁਖਤਾ ਸਬੂਤ ਖੁਦ ਕੈਨੇਡਾ ਨੇ ਇਕੱਠੇ ਕੀਤੇ। ਇਹ ਰਿਪੋਰਟ ਕੈਨੇਡਾ 'ਚ ਅਮਰੀਕੀ ਰਾਜਦੂਤ ਡੇਵਿਡ ਕੋਹੇਨ ਦੇ ਦਾਅਵਿਆਂ ਨਾਲ ਮੇਲ ਖਾਂਦੀ ਹੈ, ਜਿਨ੍ਹਾ ਕਿਹਾ ਸੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਖਿਲਾਫ ਦੋਸ਼ 'ਫਾਈਵ ਆਈਜ਼' ਸਹਿਯੋਗੀਆਂ ਦੇ ਵਿਚਾਲੇ 'ਸਾਂਝਾ ਖੁਫੀਆ ਜਾਣਕਾਰੀ' ਉੱਤੇ ਅਧਾਰਤ ਸਨ। (ਫਾਈਵ ਆਈਜ਼ ਕੈਨੇਡਾ, ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਨਿਊ ਜ਼ੀਲੈਂਡ ਦਾ ਸੰਯੁਕਤ ਖੁਫੀਆ ਨੈੱਟਵਰਕ ਹੈ। ਇਸ ਦੀ ਸਥਾਪਨਾ 1946 'ਚ ਹੋਈ ਸੀ।)

ਅਧਿਕਾਰੀਆਂ ਨੇ ਦੱਸਿਆ ਕਿ ਅਮਰੀਕਾ ਨੂੰ ਨਿੱਝਰ ਦੀ ਹੱਤਿਆ ਤੋਂ ਪਹਿਲਾਂ ਇਸ ਸਾਜ਼ਿਸ਼ ਜਾਂ ਇਸ 'ਚ ਭਾਰਤ ਦੀ ਭੂਮਿਕਾ ਬਾਰੇ ਜਾਣਕਾਰੀ ਨਹੀਂ ਸੀ। ਜੇ ਪਤਾ ਹੁੰਦਾ ਤਾਂ ਉਨ੍ਹਾਂ ਚੌਕਸ ਕਰਨ ਦੀ ਜ਼ਿੰਮੇਵਾਰੀ ਦੇ ਤਹਿਤ ਓਟਾਵਾ ਨੂੰ ਤੱਤਕਾਲ ਸੂਚਿਤ ਕਰ ਦੇਣਾ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਅਧਿਕਾਰੀਆਂ ਨੇ ਵੀ ਨਿੱਝਰ ਨੂੰ ਚੇਤਾਵਨੀ ਦਿੱਤੀ ਸੀ, ਪਰ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਉਹ ਭਾਰਤ ਸਰਕਾਰ ਦੀ ਸਾਜ਼ਿਸ਼ ਦੇ ਨਿਸ਼ਾਨੇ 'ਤੇ ਹੈ। ਨਿਊ ਯਾਰਕ ਟਾਈਮਜ਼ ਨੇ ਮਾਮਲੇ 'ਚ ਵ੍ਹਾਈਟ ਹਾਊਸ ਦੇ ਬੁਲਾਰੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਅਮਰੀਕੀ ਅਧਿਕਾਰੀ ਦੋਵੇਂ ਸਹਿਯੋਗੀ ਦੇਸ਼ਾਂ ਨਾਲ ਸੰਤੁਲਨ ਬਣਾ ਕੇ ਚੱਲਣਾ ਚਾਹੁੰਦੇ ਹਨ ਅਤੇ ਇਸ ਲਈ ਹੱਤਿਆ 'ਤੇ ਬੋਲਣ ਤੋਂ ਬਚ ਰਹੇ ਹਨ। ਅਮਰੀਕੀ ਵਿਦੇਸ਼ ਮੰਤਰੀ ਐਂਟੋਨੀ ਬਲਿੰਕੇਨ ਨੇ ਭਾਰਤ ਨੂੰ ਨਿੱਝਰ ਦੀ ਹੱਤਿਆ ਦੇ ਮਾਮਲੇ 'ਚ ਕੈਨੇਡਾ ਨਾਲ ਸਹਿਯੋਗ ਕਰਨ ਅਤੇ ਜ਼ਿੰਮੇਵਾਰੀ ਤੈਅ ਕਰਨ ਲਈ ਕਿਹਾ ਹੈ।

# ਕੈਨੇਡਾ 'ਚ ਪੜ੍ਹਾਈ ਲਈ ਹਰ ਸਾਲ 68 ਹਜ਼ਾਰ ਕਰੋੜ ਖਰਚ ਕਰਦੇ ਪੰਜਾਬੀ ਵਿਦਿਆਰਥੀ

**ਚੰਡੀਗੜ੍ਹ** : ਕੈਨੇਡਾ 'ਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਭਾਰਤ ਅਤੇ ਕੈਨੇਡਾ ਵਿਚਾਲੇ ਤਲਖੀ ਵਧਦੀ ਜਾ ਰਹੀ ਹੈ। ਕੈਨੇਡਾ ਨੇ ਨਿੱਝਰ ਦੀ ਹੱਤਿਆ 'ਚ ਭਾਰਤ ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ, ਪਰ ਭਾਰਤ ਨੇ ਕੈਨੇਡਾ ਦੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਇਸ ਘਟਨਾਕ੍ਰਮ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਰਾਜ ਨਾਇਕਾਂ ਨੂੰ ਹਟਾ ਦਿੱਤਾ ਹੈ। ਉਥੇ ਹੀ ਪੰਜਾਬ ਤੋਂ ਹਰ ਸਾਲ ਕਈ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ। ਪੰਜਾਬ ਦੇ ਲੋਕਾਂ ਦਾ ਆਪਣੇ ਬੱਚਿਆਂ ਲਈ ਉਥੇ ਕਰੋੜਾਂ ਰੁਪਏ ਦਾ ਇਨਵੈਸਟਮੈਂਟ ਹੈ। ਦੋਵਾਂ ਦੇਸ਼ਾਂ ਵਿਚਾਲੇ ਵਧਦੀ ਦਰਾੜ ਨੇ ਹੁਣ ਭਾਰਤੀ ਵਿਦਿਆਰਥੀਆਂ ਦੀ ਮੁਸ਼ਕਲ ਵਧਾ ਦਿੱਤੀ ਹੈ। ਇੱਕ ਰਿਪੋਰਟ ਮੁਤਾਬਕ ਹਰ ਸਾਲ ਪੜ੍ਹਾਈ ਲਈ ਪੰਜਾਬ ਤੋਂ 68 ਹਜ਼ਾਰ ਕਰੋੜ ਦਾ ਖਰਚ ਹੁੰਦਾ ਹੈ। ਰਿਪੋਰਟ 'ਚ ਕਿਹਾ ਗਿਆ ਕਿ ਪਿਛਲੇ ਸਾਲ 2022 'ਚ ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ (ਆਈ ਆਰ ਸੀ ਸੀ) ਦੇ ਤਹਿਤ ਕੈਨੇਡਾ ਵੱਲੋਂ ਕੁੱਲ 2,26,450 ਵੀਜ਼ਿਆਂ ਨੂੰ ਮਨਜ਼ੂਰੀ ਮਿਲੀ, ਜਿਸ 'ਚੋਂ ਪੰਜਾਬ ਤੋਂ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 1.36 ਲੱਖ ਸੀ। ਇਹ ਸਾਰੇ ਵਿਦਿਆਰਥੀ ਦੋ ਤੋਂ ਤਿੰਨ ਸਾਲ ਦਾ ਕੋਰਸ ਕਰਨ ਲਈ ਕੈਨੇਡਾ ਗਏ। ਵਿਦਿਆਰਥੀਆਂ ਨੂੰ ਵੀਜ਼ਾ ਉਪਲੱਬਧ ਕਰਾਉਣ ਵਾਲੀ ਏਜੰਸੀ ਤੋਂ ਇਹ ਵੀ ਸਾਹਮਣੇ ਆਇਆ ਕਿ ਫਿਲਹਾਲ ਕੈਨੇਡਾ 'ਚ 3.4 ਲੱਖ ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ।

ਰਿਪੋਰਟ ਮੁਤਾਬਕ ਐਸੋਸੀਏਸ਼ਨ ਆਫ਼ ਕੰਸਲਟੈਂਟ ਫਾਰ ਓਵਰਸੀਜ਼ ਸਟੱਡੀਜ਼ ਦੇ ਪ੍ਰਧਾਨ ਨੇ ਕਿਹਾ ਕਿ ਕੈਨੇਡਾ 'ਚ ਪ੍ਰਵਾਸ ਕਰਨ ਵਾਲੇ ਲਗਭਗ 60 ਫੀਸਦੀ ਭਾਰਤੀ ਪੰਜਾਬੀ ਹਨ, ਜਿਨ੍ਹਾਂ 'ਚੋਂ ਅੰਦਾਜ਼ਨ 1.36 ਲੱਖ ਵਿਦਿਆਰਥੀ ਹਨ। ਪਿਛਲੇ ਸਾਲ ਦੇ ਅੰਕੜਿਆਂ ਮੁਤਾਬਕ ਔਸਤਨ ਹਰੇਕ ਵਿਦਿਆਰਥੀ ਗਰੰਟੀਸ਼ੁਦਾ ਨਿਵੇਸ਼ ਪ੍ਰਮਾਣ ਪੱਤਰ (ਜੀ ਆਈ ਸੀ) ਫੰਡ ਦੇ ਰੂਪ 'ਚ 10,200 ਕੈਨੇਡੀਅਨ ਡਾਲਰ ਜਮ੍ਹਾਂ ਕਰਨ ਤੋਂ ਇਲਾਵਾ ਸਾਲਾਨਾ ਫੀਸ 'ਚ ਲਗਭਗ 17,000 ਕੈਨੇਡੀਅਨ ਡਾਲਰ ਦਾ ਭੁਗਤਾਨ ਕਰਦਾ ਹੈ। ਕੈਨੇਡਾ ਜਾਣ ਵਾਲੇ ਭਾਰਤੀਆਂ 'ਚ ਲਗਭਗ 60 ਫੀਸਦੀ ਪੰਜਾਬ ਦੇ ਹਨ। 2022 'ਚ ਕੈਨੇਡਾ ਨੇ ਜਨਗਣਨਾ ਕਰਵਾਈ ਸੀ, ਜਿਸ ਮੁਤਾਬਿਕ ਉਥੇ ਦੂਜੇ ਦੇਸ਼ਾਂ ਤੋਂ ਜਾ ਕੇ ਵਸਣ ਵਾਲਿਆਂ ਦੀ ਗਿਣਤੀ 'ਚ 18.6 ਫੀਸਦੀ ਭਾਰਤੀ ਹਨ। 'ਟਾਇਮਜ਼ ਮੈਗਜ਼ੀਨ' ਦੀ ਇੱਕ ਰਿਪੋਰਟ ਅਨੁਸਾਰ ਭਾਰਤ ਤੋਂ ਬਾਅਦ ਸਿੱਖਾਂ ਦੀ ਸਭ ਤੋਂ ਵੱਡੀ ਆਬਾਦੀ ਕੈਨੇਡਾ 'ਚ ਹੈ। ਇਹ ਇੱਥੋਂ ਦੀ ਕੁੱਲ ਆਬਾਦੀ ਦਾ 2.1 ਫੀਸਦੀ ਹੈ।

## ਸੰਸਦ ਦੇ ਬਾਅਦ ਹੁਣ ਮੇਰੀ ਬਾਹਰ ਲਿੰਚਿੰਗ : ਦਾਨਿਸ਼ ਅਲੀ

**ਨਵੀਂ ਦਿੱਲੀ** : ਬਸਪਾ ਦੇ ਲੋਕ ਸਭਾ ਮੈਂਬਰ ਕੁੰਵਰ ਦਾਨਿਸ਼ ਅਲੀ, ਜਿਨ੍ਹਾ ਨੂੰ ਭਾਜਪਾ ਸਾਂਸਦ ਰਮੇਸ਼ ਬਿਧੂੜੀ ਨੇ ਲੋਕ ਸਭਾ ਵਿਚ ਗਾਲ੍ਹਾਂ ਕੱਢੀਆਂ, ਨੇ ਐਤਵਾਰ ਇਕ ਹੋਰ ਭਾਜਪਾ ਸਾਂਸਦ ਨਿਸ਼ੀਕਾਂਤ ਦੂਬੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ, ਜਿਸ ਨੇ ਦੋਸ਼ ਲਾਇਆ ਹੈ ਕਿ ਅਲੀ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੀ ਸ਼ਾਨ ਦੇ ਖਿਲਾਫ ਬੋਲੇ ਸਨ। ਦੂਬੇ ਨੇ ਸਪੀਕਰ ਓਮ ਪ੍ਰਕਾਸ਼ ਬਿੜਲਾ ਨੂੰ ਪੱਤਰ ਲਿਖ ਕੇ ਕਿਹਾ ਕਿ ਅਲੀ ਨੇ ਮੋਦੀ ਖਿਲਾਫ ਬੋਲ ਕੇ ਬਿਧੂੜੀ ਨੂੰ ਉਕਸਾਇਆ।

ਅਲੀ ਨੇ ਕਿਹਾ—ਮੈਂ ਤਾਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਵਕਾਰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਦਨ ਵਿਚ ਮੌਜੂਦ ਸਾਰੇ ਭਾਜਪਾ ਸਾਂਸਦ ਹੱਸ ਰਹੇ ਸਨ। ਪਹਿਲਾਂ ਉਨ੍ਹਾਂ ਮੇਰੀ ਸਦਨ ਵਿਚ ਜ਼ਬਾਨੀ ਲਿੰਚਿੰਗ ਕੀਤੀ ਤੇ ਹੁਣ ਬਾਹਰ ਕਰ ਰਹੇ ਹਨ।

ਦੂਬੇ ਨੇ ਕਿਹਾ ਕਿ ਅਲੀ ਪਹਿਲਾਂ ਬਿਨਾਂ ਮਾਈਕਰੋਫੋਨ ਦੇ ਪ੍ਰਧਾਨ ਮੰਤਰੀ ਦੀ ਸ਼ਾਨ ਦੇ ਖਿਲਾਫ ਬੋਲੇ, ਜਿਸ ਤੋਂ ਬਿਧੂੜੀ ਭੜਕੇ।

# ਮੋਦੀ ਨੇ ਉਰਜਿਤ ਪਟੇਲ ਨੂੰ ਖਜ਼ਾਨੇ 'ਤੇ ਕੁੰਡਲੀ ਮਾਰ ਕੇ ਬੈਠਾ ਸੱਪ ਗਰਦਾਨਿਆ ਸੀ : ਸਾਬਕਾ ਵਿੱਤ ਸਕੱਤਰ ਦਾ ਇੰਕਸ਼ਾਫ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਰਿਜ਼ਰਵ ਬੈਂਕ ਦੇ ਵੇਲੇ ਦੇ ਗਵਰਨਰ ਉਰਜਿਤ ਪਟੇਲ ਦੀ ਤੁਲਨਾ ਖਜ਼ਾਨੇ 'ਤੇ ਕੁੰਡਲੀ ਮਾਰ ਕੇ ਬੈਠੇ ਸੱਪ ਨਾਲ ਕੀਤੀ ਸੀ। ਇਹ ਦਾਅਵਾ ਸਾਬਕਾ ਵਿੱਤ ਸਕੱਤਰ ਸੁਭਾਸ਼ ਚੰਦਰ ਗਰਗ ਨੇ ਆਪਣੀ ਪੁਸਤਕ 'ਵੀ ਆਲਸੋ ਮੇਕ ਪਾਲਿਸੀ' ਵਿਚ ਕੀਤਾ ਹੈ।


ਉਰਜਿਤ ਪਟੇਲ

ਕਿਤਾਬ ਦੇ ਇਕ ਵੈੱਬਸਾਈਟ ਵਿਚ ਛਪੇ ਕੁਝ ਹਿੱਸਿਆਂ ਮੁਤਾਬਕ ਗਰਗ ਨੇ ਕਿਹਾ ਕਿ ਮੋਦੀ ਸਰਕਾਰ ਦੀ ਪਟੇਲ ਪ੍ਰਤੀ ਖਿਝ ਫਰਵਰੀ 2018 ਵਿਚ ਵਧ ਗਈ ਸੀ ਤੇ ਇਕ ਮਹੀਨੇ ਬਾਅਦ ਸਥਿਤੀ ਗੰਭੀਰ ਹੋ ਗਈ, ਜਦੋਂ ਪਟੇਲ ਨੇ ਸਰਕਾਰ 'ਤੇ ਨਿੱਜੀ ਬੈਂਕਾਂ ਪ੍ਰਤੀ ਨਰਮੀ ਦਾ ਦੋਸ਼ ਲਾਇਆ। ਗਰਗ ਮੁਤਾਬਕ ਪਟੇਲ ਨੇ ਕੇਂਦਰ ਦੀ ਇਲੈਕਟੋਰਲ ਬਾਂਡ ਸਕੀਮ ਨੂੰ ਇਹ ਜ਼ੋਰ ਪਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਬਾਂਡ ਰਿਜ਼ਰਵ ਬੈਂਕ ਜਾਰੀ ਕਰੇ ਤੇ ਉਹ ਵੀ ਡਿਜੀਟਲ ਸ਼ਕਲ ਵਿਚ। ਉਸੇ ਸਾਲ ਰਿਜ਼ਰਵ ਬੈਂਕ ਨੇ ਫਸਲਾਂ ਦੇ ਘੱਟੋ-ਘੱਟ ਇਮਦਾਦੀ ਭਾਅ ਵਧਾਉਣ ਦੇ ਸਰਕਾਰ ਦੇ ਫੈਸਲੇ ਦੇ ਮੱਦੇਨਜ਼ਰ ਮਹਿੰਗਾਈ ਵਧਣ ਦਾ ਹਵਾਲਾ ਦੇ ਕੇ ਰੈਪੋ ਰੇਟ 6.25 ਫੀਸਦੀ ਤੱਕ ਵਧਾ ਦਿੱਤਾ। ਤਿੰਨ ਮਹੀਨੇ ਬਾਅਦ ਰੈਪੋ ਰੇਟ 25 ਫੀਸਦੀ ਹੋਰ ਵਧਾ ਦਿੱਤਾ। ਇਸ ਨਾਲ ਸਰਕਾਰ ਉੱਤੇ ਲੱਖਾਂ ਕਰੋੜਾਂ ਰੁਪਏ ਬੈਂਕਾਂ ਵਿਚ ਰੱਖਣ ਦਾ ਦਬਾਅ ਵਧ ਗਿਆ। ਗਰਗ ਮੁਤਾਬਕ ਵੇਲੇ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਪਟੇਲ ਦੇ ਕੰਮ ਢੰਗ ਦਾ ਬੁਰਾ ਮਨਾਇਆ। ਇਹ ਧਾਰਨਾ ਬਣ ਗਈ ਸੀ ਕਿ ਪਟੇਲ ਇਤਿਹਾਸ ਵਿਚ ਰਿਜ਼ਰਵ ਬੈਂਕ ਦੇ ਸਭ ਤੋਂ ਆਜ਼ਾਦ ਗਵਰਨਰ ਵਜੋਂ ਨਾਂਅ ਦਰਜ ਕਰਾਉਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ 4 ਸਤੰਬਰ 2018 ਨੂੰ ਮੀਟਿੰਗ ਸੱਦੀ, ਜਿਸ ਵਿਚ ਪਟੇਲ ਨੇ ਲੰਮੀ ਮਿਆਦ ਦੇ ਕੈਪੀਟਲ ਗੇਨ ਟੈਕਸ ਨੂੰ ਖਤਮ ਕਰਨ, ਵਿਨਿਵੇਸ਼ ਦਾ ਟੀਚਾ ਵਧਾਉਣ, ਕੌਮਾਂਤਰੀ ਅਦਾਰਿਆਂ ਕੋਲ ਸਰਕਾਰੀ ਬਾਂਡਾਂ ਵਿਚ ਨਿਵੇਸ਼ ਕਰਨ ਲਈ ਪਹੁੰਚ ਕਰਨ ਤੇ ਕਈ ਕੰਪਨੀਆਂ ਦੇ ਪੈਂਡਿੰਗ ਬਿੱਲ ਅਦਾ ਕਰਨ ਦੇ ਸੁਝਾਅ ਦਿੱਤੇ। ਜੇਤਲੀ ਨੇ ਖਿਝ ਕੇ ਕਿਹਾ ਕਿ ਪਟੇਲ ਦੇ ਸੁਝਾਅ ਇਕ ਕਦਮ ਗੈਰ-ਅਮਲੀ ਤੇ ਬੇਲੋੜੇ ਹਨ।

ਗਰਗ ਮੁਤਾਬਕ ਪਟੇਲ ਨੂੰ ਮੋਦੀ ਨੇ ਹੀ ਬਣਾਇਆ ਸੀ। ਇਸ ਤੋਂ ਬਾਅਦ ਪਟੇਲ ਤੇ ਜੇਤਲੀ ਵਿਚਾਲੇ ਗੱਲਬਾਤ ਬੰਦ ਹੋ ਗਈ। ਸਿਰਫ ਪ੍ਰਧਾਨ ਮੰਤਰੀ ਦਫਤਰ ਵਿਚ ਐਡੀਸ਼ਨਲ ਪ੍ਰਿੰਸੀਪਲ ਸਕੱਤਰ ਪੀ ਕੇ ਮਿਸ਼ਰਾ ਰਾਹੀਂ ਹੀ ਪਟੇਲ ਦੀ ਗੱਲ ਹੁੰਦੀ ਸੀ। ਮੋਦੀ ਆਖਰ ਏਨੇ ਖਿਝ ਗਏ ਕਿ ਉਨ੍ਹਾ ਪਟੇਲ ਨੂੰ ਖਜ਼ਾਨੇ 'ਤੇ ਕੁੰਡਲੀ ਮਾਰਨ ਵਾਲਾ ਸੱਪ ਕਰਾਰ ਦਿੰਦਿਆਂ ਕਿਹਾ ਕਿ ਉਹ ਕਿਸੇ ਕੰਮ ਨਹੀਂ ਆ ਰਹੇ, ਪੈਸੇ ਨੂੰ ਵਰਤਣ ਨਹੀਂ ਦੇ ਰਹੇ।

## 12 ਕਿਲੋ ਹੈਰੋਇਨ ਤੇ 19 ਲੱਖ ਸਣੇ 2 ਗ੍ਰਿਫਤਾਰ



**ਗੁਰਦਾਸਪੁਰ/ਕਲਾਨੌਰ (ਜਨਕ ਮਹਾਜਨ, ਮਨਦੀਪ ਕੁਮਾਰ)**
ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਤੇ ਬੀ ਐੱਸ ਐੱਫ ਨੇ ਥਾਣਾ ਕਲਾਨੌਰ ਅਧੀਨ ਆਉਂਦੇ ਪਿੰਡ ਚੌੜਾ ਤੋਂ 12 ਕਿਲੋ ਹੈਰੋਇਨ ਤੇ 19 ਲੱਖ ਰੁਪਏ ਦੀ ਨਕਦੀ ਸਮੇਤ ਦੋ ਤਸਕਰਾਂ ਨੂੰ ਕਾਬੂ ਕੀਤਾ ਹੈ। ਇਹ ਜਾਣਕਾਰੀ ਐੱਸ ਐੱਸ ਪੀ ਹਰੀਸ਼ ਦਿਯਾਮਾ ਨੇ ਦਿੱਤੀ।

## ਤੇਲ ਡਿਪੂ 'ਚ ਲੱਗੀ ਅੱਗ, 34 ਲੋਕਾਂ ਦੀ ਮੌਤ



**ਬੇਨਿਨ** : ਨਾਇਜੀਰੀਆ ਦੇ ਬਾਰਡਰ ਕੋਲ ਬੇਨਿਨ 'ਚ ਇੱਕ ਤੇਲ ਡਿਪੂ 'ਚ ਅੱਗ ਲੱਗ ਗਈ, ਜਿਸ 'ਚ 34 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਦੱਸਿਆ ਜਾ ਰਿਹਾ ਹੈ ਕਿ ਮਰਨ ਵਾਲਿਆਂ 'ਚ ਦੋ ਬੱਚੇ ਵੀ ਸ਼ਾਮਲ ਹਨ। ਇਸ ਹਾਦਸੇ 'ਚ 20 ਲੋਕਾਂ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ। ਬੇਨਿਨ 'ਚ ਇੱਕ ਪਾਬੰਦੀਸ਼ੁਦਾ ਤੇਲ ਡਿਪੂ 'ਚ ਸ਼ਨੀਵਾਰ ਅੱਗ ਲੱਗ ਗਈ। ਅੱਗ ਲੱਗਣ ਕਾਰਨ ਉਥੇ ਧਮਾਕਾ ਹੋ ਗਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਅੱਗ ਲੱਗਣ ਦੀ ਇਹ ਘਟਨਾ ਦੱਖਣੀ ਬੇਨਿਨ ਸ਼ਹਿਰ 'ਚ ਤਸਕਰੀ ਵਾਲੇ ਤੇਲ ਡਿਪੂ ਦੇ ਗੋਦਾਮ 'ਚ ਲੱਗੀ, ਇੱਥੇ ਕਾਰਾਂ, ਮੋਟਰਸਾਇਕਲ ਅਤੇ ਹੋਰ ਵਾਹਨ ਤੇਲ ਭਰਵਾਉਣ ਲਈ ਪਹੁੰਚੇ ਸਨ। ਇਸ ਦੌਰਾਨ ਇੱਥੇ ਅੱਗ ਲੱਗ ਗਈ। ਇਸ ਘਟਨਾ 'ਚ ਦੋ ਬੱਚਿਆਂ ਸਮੇਤ 34 ਲੋਕਾਂ ਦੀ ਮੌਤ ਹੋ ਗਈ। ਅਫਰੀਕੀ ਦੇਸ਼ ਨਾਇਜੀਰੀਆ ਪ੍ਰਮੁੱਖ ਤੇਲ ਉਤਪਾਦਕ ਹੈ, ਜਿਸ ਦੇ ਚਲਦੇ ਦੇਸ਼ ਦੇ ਅੰਦਰ ਅਤੇ ਇਸ ਦੇ ਬਾਰਡਰ 'ਤੇ ਤੇਲ ਦੀ ਤਸਕਰੀ ਆਮ ਗੱਲ ਹੈ।

# ਸ਼ਫੀਉਲਾ ਨੇ ਕਈ ਨੇਤਾਵਾਂ ਨਾਲ ਛੱਡੀ ਪਾਰਟੀ

**ਬੈਂਗਲੁਰੂ** : 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਜਨਤਾ ਦਲ (ਸੈਕੂਲਰ) ਨੇ ਭਾਰਤੀ ਜਨਤਾ ਪਾਰਟੀ ਦੇ ਨਾਲ ਹੱਥ ਮਿਲਾਇਆ ਹੈ। ਜੇ ਡੀ ਐੱਸ ਦੇ ਭਾਜਪਾ ਨਾਲ ਮਿਲਣ ਦੇ ਕੁਝ ਦਿਨ ਬਾਅਦ ਹੀ ਕਰਨਾਟਕ 'ਚ ਕੁਮਾਰ ਸਵਾਮੀ ਦੀ ਪਾਰਟੀ ਨੂੰ ਤਗੜਾ ਝਟਕਾ ਲੱਗਾ।

ਜੇ ਡੀ ਐੱਸ ਦੇ ਕਰਨਾਟਕ ਦੇ ਉਪ ਪ੍ਰਧਾਨ ਸੱਯਦ ਸ਼ਫ਼ੀਉਲਾ ਨੇ ਪਾਰਟੀ ਤੋਂ ਆਪਣਾ ਨਾਤਾ ਤੋੜਨ ਦਾ ਫੈਸਲਾ ਕੀਤਾ। ਇਸ ਨੂੰ ਲੈ ਕੇ ਸ਼ਫ਼ੀਉਲਾ ਨੇ ਕਰਨਾਟਕ ਜੇ ਡੀ ਐੱਸ ਪ੍ਰਧਾਨ ਨੂੰ ਲਿਖੇ ਆਪਣੇ ਅਸਤੀਫ਼ੇ 'ਚ ਕਿਹਾ ਕਿ ਉਨ੍ਹਾ ਜੇ ਡੀ ਐੱਸ ਅਤੇ ਭਾਜਪਾ ਨਾਲ ਗਠਜੋੜ ਕਾਰਨ ਖੁਦ ਨੂੰ ਪਾਰਟੀ ਤੋਂ ਵੱਖ ਕਰ ਲਿਆ ਹੈ। ਸ਼ਫ਼ੀਉਲਾ ਨੇ ਆਪਣੇ ਅਸਤੀਫ਼ੇ 'ਚ ਲਿਖਿਆ— ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਸਮਾਜ ਅਤੇ ਭਾਈਚਾਰੇ ਦੀ ਸੇਵਾ ਕਰਨ ਲਈ ਸਖ਼ਤ ਮਿਹਨਤ ਕੀਤੀ ਹੈ ਅਤੇ ਪਾਰਟੀ ਦੀ ਸੇਵਾ ਕੀਤੀ ਹੈ, ਕਿਉਂਕਿ ਸਾਡੀ ਪਾਰਟੀ ਧਰਮ ਨਿਰਪੱਖ ਸਾਖ 'ਤੇ ਵਿਸ਼ਵਾਸ ਕਰਦੀ ਹੈ ਅਤੇ ਉਸ 'ਤੇ ਕਾਇਮ ਹੈ। ਸਾਡੇ ਨੇਤਾ ਕੁਮਾਰ ਸਵਾਮੀ ਨੇ ਭਾਜਪਾ ਨਾਲ ਹੱਥ ਮਿਲਿਆ ਹੈ। ਇਸ ਤੋਂ ਪਹਿਲਾਂ ਵੀ ਜਦ ਭਾਜਪਾ ਨਾਲ ਸਾਡੀ ਪਾਰਟੀ ਗਈ ਸੀ, ਉਸ ਸਮੇਂ ਵੀ ਮੈਂ ਪਾਰਟੀ ਤੋਂ ਬਾਹਰ ਰਹਿਣ ਦਾ ਵਿਕਲਪ ਚੁਣਿਆ ਸੀ।

ਉਨ੍ਹਾ ਅੱਗੇ ਲਿਖਿਆ—ਕਿਉਂਕਿ ਪਾਰਟੀ ਦੇ ਸੀਨੀਅਰ ਨੇਤਾਵਾਂ ਨੇ ਹੁਣ ਭਾਜਪਾ ਨਾਲ ਹੱਥ ਮਿਲਾਉਣ ਦਾ ਫੈਸਲਾ ਕਰ ਲਿਆ ਹੈ, ਇਸ ਲਈ ਮੇਰੇ ਕੋਲ ਪਾਰਟੀ ਦੇ ਉਪ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਅਤੇ ਪਾਰਟੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਤੋਂ ਇਲਾਵਾ ਕੋਈ ਵਿਕਲਪ ਨਹੀਂ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾ ਤੋਂ ਇਲਾਵਾ ਜਨਤਾ ਦਲ (ਸੈਕੂਲਰ) ਦੇ ਸ਼ਿਵਮੋਗਾ ਪ੍ਰਧਾਨ, ਐੱਮ ਸ੍ਰੀਕਾਂਤ ਅਤੇ ਯੂ ਟੀ ਆਇਸ਼ਾ ਫਰਜਾਨਾ ਸਮੇਤ ਕਈ ਨੇਤਾਵਾਂ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ।

## ਸਾਡੀ ਅਮਰੀਕਾ-ਬ੍ਰਿਟੇਨ ਨਾਲ ਸਿੱਧੀ ਜੰਗ ਹੋ ਰਹੀ : ਰੂਸ

**ਨਿਊ ਯਾਰਕ** : ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਯੂ ਐੱਨ ਜਨਰਲ ਅਸੰਬਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ—ਅਮਰੀਕਾ, ਬ੍ਰਿਟੇਨ ਅਤੇ ਕਈ ਦੂਜੇ ਇਸ ਸਮੇਂ ਸਿੱਧਾ ਰੂਸ ਖਿਲਾਫ ਜੰਗ 'ਚ ਉਤਰੇ ਹੋਏ ਹਨ। ਅਸੀਂ ਇਸ ਨੂੰ ਹਾਈਬ੍ਰਿਡ ਜੰਗ ਕਹਿ ਸਕਦੇ ਹਾਂ, ਪਰ ਇਹ ਸੱਚ ਨਹੀਂ। ਪੱਛਮੀ ਦੇਸ਼ ਯੂਕਰੇਨ ਨੂੰ ਮੋਹਰੇ ਦੇ ਤੌਰ 'ਤੇ ਇਸਤੇਮਾਲ ਕਰਕੇ ਸਾਡੇ ਨਾਲ ਦੁਸ਼ਮਣੀ 'ਚ ਲੱਗੇ ਹੋਏ ਹਨ। ਲਾਵਰੋਵ ਨੇ ਕਿਹਾ—ਅਮਰੀਕਾ ਅਤੇ ਉਸ ਦੇ ਨਾਲ ਕੰਮ ਕਰਨ ਵਾਲੇ ਦੂਜੇ ਗਰੁੱਪ ਲਗਾਤਾਰ ਜੰਗ ਨੂੰ ਵਧਾ ਰਹੇ ਹਨ। ਉਹ ਪੂਰੀ ਦੁਨੀਆ ਨੂੰ ਉਸ ਦੇ ਲਾਭ ਲਈ ਬਣਾਏ ਗਏ ਨਿਯਮਾਂ ਦੇ ਅਧਾਰ 'ਤੇ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਪੱਛਮੀ ਦੇਸ਼ਾਂ 'ਤੇ ਧੋਖਾ ਦੇਣ ਦਾ ਵੀ ਦੋਸ਼ ਲਾਇਆ।

ਲਾਵਰੋਵ ਨੇ ਪੱਛਮੀ ਦੇਸ਼ਾਂ ਨੂੰ 'ਝੂਠ ਦਾ ਸਾਮਰਾਜ' ਵੀ ਦੱਸਿਆ। ਇਸ ਦੌਰਾਨ ਉਨ੍ਹਾ ਯੂਕਰੇਨ ਦੇ ਪੀਸ ਪਲਾਨ ਨੂੰ ਖਾਰਜ ਕਰ ਦਿੱਤਾ। ਲਾਵਰੋਵ ਨੇ ਕਿਹਾ—ਇਸ ਪ੍ਰਸਤਾਵ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਮੁਮਕਿਨ ਹੀ ਨਹੀਂ, ਇਹ ਮਾਸਕੋ ਦੇ 2 ਸਭ ਤੋਂ ਅਹਿਮ ਪੁਆਇੰਟਾਂ ਖਿਲਾਫ਼ ਹੈ। ਇਸ 'ਚ ਰੂਸ ਨੂੰ ਯੂਕਰੇਨੀ ਖੇਤਰ ਸੌਂਪਣ ਦਾ ਕੋਈ ਜ਼ਿਕਰ ਨਹੀਂ ਅਤੇ ਨਾ ਹੀ ਯੂਕਰੇਨ ਦੇ ਨਾਟੋ 'ਚ ਨਾ ਸ਼ਾਮਲ ਹੋਣ ਦੀ ਗੱਲ ਕਹੀ ਗਈ ਹੈ।

## ਮੁੱਖ ਸਕੱਤਰ ਬਣ ਕੇ ਕਰੋੜਾਂ ਦੀ ਠੱਗੀ ਮਾਰਨ ਵਾਲਾ ਗ੍ਰਿਫ਼ਤਾਰ

**ਚੰਡੀਗੜ੍ਹ** : ਹਰਿਆਣਾ ਸਰਕਾਰ ਦਾ ਮੁੱਖ ਸਕੱਤਰ ਬਣ ਕੇ ਲੋਕਾਂ ਨਾਲ ਕਰੋੜਾਂ ਦੀ ਠੱਗੀ ਮਾਰਨ ਵਾਲੇ ਨਕਲੀ ਅਫਸਰ ਨੂੰ ਖਰੜ ਸੀ ਆਈ ਏ ਸਟਾਫ ਵੱਲੋਂ ਗ੍ਰਿਫਤਾਰ ਕੀਤਾ ਹੈ। ਸੀ ਆਈ ਏ ਦੇ ਏ ਐੱਸ ਆਈ ਗੁਰਪ੍ਰਤਾਪ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਸਰਬਜੀਤ ਸਿੰਘ ਸੰਧੂ ਮੋਹਾਲੀ ਦੇ ਸੈਕਟਰ-82 ਦੇ ਵਾਸੀ ਵਜੋਂ ਹੋਈ । ਏ ਐਸ ਆਈ ਨੇ ਦੱਸਿਆ ਕਿ ਮੁਲਜ਼ਮ ਨੂੰ ਖਰੜ ਸ਼ਿਵਜੋਤ ਇਨਕਲੇਵ ਕੋਲੋਂ ਕਾਬੂ ਕੀਤਾ ਜਿੱਥੇ ਇਹ ਨਕਲੀ ਅਫਸਰ ਬਣ ਲੋਕਾਂ ਨਾਲ ਠੱਗੀਆਂ ਮਾਰਦਾ ਸੀ, ਉੱਥੇ ਹੀ ਇਹ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ ਨਕਲੀ ਵੀਜ਼ੇ ਲਗਾ ਕੇ ਕਰੋੜਾਂ ਦੀ ਜਾਇਦਾਦ ਬਣਾ ਚੁੱਕਿਆ ਹੈ। ਉਨ੍ਹਾ ਦੱਸਿਆ ਕਿ ਆਪਣੀ ਫਾਰਚੂਨਰ ਗੱਡੀ ਉਪਰ ਲਾਲ ਬੱਤੀ ਲਗਾ ਕੇ ਘੁੰਮਦਾ ਸੀ ਅਤੇ ਆਪਣੇ ਨਾਲ ਦੋ ਗੱਡੀਆਂ 'ਚ ਰਿਟਾਇਰ ਫੌਜੀਆਂ ਨੂੰ ਸਕਿਉਰਿਟੀ ਗਾਰਡ ਵਜੋਂ

● ਬਾਕੀ ਸਫ਼ਾ 2 'ਤੇ

## ਸਰਕਾਰੀ ਬੱਸ ਨੇ ਪੈਦਲ ਯਾਤਰੀਆਂ ਨੂੰ ਕੁਚਲਿਆ, 5 ਦੀ ਮੌਤ

**ਜੈਪੁਰ** : ਰਾਜਸਥਾਨ ਦੇ ਦੌਸਾ ਜ਼ਿਲ੍ਹੇ ਦੀ ਹਿੰਡੌਨ ਰੋਡ 'ਤੇ ਇੱਕ ਬੱਸ ਨੇ ਆਟੋ ਰਿਕਸ਼ਾ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ 5 ਲੋਕਾਂ ਦੀ ਮੌਤ ਹੋ ਗਈ, ਜਦਕਿ ਛੇ ਲੋਕ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਮਹੂਆ ਦੇ ਸਰਕਾਰੀ ਹਸਪਤਾਲ 'ਚ ਭਰਤੀ ਕਰਾਇਆ ਗਿਆ। ਇਨ੍ਹਾਂ 'ਚੋਂ ਮਹਿਲਾ ਅਤੇ ਪੁਰਸ਼ ਦੋਵੇਂ ਹੀ ਸ਼ਾਮਲ ਹਨ। ਹਾਦਸਾ ਓਵਰਟੇਕ ਕਰਨ ਦੀ ਕੋਸ਼ਿਸ਼ 'ਚ ਹੋਣਾ ਦੱਸਿਆ ਜਾ ਰਿਹਾ ਹੈ। ਮਹੂਆ ਥਾਣਾ ਅਧਿਕਾਰੀ ਜਤਿੰਦਰ ਨੇ ਦੱਸਿਆ ਕਿ ਬੱਸ ਮਹੂਆ ਤੋਂ ਹਿੰਡੌਨ ਜਾ ਰਹੀ ਸੀ। ਉਥੇ ਹੀ ਟੈਂਪੂ ਸਾਈਡ ਤੋਂ ਨਿਕਲ ਰਿਹਾ ਸੀ। ਟੈਂਪੂ ਤੋਂ ਅੱਗੇ ਨਿਕਲਣ ਦੇ ਚੱਕਰ ਨੇ ਬੱਸ ਨੇ ਟੱਕਰ ਮਾਰ ਦਿੱਤੀ। ਬੱਸ ਦੇ ਥੱਲੇ ਆਉਣ ਕਾਰਨ 5 ਯਾਤਰੀਆਂ ਦੀ ਮੌਤ ਹੋ ਗਈ, ਜਦਕਿ ਟੈਂਪੂ 'ਚ ਸਵਾਰ 6 ਯਾਤਰੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ 'ਚ ਇੱਕ ਦੀ ਹਾਲਾਤ ਗੰਭੀਰ ਹੋਣ ਕਾਰਨ ਉਸ ਨੂੰ ਜੈਪੁਰ ਰੈਫਰ ਕਰ ਦਿੱਤਾ ਗਿਆ। ਟੈਂਪੂ 'ਚ ਸਵਾਰ ਲੋਕ ਇੱਕ ਹੀ ਪਰਵਾਰ ਦੇ ਸਨ, ਉਹ ਕੈਲਾ ਦੇਵੀ ਦੇ ਦਰਸ਼ਨ ਕਰਕੇ ਵਾਪਸ ਆ ਰਹੇ ਸਨ।



## ਏਸ਼ੀਅਨ ਖੇਡਾਂ : ਭਾਰਤ ਨੇ ਸ਼ੁਰੂਆਤ 'ਚ ਹੀ ਮਾਰਿਆ ਤਮਗਿਆਂ ਦਾ ਪੰਜਾ



**ਹਾਂਗਜ਼ੂ** : ਚੀਨ ਦੇ ਹਾਂਗਜ਼ੂ 'ਚ ਜਾਰੀ 19ਵੀਆਂ ਏਸ਼ੀਅਨ ਖੇਡਾਂ ਦਾ 24 ਸਤੰਬਰ ਨੂੰ ਪਹਿਲਾ ਦਿਨ ਹੈ ਅਤੇ ਭਾਰਤ ਨੇ 5 ਤਮਗੇ ਜਿੱਤ ਲਏ। ਭਾਰਤ ਨੇ 2 ਚਾਂਦੀ ਅਤੇ 3 ਕਾਂਸੀ ਸਮਤੇ ਕੁੱਲ 5 ਤਮਗੇ ਜਿੱਤ ਲਏ। ਭਾਰਤ ਨੇ ਸ਼ੂਟਿੰਗ ਅਤੇ ਰੋਇੰਗ (ਕਿਸ਼ਤੀ) 'ਚ ਇੱਕ-ਇੱਕ ਚਾਂਦੀ ਤੇ ਰੋਇੰਗ 'ਚ ਹੀ ਕਾਂਸੀ ਅਤੇ ਸ਼ੂਟਿੰਗ 'ਚ 1 ਚਾਂਦੀ ਦਾ ਤਮਗਾ ਜਿੱਤਿਆ। ਪਹਿਲਾ ਤਮਗਾ ਮਹਿਲਾ 10 ਮੀਟਰ ਏਅਰ ਰਾਇਫ਼ਲ ਟੀਮ ਮੁਕਾਬਲੇ 'ਚ ਚਾਂਦੀ ਦੇ ਤਮਗੇ ਦੇ ਰੂਪ 'ਚ ਆਇਆ, ਇਹ ਤਮਗਾ ਮੇਹੁਲੀ ਘੋਸ਼, ਆਸ਼ੀ ਚੌਕੀ ਅਤੇ ਰਮਿਤਾ ਨੇ 1886 ਦੇ ਸਕੋਰ ਨਾਲ ਜਿੱਤਿਆ, ਜਦਕਿ ਇਸ ਮੁਕਾਬਲੇ ਦਾ ਸੋਨੇ ਦਾ ਤਮਗਾ ਚੀਨ ਨੇ ਆਪਣੇ ਨਾਂਅ ਕੀਤਾ। ਭਾਰਤ ਲਈ ਦੂਜੀ ਚਾਂਦੀ ਰੋਇੰਗ 'ਚ ਆਈ। ਮਰਦਾਂ ਦੇ ਲਾਈਟ ਵੇਟ ਡਬਲ ਸਕੱਲਸ 'ਚ 6.28.18 ਦਾ ਸਮਾਂ ਕੱਢਦੇ ਹੋਏ ਰੋਵਰਸ ਅਰੁਣ ਲਾਲ ਅਤੇ ਅਰਵਿੰਦਰ ਸਿੰਘ ਨੇ ਇਹ ਕਮਾਲ ਕੀਤਾ। ਉਥੇ ਹੀ ਬਾਬੂ ਲਾਲ ਅਤੇ ਲੇਖਾ ਰਾਮ ਨੇ ਰੋਇੰਗ 'ਚ ਕਾਂਸਾ ਜਿੱਤਦੇ ਹੋਏ ਤੀਜਾ ਤਮਗਾ ਦਿਵਾਇਆ। ਬਾਬੂ ਲੇਖਾ ਨੇ ਮਰਦਾਂ ਦੇ ਏਅਰ ਰਾਇਫ਼ਲ 'ਚ 6.50.41 ਦੇ ਸਮੇਂ ਨਾਲ ਕਮਾਲ ਕੀਤਾ। ਚੌਥਾ ਤਮਗਾ ਰੋਇੰਗ 'ਚ ਚਾਂਦੀ ਦੇ ਰੂਪ 'ਚ ਆਇਆ। ਮਰਦਾਂ ਦੇ ਮੁਕਾਬਲੇ 'ਚ ਭਾਰਤੀ ਰੋਵਰਸ ਨੇ 5.43.01 ਦੇ ਸਮੇਂ ਨਾਲ ਚਾਂਦੀ ਦਾ ਤਮਗਾ ਜਿੱਤਿਆ। ਭਾਰਤ ਲਈ 5ਵਾਂ ਤਮਗਾ ਸ਼ੂਟਿੰਗ 'ਚ ਆਇਆ। 10 ਮੀਟਰ ਏਅਰ ਰਾਇਫ਼ਲ ਮੁਕਾਬਲੇ 'ਚ ਰਮਿਤਾ ਜਿੰਦਲ ਨੇ ਕਾਂਸੀ ਹਾਸਲ ਕੀਤੀ।

ਇਸ ਦੇ ਨਾਲ ਹੀ ਮਰਦਾਂ ਦੀ ਹਾਕੀ ਟੀਮ ਨੂੰ ਟੂਰਨਾਮੈਂਟ ਦੇ ਆਪਣੇ ਪਹਿਲੇ ਮੈਚ 'ਚ ਵੱਡੀ ਜਿੱਤ ਮਿਲੀ। ਭਾਰਤ ਨੇ ਉਜ਼ਬੇਕਿਸਤਾਨ ਦੀ ਟੀਮ ਨੂੰ 16-0 ਨਾਲ ਹਰਾਇਆ। ਇਸ ਮੈਚ 'ਚ ਭਾਰਤ ਲਈ ਤਿੰਨ ਖਿਡਾਰੀਆਂ ਨੇ ਹੈਟ੍ਰਿਕ ਲਾਈ।

ਬਾਕਸਿੰਗ 'ਚ ਪਹਿਲੀ ਜਿੱਤ ਹਾਸਲ ਕਰਦੇ ਹੋਏ ਭਾਰਤ ਦੀ 19 ਸਾਲਾ ਪ੍ਰੀਤੀ ਨੇ ਜਾਰਡਨ ਦੀ ਸਿਲਿਨਾ ਨੂੰ ਹਰਾਇਆ। ਸਿਲਿਨਾ ਨੂੰ ਦੋ ਸਟੈਂਡਿੰਗ ਕਾਊਂਟ ਮਿਲੇ, ਜਿਸ ਤੋਂ ਬਾਅਦ ਪ੍ਰੀਤੀ ਨੂੰ ਆਰ ਐੱਸ ਸੀ ਨਾਲ ਵਿਜੇਤਾ ਐਲਾਨਿਆ ਗਿਆ।

ਭਾਰਤੀ ਮਰਦਾਂ ਦੀ ਟੇਬਲ ਟੈਨਿਸ ਟੀਮ ਕੁਆਰਟਰ ਫਾਇਨਲ 'ਚ ਪਹੁੰਚ ਗਈ। ਕਜ਼ਾਕਿਸਤਾਨ ਖਿਲਾਫ਼ ਆਖਰੀ ਮੁਕਾਬਲੇ 'ਚ ਸ਼ਰਦ ਕਮਲ ਇੱਕ ਸਮੇਂ 0-2 ਨਾਲ ਪਿੱਛੇ ਸੀ, ਪਰ ਵਾਪਸੀ ਕਰਦੇ ਹੋਏ ਉਸ ਨੇ ਮੁਕਾਬਲਾ ਜਿੱਤ ਲਿਆ। ਇਸ ਜਿੱਤ ਨੇ ਭਾਰਤ ਨੂੰ ਕੁਆਰਟਰ ਫਾਇਨਲ ਦਾ ਟਿਕਟ ਦਿਵਾ ਦਿੱਤਾ। ਇਸੇ ਤਰ੍ਹਾਂ ਭਾਰਤੀ ਮੁੱਕੇਬਾਜ਼ ਪ੍ਰੀਤੀ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਨਾਂਅ ਸਤਿਕਾਰ, ਵਿਹਾਰ ਸੀ ਉਲਟ ਸਾਰਾ,
ਲਹਿਣੇ-ਦੇਣੇ ਦੀ ਘੜੀ ਫਿਰ ਆਈ ਬੇਲੀ।
ਹਰ ਇੱਕ ਵੇਰਵਾ ਮੀਡੀਏ ਛਾਪ ਧਰਿਆ,
ਜਾਇਦਾਦ ਕਿੰਨੀ ਹੈ ਕੁੱਲ ਬਣਾਈ ਬੇਲੀ।
ਕਿੰਨੀਆਂ ਕੋਠੀਆਂ, ਕਿੰਨੀ ਜ਼ਮੀਨ ਕਿੱਧਰ,
ਇਹ ਵੀ ਜਾਵੇ ਨਾ ਗਿਣੀ-ਗਿਣਾਈ ਬੇਲੀ।
ਬਾਹਲੇ ਨੇੜੂ ਵੀ ਖਬਰ ਨਹੀਂ ਲੈਣ ਬਹੁੜੇ,
ਕੋਠੀਆਂ ਵਿੱਚ ਪਈ ਚੁੱਪ ਹੈ ਛਾਈ ਬੇਲੀ।
ਰੌਣਕ ਬਹੁਤ ਸੀ ਚੜ੍ਹਤ ਦੇ ਸਮੇਂ ਰਹਿੰਦੀ,
ਮੁਸ਼ਕਲ ਘੜੀ ਆਈ, ਪਰਖ ਹੋਈ ਬੇਲੀ।
ਤਪਦੀ ਧੁੱਪੇ ਪ੍ਰਛਾਵਾਂ ਨਹੀਂ ਨਾਲ ਰਹਿੰਦਾ,
ਪਹੁੰਚਿਆ ਸਾਰ ਵੀ ਲੈਣ ਨਾ ਕੋਈ ਬੇਲੀ।

-ਤੀਸ ਮਾਰ ਖਾਂ

# ਡਾ. ਪਰਮਿੰਦਰ ਤੇ ਡਾ. ਸੁਖਦੇਵ ਸਿਰਸਾ ਨੇ ਸਿਖਿਆਰਥੀਆਂ ਨਾਲ ਪਾਈ ਵਿਚਾਰਾਂ ਦੀ ਸਾਂਝ

**ਜਲੰਧਰ (ਕੇਸਰ)**
ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲਗਾਏ ਗਏ ਸਿੱਖਿਆਰਥੀ ਚੇਤਨਾ ਕੈਂਪ ਦੇ ਦੂਜੇ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ ਅਤੇ ਡਾ. ਸੁਖਦੇਵ ਸਿਰਸਾ ਨੇ ਪੰਜਾਬ ਭਰ ਤੋਂ ਆਏ ਪ੍ਰੋ. ਬਰਕਤ ਉੱਲਾ ਹਾਲ 'ਚ ਜੁੜੇ ਸਿਖਿਆਰਥੀਆਂ ਨੂੰ ਸੰਬੋਧਨ ਕੀਤਾ। ਪਹਿਲੇ ਸੈਸ਼ਨ 'ਚ ਡਾ. ਪਰਮਿੰਦਰ ਨੇ 'ਫ਼ਿਰਕੂ ਫਾਸ਼ੀ ਹੱਲੇ ਅਤੇ ਅਜੋਕੀ ਹਾਲਤ' ਵਿਸ਼ੇ 'ਤੇ ਬੋਲਦਿਆਂ ਫ਼ਿਰਕੂ ਫਾਸ਼ੀ ਵਰਤਾਰੇ ਦੀ ਜਨਮ-ਭੋਇੰ ਆਰਥਕ, ਰਾਜਨੀਤਕ, ਸਮਾਜਕ ਤਾਣੇ-ਬਾਣੇ ਦੀਆਂ ਮਹੀਨ ਪਰਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾ ਦੱਸਿਆ ਕਿ ਦੁਨੀਆ ਭਰ ਦੇ ਕੁਦਰਤੀ ਅਨਮੋਲ ਖਜ਼ਾਨਿਆਂ ਉਪਰ ਜੱਫਾ ਮਾਰਨ ਲਈ ਸਰਮਾਏਦਾਰੀ ਦੇ ਫੈਲਦੇ ਪੰਜਿਆਂ ਦੀ ਇਹ ਲੋੜ ਬਣੀ ਕਿ ਉਹ ਵੰਡ-ਪਾਊ, ਕੁੜੱਤਣ ਅਤੇ ਕਤਲੋਗਾਰਦ ਭਰਿਆ ਮਾਹੌਲ ਸਿਰਜ ਕੇ ਆਪਣੇ ਰਾਹ ਮੋਕਲੇ ਕਰ ਸਕਣ। ਉਹਨਾ ਇਤਿਹਾਸ ਦੇ ਝਰੋਖੇ 'ਚੋਂ ਠੋਸ ਹਵਾਲੇ ਦਿੰਦਿਆਂ ਦੱਸਿਆ ਕਿ ਸਾਡੇ ਮੁਲਕ ਅੰਦਰ 1947 ਦੇ ਦੌਰ ਤੋਂ ਹੀ ਹਾਕਮ ਧੜਿਆਂ ਦੇ ਥਾਪੜੇ ਦੀ ਪਾਲ਼ੀ-ਪਲ਼ੋਸੀ ਫ਼ਿਰਕੂ ਦਹਿਸ਼ਤਗਰਦੀ ਦਾ ਹਥਿਆਰ ਲੋਕਾਂ ਉਪਰ ਬੇਕਿਰਕੀ ਨਾਲ ਵਰਤਿਆ ਗਿਆ। ਉਹਨਾ ਕਿਹਾ ਕਿ ਪਹਿਲੇ ਰਾਜ ਕਰਤਾ ਨੇਤਾਵਾਂ ਵੱਲੋਂ ਵੀ ਫ਼ਿਰਕੂ ਪੱਤਾ ਖ਼ੂਬ ਵਰਤਿਆ ਗਿਆ ਅਤੇ ਹੁਣ ਮੋਦੀ ਹਕੂਮਤ ਸਮੇਂ ਇਹ ਸਾਰੀਆਂ ਹੱਦਾਂ ਪਾਰ ਕਰ ਗਿਆ। ਹੁਣ ਹਿਟਲਰ, ਮੁਸੋਲਿਨੀ ਦੇ ਕਾਲ਼ੇ ਦੌਰ ਵਾਲੇ ਤਜਰਬੇ ਭਾਰਤ ਅੰਦਰ ਲਾਗੂ ਕਰਨ ਲਈ ਘੁਮੰਤੂ ਕਿਸਮ ਦੇ ਗੈਰ-ਸਮਾਜੀ ਤੱਤਾਂ ਹੱਥ ਹਥਿਆਰ ਅਤੇ ਮਨਾਂ ਅੰਦਰ ਜ਼ਹਿਰ ਭਰ ਕੇ ਦਹਿਸ਼ਤਗਰਦੀ ਅਤੇ ਮਾਰ-ਧਾੜ ਦਾ ਬਾਜ਼ਾਰ ਗਰਮ ਕੀਤਾ ਜਾ ਰਿਹਾ ਹੈ। ਡਾ. ਪਰਮਿੰਦਰ ਨੇ ਕਿਹਾ ਕਿ ਫ਼ਿਰਕੂ ਫਾਸ਼ੀ ਹੱਲੇ ਨੂੰ ਪਛਾੜਨ ਲਈ ਲੋਕਾਂ ਦੇ ਹਕੀਕੀ ਮੁੱਦਿਆਂ ਉਪਰ ਲਾਮਬੰਦੀ ਕਰਨ ਲਈ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਿਆਂ ਲੁੱਟ, ਫ਼ਿਰਕਾਪ੍ਰਸਤੀ, ਜਾਤ-ਪ੍ਰਸਤੀ ਦੇ ਆਧਾਰ 'ਤੇ ਕਾਬਜ਼ ਅਜੋਕੇ ਰਾਜ ਪ੍ਰਬੰਧ ਨੂੰ ਮੂਲੋਂ ਬਦਲ ਕੇ ਗ਼ਦਰੀ ਦੇਸ਼ ਭਗਤਾਂ ਦੀ ਆਜ਼ਾਦੀ, ਬਰਾਬਰੀ, ਧਰਮ ਨਿਰਪੱਖਤਾ ਅਤੇ ਸਾਂਝੀਵਾਲਤਾ 'ਤੇ ਅਧਾਰਤ ਨਿਜ਼ਾਮ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣ ਦੀ ਲੋੜ ਹੈ।



ਦੂਜੇ ਸੈਸ਼ਨ 'ਚ 'ਫਾਸ਼ੀ ਹੱਲੇ ਦਾ ਸਾਹਿਤ/ਸੱਭਿਆਚਾਰ 'ਤੇ ਪ੍ਰਭਾਵ' ਵਿਸ਼ੇ 'ਤੇ ਬੋਲਦਿਆਂ ਡਾ. ਸੁਖਦੇਵ ਸਿਰਸਾ ਨੇ ਕਿਹਾ ਕਿ ਵਿਸ਼ਵੀਕਰਨ ਦੇ ਨਾਂਅ ਹੇਠ ਕਾਰਪੋਰੇਟ ਘਰਾਣਿਆਂ ਨੇ ਵਿਸ਼ਾਲ ਲੋਕਾਈ ਦਾ ਜਹਾਨ ਲੁੱਟ ਲਿਆ ਹੈ। ਉਹਨਾ ਨਾਮਵਰ ਕਵੀਆਂ, ਸਾਹਿਤਕਾਰਾਂ ਦੀ ਕਲਮ ਦੁਆਰਾ ਰਚੇ ਹਵਾਲੇ ਦਿੰਦਿਆਂ ਦਰਸਾਇਆ ਕਿ ਜਿਹੜੀ ਹਾਕਮ ਧਿਰ ਆਰਥਕਤਾ ਉਪਰ ਕਾਬਜ਼ ਹੋਏ, ਉਹ ਆਪਣੇ ਸਿੰਘਾਸਨ ਨੂੰ ਸਲਾਮਤ ਰੱਖਣ ਲਈ ਆਪਣੇ ਹਿੱਤਾਂ ਦੇ ਰਾਸ ਆਉਂਦਾ ਸੱਭਿਆਚਾਰ ਪਰੋਸਦੀ ਹੈ। ਉਹਨਾ ਕਿਹਾ ਕਿ ਕਿਸਾਨ ਸੰਘਰਸ਼ ਨੇ ਪੰਜਾਬੀ ਗਾਇਕੀ ਦਾ ਮੁਹਾਂਦਰਾ ਲੋਕ-ਮੁਖੀ ਕਰਨ ਵੱਲ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾ ਕਿਹਾ ਕਿ ਫ਼ਿਰਕੂ ਫਾਸ਼ੀ ਅਤੇ ਵਿਸ਼ਵੀਕਰਨ ਦੇ ਨਾਂਅ 'ਤੇ ਜੋ ਵੀ ਹੱਲੇ ਹੋ ਰਹੇ ਨੇ, ਇਹ ਵੀ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਭਵਿੱਖ ਨਾਬਰੀ, ਪ੍ਰਤੀਰੋਧ ਅਤੇ ਲੋਕ ਸੰਘਰਸ਼ਾਂ ਦੇ ਹਾਣ ਦੇ ਸਾਹਿਤ ਦਾ ਹੈ। ਜਬਰ ਦੇ ਦੌਰ ਅੰਦਰ ਭਵਿੱਖ 'ਚ ਰੋਸ ਅਤੇ ਬਦਲਵੇਂ ਲੋਕ-ਪੱਖੀ ਰਾਹਾਂ ਦਾ ਸਾਹਿਤ ਅਤੇ ਸੱਭਿਆਚਾਰ ਪ੍ਰਫੁੱਲਤ ਹੋਵੇਗਾ। ਸਮੂਹ ਸਿਖਿਆਰਥੀਆਂ ਨੂੰ ਕਿਤਾਬਾਂ ਅਤੇ ਪ੍ਰਮਾਣ ਪੱਤਰ ਨਾਲ ਸਨਮਾਨਤ ਕਰਨ ਉਪਰੰਤ ਆਪੋ ਆਪਣੇ ਖੇਤਰਾਂ ਨੂੰ ਇਨਕਲਾਬੀ ਸ਼ੁੱਭ ਇਛਾਵਾਂ ਨਾਲ ਵਿਦਾ ਕੀਤਾ ਗਿਆ।

ਕਮੇਟੀ ਦੇ ਵਿੱਤ ਸਕੱਤਰ ਸ਼ੀਤਲ ਸਿੰਘ ਸੰਘਾ ਨੇ ਕੈਂਪ 'ਚ ਜੁੜੇ ਸਿਖਿਆਰਥੀਆਂ ਨੂੰ ਗ਼ਦਰ ਇਤਿਹਾਸ ਅਤੇ ਪੁਸਤਕ ਸੱਭਿਆਚਾਰ ਨਾਲ ਜੁੜਨ ਦਾ ਸੱਦਾ ਦਿੱਤਾ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਦੋ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦੇ ਸਭਨਾਂ ਬੁਲਾਰਿਆਂ ਅਤੇ ਸਿਖਿਆਰਥੀਆਂ ਦਾ ਕਮੇਟੀ ਵੱਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਯਤਨ ਤੁਹਾਡੇ ਸਹਿਯੋਗ ਸਦਕਾ ਹੀ ਭਵਿੱਖ ਵਿੱਚ ਵੀ ਜਾਰੀ ਰੱਖੇ ਜਾਣਗੇ। ਉਨ੍ਹਾ 30, 31 ਅਕਤੂਬਰ ਅਤੇ 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੱਗ ਰਹੇ 32ਵੇਂ ਮੇਲੇ 'ਚ ਹਰ ਪੱਖੋਂ ਸਹਿਯੋਗ ਕਰਨ ਅਤੇ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਸਿਖਿਆਰਥੀ ਚੇਤਨਾ ਕੈਂਪ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੀਨੀਅਰ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਵਿਜੈ ਬੰਬੇਲੀ, ਰਣਜੀਤ ਸਿੰਘ ਔਲਖ, ਡਾ. ਸੈਲੇਸ਼, ਹਰਮੇਸ਼ ਮਾਲੜੀ ਵੀ ਹਾਜ਼ਰ ਸਨ। ਸਿਖਿਆਰਥੀ ਚੇਤਨਾ ਕੈਂਪ ਦਾ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

25-SEP-PAGE-1.qxd 9/24/2023 8:45 PM Page 2



## ਜੇ ਐਮ ਐੱਸ ਇਮੀਗ੍ਰੇਸ਼ਨ ਨੇ ਨੰਬਰ ਘੱਟ ਹੋਣ ਦੇ ਬਾਵਜੂਦ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ-ਪ੍ਰਮੰਨੀ ਸੰਸਥਾ ਜੇ. ਐਮ ਐੱਸ ਇਮੀਗ੍ਰੇਸ਼ਨ ਜੋ ਕਿ ਆਏ ਦਿਨ ਹੀ ਹਜ਼ਾਰਾਂ ਲੋਕਾਂ ਦੇ ਵੀਜ਼ੇ ਲਗਵਾ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਚੁੱਕੀ ਹੈ, ਉਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਨੇ ਵਿਦਿਆਰਥੀ ਅਮਨਪ੍ਰੀਤ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਫਤਿਹਗੜ੍ਹ ਕੋਰੋਟਾਨਾ ਜ਼ਿਲ੍ਹਾ ਮੋਗਾ ਦਾ 12ਵੀਂ ਜਮਾਤ ਵਿੱਚੋਂ ਨੰਬਰ ਘੱਟ ਹੋਣ ਦੇ ਬਾਵਜੂਦ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜੇ ਕਿਸੇ ਵਿਦਿਆਰਥੀ ਦੇ ਬਾਰ੍ਹਵੀਂ ਵਿਚੋਂ ਨੰਬਰ ਘੱਟ ਹਨ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਸੰਸਥਾ ਵੱਲੋਂ ਉਨ੍ਹਾਂ ਬੱਚਿਆਂ ਦਾ ਬਾਹਰ ਜਾ ਕੇ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕੀਤਾ ਜਾਂਦਾ ਹੈ। ਸੰਸਥਾ ਵੱਲੋਂ ਪੜ੍ਹਾਈ ਵਿੱਚ ਗੈਪ ਵਾਲੇ ਵਿਦਿਆਰਥੀ ਵੀ ਵੀਜ਼ਾ ਪ੍ਰਾਪਤ ਕਰ ਚੁੱਕੇ ਹਨ। ਸੰਸਥਾ ਵੱਲੋਂ ਸਟੱਡੀ ਵੀਜ਼ਾ, ਸਪਾਊਸ ਵੀਜ਼ਾ ਅਤੇ ਵਿਜੀਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਾਏ ਜਾਂਦੇ ਹਨ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵਿਦਿਆਰਥੀ ਨੂੰ ਵੀਜ਼ੇ ਦੀ ਕਾਪੀ ਸੌਂਪਦੇ ਹੋਏ ਵਧਾਈ ਦਿੱਤੀ ਅਤੇ ਉਸ ਦੇ ਉੱਜਲ ਭੱਵਿਖ ਦੀ ਕਾਮਨਾ ਕੀਤੀ।

## ਝਾੜ ਸਾਹਿਬ ਕਾਲਜ 'ਚ ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ ਮਨਾਇਆ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਵਿਖੇ ਸੇਵਾ ਅਤੇ ਨਿਮਰਤਾ ਦੀ ਮੂਰਤ ਭਾਈ ਘਨੱਈਆ ਜੀ ਦੀ ਯਾਦ ਨੂੰ ਸਮਰਪਿਤ ਕਾਲਜ ਦੇ ਪ੍ਰਿੰਸੀਪਲ, ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਵੱਲੋਂ ਮਾਨਵ ਸੇਵਾ ਦਿਵਸ ਸ਼ਰਧਾ ਸਹਿਤ ਮਨਾਇਆ ਗਿਆ। ਇਸ ਮੌਕੇ ਧਾਰਮਿਕ ਅਧਿਆਪਕ ਬੀਬੀ ਬਲਜਿੰਦਰ ਕੌਰ ਵੱਲੋਂ ਭਾਈ ਘਨੱਈਆ ਜੀ ਦੇ ਜੀਵਨ ਤੇ ਸੇਵਾ ਦੇ ਸੰਕਲਪ ਸਬੰਧੀ ਵਿਦਿਆਰਥਣਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ ਅਤੇ ਬੱਚਿਆਂ ਨੂੰ ਨਿਸ਼ਕਾਮ ਸੇਵਾ ਭਾਵਨਾ ਦੇ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਿਆ ਗਿਆ । ਉਨ੍ਹਾਂ ਭਾਈ ਸਾਹਿਬ ਦੀ ਦ੍ਰਿਸ਼ਟੀ ਵਿਚ ਹਿੰਦੂ, ਮੁਸਲਮਾਨ, ਸਿੱਖ ਦੀ ਲਕੀਰ ਮਿਟਾ ਤਨ-ਮਨ-ਧਨ ਨਾਲ ਸਿਮਰਨ ਕਰਨ ਤੇ ਉਚ-ਨੀਚ ਦੇ ਭੇਦ-ਭਾਵ ਨੂੰ ਮਿਟਾ ਕੇ ਸਾਰੀ ਮਨੁੱਖਤਾ ਵਿਚ ਇੱਕ ਪਰਮਾਤਮਾ ਨੂੰ ਮਹਿਸੂਸ ਕਰਨ ਤੇ ਲੋਕ ਭਲਾਈ ਦੇ ਕੰਮਾਂ ਨੂੰ ਕਰਨ ਉੱਤੇ ਜ਼ੋਰ ਦਿੱਤਾ। ਇਸ ਮੌਕੇ ਵਿਦਿਆਰਥਣਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਵੀ ਕੱਢੀ ਗਈ ਜਿਸ ਨੂੰ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਕਿਹਾ ਕਿ ਗੁਰੂ ਸਾਹਿਬਾਨ ਅਤੇ ਮਹਾਨ ਸ਼ਖਸੀਅਤਾਂ ਦੁਆਰਾ ਪਾਏ ਪੂਰਨਿਆਂ 'ਤੇ ਚੱਲਣ ਨਾਲ ਹੀ ਮਨੁੱਖੀ ਜੀਵਨ ਦਾ ਅਸਲ ਮਨੋਰਥ ਸਮਝਿਆ ਜਾ ਸਕਦਾ ਹੈ ਅਤੇ ਆਪਣੀ ਜ਼ਿੰਦਗੀ ਨੂੰ ਸਫਲ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵੱਲੋਂ ਮੋੜ ਕੇ ਇੱਕ ਸੁਚੱਜੇ ਅਤੇ ਵਧੀਆ ਸਮਾਜ ਦੀ ਸਿਰਜਣਾ ਕਰਨ 'ਤੇ ਜ਼ੋਰ ਦਿੱਤਾ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।

## ਚੀਮਾ ਕਬੱਡੀ ਕੱਪ 'ਚ ਬਰੇ ਸਾਹਿਬ ਟੀਮ ਦੀ ਝੰਡੀ, ਜਿੱਤਿਆ 1 ਲੱਖ ਦਾ ਇਨਾਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਬਾਬਾ ਭੋਲਾ ਗਿਰ ਸਪੋਰਟਸ ਕਲੱਬ ਵੱਲੋਂ ਕਰਾਏ ਗਏ ਕਬੱਡੀ ਕੱਪ ਵਿੱਚ ਓਪਨ ਦੀ ਬਰੇ ਸਾਹਿਬ ਦੀ ਟੀਮ ਨੇ ਪਹਿਲਾਂ ਇੱਕ ਲੱਖ ਰੁਪਏ ਦਾ ਇਨਾਮ ਜਿੱਤਿਆ ਤੇ ਪਿੰਡ ਖੀਵਾ ਦੀ ਓਪਨ ਦੀ ਟੀਮ ਨੇ ਪਚੱਤਰ ਹਜ਼ਾਰ ਰੁਪਏ ਦਾ ਇਨਾਮ ਜਿੱਤ ਕੇ ਦੂਜਾ ਸਥਾਨ ਹਾਸਲ ਕੀਤਾ। ਕਲੱਬ ਪ੍ਰਧਾਨ ਕਾਕਾ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਕੱਪ ਵਿੱਚ ਓਪਨ ਦੀਆਂ 42 ਟੀਮਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਬੈਸਟ ਰੇਡਰ ਦਾ ਇਨਾਮ 15 ਹਜ਼ਾਰ ਰੁਪਏ ਸੀ। ਗੁਰਪ੍ਰੀਤ ਬਰੇ ਨੇ ਅਤੇ ਬੈਸਟ ਜਾਫੀ ਦਾ ਇਨਾਮ 15000 ਰੁਪਏ ਥੋਰੀ ਬਾਸੋਆਣ ਨੇ ਜਿੱਤਿਆ। ਉਨ੍ਹਾਂ ਕਿਹਾ ਕਿ ਇਹ ਕੱਪ ਹਰ ਸਾਲ ਕਰਾਇਆ ਜਾਂਦਾ ਹੈ ਤਾਂ ਜੁ ਨੌਜਵਾਨ ਨਸ਼ਿਆਂ ਤੋਂ ਬਚੇ ਰਹਿਣ ਅਤੇ ਪਿੰਡ ਦਾ ਸਹਿਯੋਗ ਦੇਣ 'ਤੇ ਖਾਸ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਆਈਲਟਸ 'ਚੋਂ ਓਵਰਆਲ 8.5 ਬੈਂਡ ਪ੍ਰਾਪਤ ਕੀਤੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸੈਂਟਰ ਵਿਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਤਮੰਨਾ ਕਰਵਲ ਪੁੱਤਰੀ ਮਨਜੋਤ ਕੁਮਾਰ ਵਾਸੀ ਨੇ ਆਈਲੈਟਸ ਵਿੱਚੋਂ 8.5 ਬੈਂਡ ਸਕੋਰ ਪ੍ਰਾਪਤ ਕਰਕੇ ਆਪਣਾ ਅਤੇ ਸੈਂਟਰ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ, ਨੰਦ ਸਿੰਘ ਬਰਾੜ ਐਮ ਸੀ ਨੇ ਦੱਸਿਆ ਕਿ ਇੱਥੇ ਆਈਲੈਟਸ ਦੀ ਤਿਆਰੀ ਆਧੁਨਿਕ ਅਤੇ ਮਾਹਿਰ ਅਧਿਆਪਕਾਂ ਦੁਆਰਾ ਕਰਾਈ ਜਾਂਦੀ ਹੈ, ਇੱਥੇ ਵਿਦਿਆਰਥੀ ਨੂੰ ਕਲਾਸ ਉਸਦੇ ਲੈਵਲ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਹਰੇਕ ਕਮਜ਼ੋਰ ਵਿਦਿਆਰਥੀਆਂ ਨੂੰ ਸਪੈਸ਼ਲ ਕਲਾਸਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੁ ਉਹ ਵਧੀਆ ਬੈਂਡ ਸਕੋਰ ਹਾਸਲ ਕਰਕੇ ਆਪਣਾ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਸਕਣ। ਸੰਸਥਾ ਵੱਲੋਂ ਪੀ ਟੀ ਈ ਦੀ ਕੋਚਿੰਗ ਦਾ ਖਾਸ ਪ੍ਰਬੰਧ ਹੈ ਅਤੇ ਇਥੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਅਤੇ ਉਪਨ ਵਰਕ ਪਰਮਿਟ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਵੱਲੋਂ ਵੀਜ਼ੇ ਕਾਨੂੰਨੀ ਤੇ ਪਾਰਦਰਸ਼ੀ ਢੰਗ ਨਾਲ ਲਾਏ ਜਾਂਦੇ ਹਨ।

## ਨਗਰ ਪੰਚਾਇਤ ਮਖੂ ਵੱਲੋਂ ਵੋਟਰ ਸੂਚੀਆਂ ਸੰਬੰਧੀ ਕੈਂਪ



**ਮੱਖੂ (ਰਛਪਾਲ ਸਿੰਘ ਸੰਧੂ)**-ਦਫਤਰ ਨਗਰ ਪੰਚਾਇਤ ਮਖੂ ਵਿਖੇ ਵੋਟਰ ਸੂਚੀਆਂ ਸੰਬੰਧੀ ਲੋਕਾਂ ਪਾਸੋਂ ਇਤਰਾਜ਼ ਲੈਣ ਲਈ ਕੈਂਪ ਲਗਾਇਆ ਗਿਆ। ਨਗਰ ਪੰਚਾਇਤ ਮੱਖੂ ਦੇ ਵਾਰਡਾਂ ਦੀਆਂ ਵੋਟਰ ਸੂਚੀਆਂ ਵਿੱਚ ਵੋਟਰਾਂ ਦੇ ਨਾਂਅ ਦੂਸਰੀਆਂ ਵਾਰਡਾਂ ਵਿੱਚ ਸ਼ਾਮਲ ਕਰਨ ਤੇ ਇਤਰਾਜ਼ ਸੁਣਨ ਲਈ ਦਫਤਰ ਨਗਰ ਪੰਚਾਇਤ ਮੱਖੂ ਵਿਖੇ ਵਿਸ਼ੇਸ਼ ਕੈਂਪ ਲਾਇਆ ਗਿਆ। ਇਸ ਮੌਕੇ ਦਫਤਰ ਨਗਰ ਪੰਚਾਇਤ ਮਖੂ ਦੇ ਜਤਿੰਦਰ ਗਰੋਵਰ ਜੂਨੀਅਰ ਸਹਾਇਕ, ਰਾਜ ਕਮਲ, ਕਲਰਕ, ਬਲਵਿੰਦਰ ਸਿੰਘ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਗਰ ਪੰਚਾਇਤ ਮੱਖੂ ਵਿਖੇ 13 ਵਾਰਡਾਂ ਵਿੱਚ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਵਾਰਡਾਂ ਲਈ ਜੋ ਵੋਟਰ ਸੂਚੀ ਪ੍ਰਕਾਸ਼ਿਤ ਹੋਈ ਹੈ, ਉਸ ਸਬੰਧੀ ਵਾਰਡਾਂ ਦੇ ਵਸਨੀਕਾਂ ਵਲੋਂ ਇਤਰਾਜ਼ ਕੀਤਾ ਜਾ ਰਿਹਾ ਹੈ ਜਿਸ ਸਬੰਧੀ ਅੱਜ ਇਹ ਵਿਸ਼ੇਸ਼ ਕੈਂਪ ਲਾਇਆ ਗਿਆ ਹੈ। ਉਨ੍ਹਾ ਦੱਸਿਆ ਕਿ 22 ਸਤੰਬਰ ਇਤਰਾਜ਼ ਦਰਜ ਕਰਵਾਉਣ ਦੀ ਆਖਰੀ ਮਿਤੀ ਸੀ। ਇਤਰਾਜ਼ ਪ੍ਰਾਪਤ ਹੋਣ ਤੋਂ ਬਾਅਦ ਇਨ੍ਹਾਂ ਦਾ ਨਿਪਟਾਰਾ ਕਰਦਿਆਂ ਚੋਣ ਕਮਿਸ਼ਨ ਪੰਜਾਬ ਦੇ ਸ਼ਡਿਊਲ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵੱਡੀ ਗਿਣਤੀ 'ਚ ਵਾਰਡਾਂ ਦੇ ਵਸਨੀਕ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਆਧੁਨਿਕ ਤਰੀਕੇ ਨਾਲ ਪੜ੍ਹਾਉਣ ਸੰਬੰਧੀ ਟ੍ਰੇਨਿੰਗ ਦਿੱਤੀ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਆਧੁਨਿਕ ਤਰੀਕੇ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਣ ਸਬੰਧੀ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ ਗਈ। ਇਹ ਟ੍ਰੇਨਿੰਗ ਐਕਸਟਰਾਮਾਰਕ ਡਿਜ਼ੀਟਲ ਕੰਪਨੀ ਲੁਧਿਆਣਾ ਦੇ ਮਾਹਿਰ ਰਵਿੰਦਰ ਸਿੰਘ ਵੱਲੋਂ ਦਿੱਤੀ ਗਈ। ਉਨ੍ਹਾਂ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਵੇਂ ਆਧੁਨਿਕ ਤਰੀਕੇ ਰਾਹੀਂ ਬੱਚਿਆਂ ਨੂੰ ਵਧੀਆ ਢੰਗ ਨਾਲ ਪੜ੍ਹਾਇਆ ਜਾ ਸਕਦਾ ਹੈ। ਉਨ੍ਹਾਂ ਦੇ ਮਾਹਿਰਾਂ ਵੱਲੋਂ ਅਧਿਆਪਕਾਂ ਨੂੰ ਹਰ ਇੱਕ ਵਿਸ਼ੇ ਬਾਰੇ ਦੱਸਿਆ ਗਿਆ। ਉਨ੍ਹਾਂ ਦੱਸਿਆ ਕਿ ਕਿਵੇਂ ਬੱਚਿਆਂ ਨੂੰ ਸਮਾਰਟ ਕਲਾਸਾਂ ਦੁਆਰਾ ਜ਼ਿਆਦਾ ਸਮਝ ਆਉਂਦੀ ਹੈ। ਇਸ ਨਾਲ ਬੱਚਾ ਦਿਲ ਲਾ ਕੇ ਪੜ੍ਹਾਈ ਕਰਦਾ ਹੈ। ਉਨ੍ਹਾਂ ਅਧਿਆਪਕਾਂ ਨੂੰ ਦੱਸਿਆ ਕਿ ਉਨ੍ਹਾਂ ਦੁਆਰਾ ਸਾਰੇ ਵਿਸ਼ਿਆ ਦੀ ਉੱਤਰ ਪੱਤਰੀ ਵੀ ਦਿੱਤੀ ਜਾਵੇਗੀ ਤੇ ਅਧਿਆਪਕ ਐਪ ਦੀ ਮਦਦ ਨਾਲ ਹੀ ਪ੍ਰਸ਼ਨ ਪੱਤਰੀ ਵੀ ਬਣਾ ਸਕਦੇ ਹਨ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਪਰਮਜੀਤ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦਿਆਂ ਸਮਾਰਟ ਕਲਾਸਾਂ ਨਾਲ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ। ਜਿਸ ਨਾਲ ਬੱਚੇ ਅੱਗੇ ਜਾ ਕੇ ਆਪਣਾ ਵਧੀਆ ਭਵਿੱਖ ਬਣਾ ਸਕਦੇ ਹਨ। ਇਸ ਮੌਕੇ ਅਧਿਆਪਕਾ ਵੱਲੋਂ ਪ੍ਰਸ਼ਨ ਵੀ ਪੁੱਛੇ ਗਏ, ਜਿਨ੍ਹਾਂ ਦੇ ਉੱਤਰ ਮਾਹਿਰਾਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਦਿੱਤੇ।

## ਵਿਦਿਆਰਥੀਆਂ ਨੇ ਕੀਤਾ ਡਾਕਘਰ, ਬੈਂਕ ਤੇ ਗਊਸ਼ਾਲਾ ਦਾ ਦੌਰਾ

**ਮਾਨਸਾ (ਧਰਮਵੀਰ ਸ਼ਰਮਾ)**-ਡੀ.ਏ.ਵੀ. ਪਬਲਿਕ ਸਕੂਲ ਦੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੂੰ ਡਾਕਘਰ, ਬੈਂਕ ਤੇ ਗਊਸ਼ਾਲਾ ਦਾ ਦੌਰਾ ਕਰਾਇਆ ਗਿਆ। ਡਾਕ ਘਰ ਦੇ ਅਧਿਕਾਰੀਆਂ ਨੇ ਪੋਸਟਮੈਨ, ਸਪੀਡ ਪੋਸਟ, ਲੈਟਰ ਬਾਕਸ, ਡਾਕ ਟਿਕਟ, ਬੱਚਤ ਖਾਤਾ ਅਤੇ ਹੋਰ ਸਕੀਮਾਂ ਤੋਂ ਜਾਣੂ ਕਰਾਇਆ। ਬੈਂਕ ਵਿਖੇ ਵੀ ਬੱਚਿਆਂ ਨੇ ਖਾਤਾ ਖੁਲ੍ਹਵਾਉਣ ਦੀ ਪ੍ਰਕ੍ਰਿਆ ਏਟੀਐਮ, ਡੈਬਿਟ ਕਾਰਡ ਆਦਿ ਦੀ ਜਾਣਕਾਰੀ ਲਈ। ਗਊਸ਼ਾਲਾ ਵਿਖੇ ਬੱਚਿਆਂ ਨੇ ਗਊਆਂ ਦੇ ਰੱਖ ਰਖਾਵ ਅਤੇ ਉੱਥੇ ਦੀ ਵਿਵਸਥਾ ਪ੍ਰਨਾਲੀ ਨੂੰ ਸਮਝਿਆ। ਪ੍ਰਿੰਸੀਪਲ ਵਿਨੋਦ ਰਾਣਾ ਦੇ ਅਨੁਸਾਰ ਅਜਿਹੇ ਦੌਰੇ ਕਰਾਉਣ ਦਾ ਉਦੇਸ਼ ਬੱਚਿਆਂ ਨੂੰ ਵੱਖ-ਵੱਖ ਸੰਸਥਾਵਾਂ ਦੀ ਕਾਰਜ ਪ੍ਰਨਾਲੀ ਦਾ ਗਿਆਨ ਦੇਣਾ ਹੈ। ਕਿਤਾਬਾਂ ਤੋਂ ਬਾਹਰ ਜਦ ਬੱਚਾ ਖੁਦ ਅਨੁਭਵ ਕਰਦਾ ਹੈ ਤਾਂ ਉਸ ਦੇ ਸਿੱਖਣ ਤੇ ਸਮਝਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਉਂਦੀ ਹੈ।

## ਮਾਤਾ ਗੁਜਰੀ ਕਾਲਜ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਸਮਾਗਮ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਦੀ ਯੋਗ ਅਗਵਾਈ ਹੇਠ ਵਿਭਾਗ ਦੇ ਅੰਡਰ ਗਰੈਜੂਏਟ ਤੇ ਪੋਸਟ ਗ੍ਰੈਜੂਏਟ ਕਲਾਸਾਂ ਵਿੱਚ ਦਾਖਲ ਹੋਏ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਸਵਾਗਤ ਲਈ ਵਿਸ਼ੇਸ਼ ਪ੍ਰੋਗਰਾਮ ਰਾਨਡਿਵੂ 2023-24 ਦਾ ਆਯੋਜਨ ਕੀਤਾ ਗਿਆ।

ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦਾ ਆਤਮ ਵਿਸ਼ਵਾਸ ਵਧਾਉਣ ਤੇ ਉਨ੍ਹਾਂ ਦੀ ਸ਼ਖ਼ਸੀਅਤ ਨਿਖਾਰਨ ਲਈ ਅਜਿਹੇ ਪ੍ਰੋਗਰਾਮ ਬਹੁਤ ਲਾਹੇਵੰਦ ਸਾਬਿਤ ਹੁੰਦੇ ਹਨ। ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਦੀ ਮੁਖੀ ਡਾ. ਹਰਵੀਨ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਹ ਸਮਾਗਮ ਤਿੰਨ ਭਾਗਾਂ-ਜਾਣ-ਪਛਾਣ ਦੌਰ, ਪ੍ਰਤਿਭਾ ਦੌਰ ਤੇ ਪ੍ਰਸ਼ਨ-ਉੱਤਰ ਦੌਰ 'ਚ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਗੀਤ ਗਾਇਨ, ਨਾਚ, ਸਾਜ ਸੰਗੀਤ, ਕਵਿਤਾ ਉਚਾਰਨ ਆਦਿ ਗਤੀਵਿਧੀਆਂ ਦੁਆਰਾ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।

ਸਮਾਗਮ ਦੌਰਾਨ ਕਰਾਏ ਮੁਕਾਬਲਿਆਂ ਵਿੱਚ ਬੀ.ਏ. ਭਾਗ ਪਹਿਲਾ ਦੀ ਮਿਲਨਦੀਪ ਕੌਰ ਨੂੰ ਮਿਸ ਬੇਲੇ ਦਾ ਖਿਤਾਬ ਮਿਲਿਆ ਤੇ ਐਮ.ਏ. ਭਾਗ ਪਹਿਲਾ ਦੇ ਅਰਵਿੰਦਰ ਸੰਧੂ ਨੂੰ ਮਿਸਟਰ ਬੀਊ ਚੁਣਿਆ ਗਿਆ। ਮਿਸ ਟੇਲੈਂਟ ਦਾ ਖਿਤਾਬ ਐਮ.ਏ. ਭਾਗ ਪਹਿਲਾ ਦੀ ਸਹਿਜਪ੍ਰੀਤ ਕੌਰ ਨੇ ਜਿੱਤਿਆ ਅਤੇ ਮਿਸਟਰ ਟੇਲੈਂਟ ਦਾ ਖਿਤਾਬ ਬੀ.ਏ. ਭਾਗ ਪਹਿਲਾ ਦੇ ਸਰੁਣ ਤੇ ਏਮਨ ਨੇ ਹਾਸਲ ਕੀਤਾ। ਇਸੇ ਪ੍ਰਕਾਰ ਬੀ.ਏ. ਭਾਗ ਪਹਿਲਾ ਦੀ ਗੁਰਸ਼ਰਨ ਕੌਰ ਨੇ ਮਿਸ ਕਨਜੇਨੈਲਿਟੀ ਦਾ ਖਿਤਾਬ ਜਿੱਤਿਆ ਤੇ ਬੀ.ਏ. ਭਾਗ ਪਹਿਲਾ ਦੇ ਸਹਿਜਪ੍ਰੀਤ ਸਿੰਘ ਨੂੰ ਮਿਸਟਰ ਪਰਸਨੈਲਿਟੀ ਚੁਣਿਆ ਗਿਆ।

ਇਸ ਮੌਕੇ ਕੰਪਿਊਟਰ ਸਾਇੰਸ ਵਿਭਾਗ ਦੇ ਡਾ. ਨਵਦੀਪ ਸਿੰਘ ਤੇ ਕੈਮਿਸਟਰੀ ਵਿਭਾਗ ਦੇ ਡਾ. ਕੁਲਦੀਪ ਕੌਰ ਨੇ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਈ। ਸਮਾਗਮ ਦੇ ਅਖੀਰ ਵਿੱਚ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਕਨਵੀਨਰ ਡਾ. ਮਨਿੰਦਰ ਕੈਂਥ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਬੰਧਕੀ ਟੀਮ ਤੇ ਸਾਰੇ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਭਾਗ ਦੇ ਸਮੂਹ ਫੈਕਲਟੀ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

## ਕਾਕਾ ਬਰਾੜ ਨੇ ਜੇਤੂ ਟੀਮ ਦਾ 15 ਹਜ਼ਾਰ ਦੀ ਰਾਸ਼ੀ ਨਾਲ ਕੀਤਾ ਸਨਮਾਨ

### ਸ੍ਰੀ ਬਾਲਾ ਜੀ ਸਪੋਰਟਸ ਕਲੱਬ ਵੱਲੋਂ ਕ੍ਰਿਕਟ ਟੂਰਨਾਮੈਂਟ ਸੰਪੰਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਸਥਾਨਕ ਨਵੀਂ ਦਾਣਾ ਮੰਡੀ ਵਿਖੇ ਸ੍ਰੀ ਬਾਲਾ ਜੀ ਸਪੋਰਟਸ ਕਲੱਬ ਵੱਲੋਂ ਤਿੰਨ ਰੋਜ਼ਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਦੌਰਾਨ ਨੌਜਵਾਨਾਂ ਨੇ ਵੱਡੀ ਗਿਣਤੀ 'ਚ ਟੂਰਨਾਮੈਂਟ 'ਚ ਭਾਗ ਲਿਆ। ਇਸ ਮੌਕੇ ਬੋਲਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਅੱਜ ਦੇ ਹਲਾਤਾਂ ਮੁਤਾਬਿਕ ਅਜਿਹੇ ਟੂਰਨਾਮੈਂਟ ਬੇਹੱਦ ਹੀ ਜ਼ਰੂਰੀ ਹਨ, ਕਿਉਂਕਿ ਨਸ਼ੇ 'ਚ ਗਲਤਾਨ ਹੋ ਰਹੀ ਨੌਜਵਾਨੀ ਨੂੰ ਬਚਾਉਣ ਲਈ ਇਹ ਮੀਲ ਪੱਥਰ ਸਾਬਿਤ ਹੁੰਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਨਾਲ ਪੜ੍ਹਾਈ 'ਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਆਪਣੇ ਵੱਲੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਟੀਮ ਨੂੰ 15000/- ਰੁਪਏ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਟੂਰਨਾਮੈਂਟ ਦੌਰਾਨ ਐੱਨ ਐੱਸ ਕਲੱਬ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸ੍ਰੀ ਬਾਲਾ ਜੀ ਸਪੋਰਟਸ ਕਲੱਬ ਨੇ ਦੂਜਾ ਸਥਾਨ ਹਾਸਲ ਕੀਤਾ। ਵਿਧਾਇਕ ਕਾਕਾ ਬਰਾੜ ਵੱਲੋਂ ਜਿੱਤਣ ਵਾਲੀਆਂ ਟੀਮਾਂ ਦਾ ਸਨਮਾਨ ਕੀਤਾ। ਇਸ ਮੌਕੇ ਕਲੱਬ ਦੇ ਮੈਂਬਰਾਂ ਵੱਲੋਂ ਵਿਧਾਇਕ ਕਾਕਾ ਬਰਾੜ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਕਾਕਾ ਉੜਾਂਗ, ਵਾਈਸ ਪ੍ਰਧਾਨ ਰਾਜੀਵ ਕਾਕਾ ਗਾਂਧੀ, ਪੈਸਟੀਸਾਈਡ ਯੂਨੀਅਨ ਦੇ ਪ੍ਰਧਾਨ ਅਜਵਿੰਦਰ ਸਿੰਘ ਰਾਜੂ ਪੂਨੀਆ, ਸੁਮਿਤ ਗਰਗ, ਜਤਿੰਦਰ ਮਹੰਤ, ਸਨੀ ਰਾਠ, ਦਿਨੇਸ਼ ਰਾਜਪੁਰੋਹਿਤ, ਡਾ. ਕਾਲਾ ਗੋਨਿਆਣਾ ਤੋਂ ਇਲਾਵਾ ਵਿੱਕੀ ਡਾਬਲਾ, ਪ੍ਰਿੰਸ ਕੁਮਾਰ, ਆਕਾਸ਼ ਕਰਾੜ, ਹਨੀ ਬੋਸ, ਸ਼ਨੀ ਖੰਨਾ, ਰਿਸ਼ਵ ਬੋਸ, ਵਿਕਾਸ ਇੰਦੌਰਾ, ਅਭੀ ਡਾਬਲਾ, ਸੰਜੈ ਸੋਹਲੀਆ, ਸੌਰਵ ਨਾਗਰ, ਸਾਜਨ ਇੰਦੌਰਾ, ਰਮਨ ਕਠੇਰੀਆ ਆਦਿ ਹਾਜ਼ਰ ਸਨ।

## ਖੇਤਰੀ ਯੁਵਕ ਮੇਲੇ ਲਈ ਪ੍ਰਤਿਭਾ ਖੋਜ ਮੁਕਾਬਲੇ ਕਰਾਏ




**ਭੀਖੀ (ਧਰਮਵੀਰ ਸ਼ਰਮਾ)**

ਦਿ ਰੌਇਲ ਗਰੁੱਪ ਆਫ਼ ਕਾਲਜਿਜ਼, ਬੋੜ੍ਹਾਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਤੇ ਲੋਕ ਮੇਲੇ ਵਿੱਚ ਭਾਗ ਲੈਣ ਵਾਸਤੇ ਵਿਦਿਆਰਥੀਆਂ ਦੀ ਚੋਣ ਕਰਨ ਲਈ, ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਕਵਿਤਾ-ਉਚਾਰਣ, ਭਾਸ਼ਣ, ਲੋਕ ਗੀਤ, ਵਾਦ-ਵਿਵਾਦ, ਕੁਇਜ਼, ਗਿੱਧਾ, ਭੰਗੜਾ, ਕੋਮਲ-ਕਲਾਵਾਂ ਤੇ ਲੋਕ-ਕਲਾਵਾਂ ਦੇ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਹੈਪੀ ਕੌਰ, ਸੁਖਦੀਪ ਕੌਰ, ਰਿੰਪੀ ਕੌਰ, ਸਤਨਾਮ ਸਿੰਘ, ਬਲਕਾਰ ਸਿੰਘ, ਰਣਧੀਰ ਕੌਰ, ਕਮਲਪ੍ਰੀਤ ਕੌਰ, ਗੀਤਾ, ਮਨੀਸ਼ਾ, ਦਰਵੇਸ਼ ਸਿੰਘ, ਸੋਨਾ ਕੌਰ, ਖੁਸ਼ਪ੍ਰੀਤ ਕੌਰ, ਹਰਪ੍ਰੀਤ ਕੌਰ ਆਦਿ ਨੇ ਆਪਣੀ ਕਲਾ ਦਾ ਵੱਖੋ-ਵੱਖ ਕਲਾਵਾਂ ਵਿੱਚ ਖ਼ੂਬ ਮੁਜ਼ਾਹਰਾ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਕਲਾ ਨੂੰ ਨਿਖਾਰਣ ਲਈ ਪ੍ਰੇਰਿਤ ਕੀਤਾ ਤਾਂ ਜੁ ਵਿਦਿਆਰਥੀ ਆਪਣੇ ਅੰਦਰ ਛੁਪੀਆਂ ਕਲਾਵਾਂ ਨੂੰ ਉਜਾਗਰ ਕਰਕੇ ਕਾਲਜ ਦਾ ਨਾਂਅ ਰੌਸ਼ਨ ਕਰ ਸਕਣ। ਡੀਨ-ਉਪਰੇਸ਼ਨਜ਼ ਪ੍ਰੋ. ਸੁਰਜਨ ਸਿੰਘ ਨੇ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਮੁਬਾਰਕਬਾਦ ਦਿੱਤੀ। ਕਾਲਜ ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਬੱਚਿਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਕਰਾਉਣ ਲਈ ਕਾਲਜ ਦੇ ਯੁਵਕ ਭਲਾਈ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਸਹਿਯੋਗੀ ਸਹਾਇਕ ਪ੍ਰੋ. ਹੈਪੀ ਸਿੰਘ ਤੇ ਸਹਾਇਕ ਪ੍ਰੋ. ਸਮਨਦੀਪ ਕੌਰ ਸਮੇਤ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਮੰਚ ਸੰਚਾਲਨ ਵਿਦਿਆਰਥਣਾਂ ਜਸਨੂਰ ਕੌਰ ਤੇ ਮੋਨਾ ਨੇ ਬਾਖ਼ੂਬੀ ਕੀਤਾ।

## ਥਾਣਾ ਸਿਟੀ, ਥਾਣਾ ਸਦਰ ਤੇ ਵੈਰੋਕੇ ਥਾਣੇ ਦੇ ਐੱਸ ਐੱਚ ਓ ਬਦਲੇ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੇ ਐੱਸ.ਐੱਚ.ਓ. ਜਤਿੰਦਰ ਸਿੰਘ ਦਾ ਤਬਾਦਲਾ ਹੋ ਗਿਆ ਹੈ ਤੇ ਹੁਣ ਥਾਣਾ ਸਿਟੀ ਦਾ ਐੱਸ.ਐੱਚ.ਓ. ਇੰਸਪੈਕਟਰ ਲੇਖ ਰਾਜ ਨੂੰ ਲਗਾਇਆ ਗਿਆ ਹੈ, ਜੋ ਅਰਨੀਵਾਲਾ ਥਾਣੇ ਤੋਂ ਬਦਲ ਕੇ ਇਥੇ ਆਏ ਹਨ। ਇਸੇ ਤਰ੍ਹਾਂ ਹੀ ਥਾਣਾ ਵੈਰੋਕੇ ਦਾ ਨਵਾਂ ਐੱਸ.ਐੱਚ.ਓ. ਜਤਿੰਦਰ ਸਿੰਘ ਨੂੰ ਲਾਇਆ ਗਿਆ ਹੈ, ਉਥੇ ਹੀ ਥਾਣਾ ਸਦਰ ਦੇ ਐੱਸ.ਐੱਚ.ਓ. ਗੁਰਿੰਦਰ ਕੁਮਾਰ ਦਾ ਤਬਾਦਲਾ ਹੋਣ ਕਾਰਨ ਉਨ੍ਹਾਂ ਦੇ ਸਥਾਨ 'ਤੇ ਐੱਸ.ਐੱਚ.ਓ. ਅੰਗਰੇਜ ਕੁਮਾਰ ਨੂੰ ਲਾਇਆ ਗਿਆ ਹੈ। ਨਵੇਂ ਆਏ ਥਾਣਾ ਸਿਟੀ ਦੇ ਐੱਸ.ਐੱਚ.ਓ. ਇੰਸਪੈਕਟਰ ਲੇਖ ਰਾਜ, ਥਾਣਾ ਸਦਰ ਦੇ ਨਵੇਂ ਐੱਸ.ਐੱਚ.ਓ. ਅੰਗਰੇਜ਼ ਕੁਮਾਰ ਤੇ ਥਾਣਾ ਵੈਰੋਕੇ ਦੇ ਨਵੇਂ ਐੱਸ.ਐੱਚ.ਓ. ਜਤਿੰਦਰ ਸਿੰਘ ਨੇ ਆਪੋ ਆਪਣਾ ਚਾਰਜ ਸੰਭਾਲ ਲਿਆ ਹੈ, ਜਿਨ੍ਹਾਂ ਨੇ ਮੀਡੀਆਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਨਸ਼ਿਆਂ 'ਤੇ ਮੁਕੰਮਲ ਠੱਲ੍ਹ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ ਤੇ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਸਖਤੀ ਨਾਲ ਨਿਪਟਣਗੇ। ਉਨ੍ਹਾਂ ਕ੍ਰਾਇਮ 'ਤੇ ਠੱਲ੍ਹ ਪਾਉਣ ਲਈ ਆਮ ਲੋਕਾਂ ਪਾਸੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ਣਗੇ।

## ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸੈਂਟਰ ਖੇਡਾਂ 'ਚ ਮਾਰੀਆਂ ਮੱਲਾਂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੇ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ 'ਸੈਂਟਰਲ ਲੈਵਲ ਦੀਆਂ ਪ੍ਰਾਇਮਰੀ ਖੇਡਾਂ' ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਏਂਜਲ ਹਾਰਟ ਕਾਨਵੈਂਟ ਸਕੂਲ ਵਿੱਚ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿੱਚ ਯੂ ਕੇ ਇੰਟਰਨੈਸ਼ਨਲ ਸਕੂਲ ਦੀ ਟੀਮ ਅੰਡਰ-11 ਨੇ 600 ਮੀਟਰ ਦੀ ਦੌੜ ਵਿੱਚੋਂ ਸਿਮਰਜੋਤ ਕੌਰ ਨੇ ਪਹਿਲਾ ਸਥਾਨ, 400 ਮੀਟਰ ਦੀ ਦੌੜ 'ਚੋਂ ਸਿਮਰਜੋਤ ਕੌਰ ਨੇ ਤੀਜਾ ਸਥਾਨ, ਸ਼ਾਟਪੁੱਟ 'ਚੋਂ ਬ੍ਰਹਮਜੋਤ ਸਿੰਘ ਨੇ ਦੂਜਾ ਸਥਾਨ, ਕਰਾਟਿਆਂ 'ਚੋਂ ਨਵਿਆ ਨੇ ਪਹਿਲਾ ਸਥਾਨ, ਰਿਲੇਅ ਦੌੜ 'ਚੋਂ ਸੁਖਮਨਪ੍ਰੀਤ ਕੌਰ, ਗੁਰਨੀਤ ਕੌਰ, ਮਹਿਕਪ੍ਰੀਤ ਕੌਰ ਤੇ ਸਿਮਰਜੋਤ ਕੌਰ ਨੇ ਪਹਿਲਾ ਸਥਾਨ ਹਾਸਲ ਕਰਕੇ ਖੇਡ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਤੇ ਅਕੈਡਮੀਆਂ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕੋਮਲ ਅਗਰਵਾਲ ਨੇ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਉਨ੍ਹਾ ਨੇ ਕਿਹਾ ਕਿ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਜਾਵੇਗਾ।

ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਨੇ ਬੱਚਿਆਂ ਦੀ ਪ੍ਰਸੰਸਾ ਕੀਤੀ ਤੇ ਬੱਚਿਆਂ ਨੂੰ ਵਧਾਈ ਦਿੱਤੀ।

## ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਵਿਗਿਆਨਕ ਨਜ਼ਰੀਆ ਜ਼ਰੂਰੀ : ਕਵਿਤਾ ਸ਼ਰਮਾ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਮੰਡੀ ਕਾਲਾਂਵਾਲੀ ਦੀ ਤੱਖਤਮਲ ਰੋਡ ਸਥਿਤ ਮਾਤਾ ਪੂੰਨਾਂ ਦੇਵੀ ਡੀ ਏ ਵੀ ਪਬਲਿਕ ਸਕੂਲ ਦੀ ਵਿਦਿਆਰਥਣ ਦੀਪਕੇਜ ਕੌਰ ਨੂੰ ਰਾਜ ਪੱਧਰੀ ਵਿਗਿਆਨ ਮੁਕਾਬਲਿਆਂ ਵਿੱਚੋਂ ਪਹਿਲਾਂ ਪੁਰਸਕਾਰ ਮਿਲਣ 'ਤੇ ਡੀਏਵੀ ਸਕੂਲ ਮੈਨੇਜਮੈਂਟ ਸਟਾਫ ਤੇ ਵਿਦਿਆਰਥੀਆਂ ਵੱਲੋਂ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ ਗਈਆਂ। ਮਾਤਾ ਪੂੰਨਾਂ ਦੇਵੀ ਡੀ ਏ ਵੀ ਸਕੂਲ ਦੀ ਪ੍ਰਿੰਸੀਪਲ ਕਵਿਤਾ ਸ਼ਰਮਾ ਨੇ ਕਿਹਾ ਕਿ ਸਾਡੇ ਸਕੂਲ ਦੀ ਦਸਵੀਂ ਜਮਾਤ ਦੀ ਇਸ ਵਿਦਿਆਰਥਣ ਦੀਪਕੇਜ ਕੌਰ ਨੂੰ ਵਿਗਿਆਨ ਵਿਸ਼ੇ ਸੰਬੰਧੀ ਹੋਏ ਰਾਜ ਪੱਧਰੀ ਮੁਕਾਬਲਿਆਂ ਵਿੱਚੋਂ 11000 ਨਾਗਦ ਤੇ ਟਰਾਫੀ ਮਿਲਣਾ ਸਾਡੇ ਸਭ ਲਈ ਮਾਣ ਵਾਲੀ ਗੱਲ ਹੈ। ਉਨ੍ਹਾ ਕਿਹਾ ਕਿ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਵਿਗਿਆਨਕ ਨਜ਼ਰੀਆ ਜ਼ਰੂਰੀ ਹੈ। ਸਕੂਲ ਪ੍ਰਬਧਕਾਂ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਪੂਰੇ ਹਰਿਆਣਾ ਰਾਜ ਦੇ 40 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚੋਂ ਜ਼ਿਲ੍ਹਾ ਸਿਰਸਾ ਦੇ ਡੀ ਏ ਵੀ ਸਕੂਲ ਕਾਲਾਂਵਾਲੀ ਵਿਦਿਆਰਥਣ ਦੀਪਕੇਜ ਕੌਰ ਪਹਿਲੇ ਨੰਬਰ ਉੱਤੇ ਰਹੀ। ਵਿਦਿਆਰਥਣ ਦੀ ਇਸ ਪ੍ਰਾਪਤੀ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਆਤਮ ਪ੍ਰਕਾਸ਼ ਮਹਿਰਾ, ਜ਼ਿਲ੍ਹਾ ਵਿਗਿਆਨ ਅਧਿਕਾਰੀ ਮੁਕੇਸ਼ ਕੁਮਾਰ, ਡੀ ਏ ਵੀ ਸੰਸਥਾਵਾਂ ਦੇ ਰਾਸ਼ਟਰੀ ਪ੍ਰਬੰਧਕ ਆਰੀਆਂ ਰਤਨ, ਡਾ: ਪੂਨਮ, ਸਕੂਲ ਪ੍ਰਬੰਧਕ ਕਮੇਟੀ ਕਾਲਾਂਵਾਲੀ ਦੇ ਚੇਅਰਮੈਨ ਸੁਰੇਸ਼ ਸਿੰਗਲਾ ਉਰਫ ਰੰਟੀ, ਸ਼੍ਰੀਮਤੀ ਸੁਨੀਤਾ ਮਦਾਨ, ਬਲਾਕ ਸਮਿਤੀ ਚੇਅਰਮੈਨ ਬੀਬਾ ਮਨਜੀਤ ਕੌਰ ਸਰਾਂ, ਸਾਬਕਾ ਐੱਮ ਐੱਲ ਏ ਬਲਕੌਰ ਸਿੰਘ, ਸਾਬਕਾ ਕਾਨੂੰਗੋ ਗੁਰਦਾਸ ਸਿੰਘ ਚਹਿਲ, ਰਾਸ਼ਟਰੀ ਗ੍ਰੰਥਆਲਿਆਂ ਸਭਾ ਹਰਿਆਣਾ ਦੇ ਪ੍ਰਧਾਨ ਮਾਸਟਰ ਸੁਰਿੰਦਰ ਪਾਲ ਸਿੰਘ ਸਮੇਤ ਪ੍ਰਿੰਸੀਪਲ ਤੇ ਸਟਾਫ ਸਮੇਤ ਵਿਦਿਆਰਥੀਆਂ ਵੱਲੋਂ ਵਿਦਿਆਰਥਣ ਨੂੰ ਮੁਬਰਕਾਂ ਭੇਜੀਆਂ ਗਈਆਂ।

## ਕਾਂਸ਼ੀ ਰਾਮ ਦੇ ਪ੍ਰੀ-ਨਿਰਵਾਣ ਦਿਵਸ ਦੀਆਂ ਤਿਆਰੀਆਂ ਜ਼ੋਰਾਂ 'ਤੇ : ਡਾ. ਮੱਖਣ ਸਿੰਘ

### ਹਲਕਾ ਸੁਨਾਮ ਦੀ ਸਮੁੱਚੀ ਬਸਪਾ ਲੀਡਰਸ਼ਿਪ ਵੱਲੋਂ ਡਾ. ਮੱਖਣ ਸਿੰਘ ਦਾ ਸਨਮਾਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਸੁਨਾਮ ਦੀ ਮੀਟਿੰਗ ਕਸਬਾ ਲੌਂਗੋਵਾਲ ਵਿਖੇ ਹੋਈ। ਇਸ ਸਮੇਂ ਡਾਕਟਰ ਮੱਖਣ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਸਿਹਤ ਵਿਭਾਗ, ਜਰਨਲ ਸਕੱਤਰ ਬਸਪਾ ਪੰਜਾਬ ਤੇ ਨਵੇਂ ਬਣੇ ਲੋਕ ਸਭਾ ਹਲਕਾ ਸੰਗਰੂਰ ਦੇ ਇੰਚਾਰਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਸਮੇਂ ਹਲਕਾ ਸੁਨਾਮ ਦੀ ਸਮੁੱਚੀ ਬਸਪਾ ਲੀਡਰਸ਼ਿਪ ਨੇ ਡਾ. ਮੱਖਣ ਸਿੰਘ ਨੂੰ ਸਨਮਾਨਤ ਕੀਤਾ। ਇਸ ਮੌਕੇ ਬੋਲਦਿਆਂ ਡਾ. ਮੱਖਣ ਸਿੰਘ ਨੇ ਕਿਹਾ ਕਿ 9 ਅਕਤੂਬਰ ਨੂੰ ਹੁਸ਼ਿਆਰਪੁਰ ਦੇ ਰੌਸ਼ਨ ਗਰਾਊਂਡ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਪ੍ਰੀ-ਨਿਰਵਾਨ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਤੇ ਇਸ ਮੌਕੇ ਲੋਕ ਸਭਾ ਹਲਕਾ ਸੰਗਰੂਰ ਤੇ ਹਲਕਾ ਸੁਨਾਮ ਤੋਂ ਵੱਡੀ ਗਿਣਤੀ 'ਚ ਵਰਕਰ ਸ਼ਾਮਲ ਹੋਣਗੇ ਤੇ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਇਸ ਮੌਕੇ ਬਸਪਾ ਦੇ ਹਲਕਾ ਇੰਚਾਰਜ ਪਵਿੱਤਰ ਸਿੰਘ, ਜ਼ਿਲ੍ਹਾ ਸੰਗਰੂਰ ਦੇ ਮੀਤ ਪ੍ਰਧਾਨ ਡਾ. ਹਰਬੰਸ ਸਿੰਘ, ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਸੁਨਾਮ, ਹਲਕਾ ਪ੍ਰਧਾਨ ਸ਼ੇਰ ਸਿੰਘ ਝਾੜੋਂ, ਗੁਰਚਰਨ ਸਿੰਘ ਲੋਹਾਖੇੜਾ, ਰਾਮ ਸਿੰਘ ਲੌਂਗੋਵਾਲ, ਕਸ਼ਮੀਰਾ ਸਿੰਘ ਲੌਂਗੋਵਾਲ, ਠੇਕੇਦਾਰ ਲਾਲ ਸਿੰਘ, ਨਾਹਰ ਸਿੰਘ ਬਹਾਦਰਪੁਰ, ਅਜੈਬ ਸਿੰਘ ਫੌਜੀ ਦੁੱਗਾਂ, ਪ੍ਰੇਮ ਸਿੰਘ ਲੌਂਗੋਵਾਲ, ਗੋਬਿੰਦ ਦਾਸ, ਹਰਬੰਸ ਸਿੰਘ ਝਾੜੋਂ, ਨਛੱਤਰ ਸਿੰਘ, ਦਰਸ਼ਨ ਬਡਵਾਲ, ਬਿੱਕਰ ਸਿੰਘ ਕੰਮੋਮਾਜਰਾ, ਤਰਸੇਮ ਸਿੰਘ ਕਿਲ੍ਹਾ ਭਰੀਆਂ, ਹਰਦੀਪ ਸਿੰਘ ਸ਼ਾਹਪੁਰ ਆਦਿ ਮੌਜੂਦ ਸਨ।

## ਧਾਰਮਿਕ ਸਮਾਗਮ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਦੇ : ਬੇਦੀ, ਵਿਰਕ



**ਸਮਾਣਾ (ਇਕਬਾਲ ਸਿੰਘ ਬੱਲ)**

ਸਿੱਧੀ ਵਿਨਾਇਕ ਗਣੇਸ਼ ਮੰਡਲ ਸਮਾਣਾ ਵੱਲੋਂ ਪੁਰਾਣੀ ਗਊਸ਼ਾਲਾ ਵਿਖੇ ਮਨਾਏ ਜਾ ਰਹੇ ਗਣਪਤੀ ਉਤਸਵ ਮੌਕੇ ਸਮਾਜ ਸੇਵੀ ਹਰਜਿੰਦਰ ਸਿੰਘ ਬੇਦੀ ਪੰਚਾਇਤ ਸੈਕਟਰੀ, ਪ੍ਰਦਮਨ ਸਿੰਘ ਵਿਰਕ ਤੇ ਮਾਂ ਛੱਠ ਪੂਜਾ ਸੇਵਾ ਦਲ ਦੇ ਰਾਸ਼ਟਰੀ ਪ੍ਰਧਾਨ ਬਿਨੈ ਸਿੰਘ ਠਾਕੁਰ ਨੇ ਹਾਜ਼ਰੀ ਭਰਦੇ ਹੋਏ ਸ਼੍ਰੀ ਗਣੇਸ਼ ਜੀ ਭਗਵਾਨ ਤੇ ਅਚਾਰੀਆ ਸੱਤਿਆਨੰਦ ਜੀ ਮਹਾਰਾਜ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ੍ਰ. ਬੇਦੀ ਤੇ ਸ੍ਰ. ਵਿਰਕ ਨੇ ਕਿਹਾ ਕਿ ਧਾਰਮਿਕ ਸਮਾਗਮਾਂ 'ਚ ਸ਼ਾਮਲ ਹੋ ਕੇ ਰੂਹ ਨੂੰ ਜੋ ਸਕੂਨ ਮਿਲਦਾ ਹੈ, ਉਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਅਚਾਰੀਆ ਸੱਤਿਆਨੰਦ ਜੀ ਮਹਾਰਾਜ ਨੇ ਸ਼ਿਵ ਗਣੇਸ਼ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸ਼੍ਰੀ ਗੋਪਾਲ ਕ੍ਰਿਸ਼ਨ ਗਰਗ, ਸੰਦੀਪ ਸੰਜੂ ਕਕਰਾਲਾ, ਕੁਲਬੀਰ ਸਿੰਗਲਾ, ਸੰਜੀਵ ਸਿੰਗਲਾ, ਪਵਨ ਬਾਂਸਲ, ਸੰਜੇ ਸਿੰਗਲਾ, ਪੰਕਜ ਗਰਗ, ਵਿਸ਼ਾਲ ਜਿੰਦਲ, ਵਿੱਕੀ ਡਾਂਗ, ਵਰੁਣ ਗਰਗ ਬੋਨੀ, ਅੰਕੁਰ ਗੋਇਲ, ਸੁਰੇਸ਼ ਮਿੱਤਲ, ਪ੍ਰਦੀਪ ਸਿੰਗਲਾ, ਹੁਸਨਪਾਲ ਗੋਇਲ, ਕ੍ਰਿਸ਼ਨ ਕੁਮਾਰ, ਸੰਜੀਵ ਗੋਇਲ ਬਿੱਟੂ, ਤਰੁਨ ਗਰਗ, ਤੇਜਿੰਦਰ ਗਰਗ, ਕਰਨ ਗੋਇਲ ਤੇ ਰਾਜੂ ਛਾਬੜਾ ਆਦਿ ਮੌਜੂਦ ਰਹੇ।

## ...ਸ.ਫ਼ਾ 1 ਦੇ ਬਾਕੀ

...ਸ.ਫ਼ਾ 1 ਦੇ ਬਾਕੀ

### ਏਸ਼ੀਅਨ ਖੇਡਾਂ : ਭਾਰਤ ...

ਕੁਆਰਟਰ ਫਾਇਨਲ 'ਚ ਪਹੁੰਚ ਗਈ। ਉਸ ਨੇ ਆਰ ਏ ਸੀ ਦੇ ਮਾਧਿਅਮ ਤੋਂ ਜਾਰਡਨ ਦੀ ਐਸ ਅਹਿਲਸਨਤ ਨੂੰ ਹਰਾਇਆ। ਕੁਆਰਟਰ ਫਾਇਨਲ 'ਚ ਪ੍ਰੀਤੀ ਦਾ ਮੁਕਾਬਲਾ ਕਜ਼ਾਕਿਸਤਾਨ ਦੀ ਜ਼ੈਂਡ ਸ਼ੇਕੇਰਬੇਕੋਵਾ ਨਾਲ ਹੋਵੇਗਾ।

ਭਾਰਤੀ ਵਾਲੀਬਾਲ ਟੀਮ ਕੁਆਰਟਰ ਫਾਇਨਲ ਮੁਕਾਬਲਾ ਜਾਪਾਨ ਖਿਲਾਫ਼ 3-0 ਨਾਲ ਹਾਰ ਗਈ। ਸਾਊਥ ਕੋਰੀਆ ਅਤੇ ਤਾਇਵਾਨ ਵਰਗੀਆਂ ਮਜ਼ਬੂਤ ਟੀਮਾਂ ਨੂੰ ਭਾਰਤ ਨੇ ਹਰਾਇਆ, ਪਰ ਜਾਪਾਨ ਦੀ ਚੁਣੌਤੀ ਅੱਗੇ ਢੇਰ ਹੋ ਗਈ। ਏਸ਼ੀਅਨ ਖੇਡਾਂ 'ਚ ਜਾਪਾਨ ਦੀ ਵਾਲੀਬਾਲ ਟੀਮ ਦੇ ਨਾਂਅ 8 ਸੋਨੇ ਦੇ ਤਮਗੇ ਹਨ।

### ਮੁੱਖ ਸਕੱਤਰ ਬਣ ਕੇ ...

ਰੱਖਿਆ ਹੋਇਆ ਸੀ। ਪੁਲਸ ਵੱਲੋਂ ਮੁਲਜ਼ਮ ਖਿਲਾਫ ਖਰੜ ਸਿਟੀ ਥਾਣੇ 'ਚ ਵੱਖ-ਵੱਖ ਧਾਰਾਵਾਂ ਅਧੀਨ ਮੁਕੱਦਮਾ ਦਰਜ ਕਰਕੇ ਅਦਾਲਤ 'ਚ ਪੇਸ਼ ਕੀਤਾ, ਜਿੱਥੇ ਅਦਾਲਤ ਨੇ ਤਿੰਨ ਦਿਨਾਂ ਦੇ ਪੁਲਸ ਰਿਮਾਂਡ ਦੇ ਹੁਕਮ ਸੁਣਾਏ ਹਨ। ਪੁਲਸ ਨੇ ਦੱਸਿਆ ਕਿ ਮੁਲਜ਼ਮ ਬਹੁਤ ਚਲਾਕ ਹੈ। ਜਦੋਂ ਵੀ ਉਹ ਕਿਤੇ ਜਾਂਦਾ ਸੀ ਤਾਂ ਕਾਰ 'ਤੇ ਹਰਿਆਣਾ ਦੇ ਮੁੱਖ ਸਕੱਤਰ ਦਾ ਝੰਡਾ ਅਤੇ ਨੀਲੀ ਬੱਤੀ ਲਗਾ ਦਿੰਦਾ ਸੀ। ਇਸ ਦੇ ਨਾਲ ਹੀ ਅਗਲੀ ਕਾਰ 'ਤੇ ਪਾਇਲਟ ਦਾ ਝੰਡਾ ਅਤੇ ਲਾਲ ਬੱਤੀ ਲਗਾਈ ਜਾਂਦੀ ਸੀ, ਜਦਕਿ ਪਿਛਲੀ ਕਾਰ 'ਤੇ ਐਸਕਾਰਟ ਦਾ ਝੰਡਾ ਲਾਇਆ ਜਾਂਦਾ ਸੀ। ਏਨਾ ਹੀ ਨਹੀਂ, ਲਾਇਸੈਂਸੀ ਹਥਿਆਰਾਂ ਵਾਲੇ ਸਾਬਕਾ ਸੈਨਿਕਾਂ ਨੂੰ ਆਪਣੇ ਸੁਰੱਖਿਆ ਗਾਰਡਾਂ 'ਚ ਗੰਨਮੈਨ ਵਜੋਂ ਰੱਖਿਆ ਹੋਇਆ ਸੀ।

## ਕੰਮ ਦਿਹਾੜੀ 12 ਘੰਟੇ ਕਰਨ ਦਾ ਫੈਸਲਾ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਵੱਲੋਂ ਮੁੱਢੋਂ ਰੱਦ

### ਭਲਕੇ ਰੋਹ ਭਰਪੂਰ ਪ੍ਰਦਰਸ਼ਨ ਉਪਰੰਤ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ : ਵਰਿੰਦਰ ਸਿੰਘ ਮੋਮੀ



**ਜਲਾਲਾਬਾਦ (ਜੀਤ ਕੁਮਾਰ)**-ਭਾਰਤ ਸਰਕਾਰ ਵੱਲੋਂ ਕਰੋਨਾ ਕਾਲ ਦੇ ਸਮੇਂ ਦੌਰਾਨ ਰਾਜ ਸਰਕਾਰਾਂ ਨੂੰ ਆਪਣੇ ਨਵੇਂ ਲੇਬਰ ਕਾਨੂੰਨ ਬਣਾਉਣ ਦੇ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਮ ਲੋਕਾਂ ਦੀ ਹਿਤੈਸ਼ੀ ਹੋਣ ਦੇ ਫੋਕੇ ਦਾਅਵੇ ਕਰਨ ਵਾਲੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਵਰਤਮਾਨ ਪੰਜਾਬ ਸਰਕਾਰ ਨੇ ਕਿਰਤੀ-ਮਜ਼ਦੂਰ ਵਰਗ ਨੂੰ ਰਾਹਤ ਦੇਣ ਦੀ ਬਜਾਏ ਲੇਬਰ ਕਾਨੂੰਨਾਂ ਵਿੱਚ ਸੋਧ ਕਰਕੇ ਮਜ਼ਦੂਰ ਦੇ ਕੰਮ ਕਰਨ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਲਈ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ 20 ਸਤੰਬਰ 2023 ਨੂੰ ਇੱਕ ਨੋਟੀਫਿਕੇਸ਼ਨ ਨੰਬਰ ਈ-517838/943 ਜਾਰੀ ਕਰਕੇ ਕਿਰਤੀਆਂ ਦੇ ਵਿਰੋਧ ਵਿੱਚ ਫੈਸਲਾ ਲਿਆ ਗਿਆ ਹੈ, ਜਿਸ ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਮੁੱਢੋਂ ਰੱਦ ਕਰਦੇ ਹੋਏ ਕਿਰਤੀਆਂ ਦੇ ਵਿਰੋਧ 'ਚ ਲਏ ਮਾਰੂ ਫੈਸਲੇ ਨੂੰ ਵਾਪਸ ਕਰਵਾਉਣ ਤੱਕ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਅੱਜ ਇਥੇ ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਉਪਰੋਕਤ ਯੂਨੀਅਨ ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਮਈ ਦਿਵਸ ਦੇ ਮਹਾਨ ਸ਼ਹੀਦਾਂ ਵੱਲੋਂ ਸਾਲਾਂਬੱਧੀ ਅਰਸੇ ਤੱਕ ਲੜੇ ਸੰਘਰਸ਼ਾਂ ਦੀ ਬਦੌਲਤ ਕਿਰਤੀ-ਮਜ਼ਦੂਰ ਦੇ ਕੰਮ ਕਰਨ ਲਈ 8 ਘੰਟੇ ਕੰਮ ਦਿਹਾੜੀ ਤੈਅ ਕਰਵਾਈ ਗਈ ਸੀ, ਪਰ ਹੁਣ ਮੌਜੂਦਾ ਪੰਜਾਬ ਸਰਕਾਰ ਵੱਲੋਂ ਕਿਰਤੀਆਂ ਖਿਲਾਫ ਹਮਲਾ ਕਰਕੇ ਦਿਹਾੜੀ 12 ਘੰਟੇ ਕੰਮ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਕੇ ਕੰਮ ਕਰਨ ਦਾ ਸਮਾਂ ਵਧਾ ਦਿੱਤਾ ਗਿਆ ਹੈ, ਉਥੇ ਇਹ ਮਹਾਨ ਸ਼ਹੀਦ ਵੱਲੋਂ ਦਿੱਤੀ ਕੁਰਬਾਨੀ ਨੂੰ ਅਣਦੇਖਾ ਕਰਦੇ ਹੋਏ ਇਕ ਵਾਰ ਫਿਰ ਹਾਕਮ ਜਮਾਤਾਂ ਵੱਲੋਂ ਕਿਰਤੀਆਂ ਖਿਲਾਫ 1886 ਤੋਂ ਪਹਿਲਾਂ ਵਾਲੇ ਬੰਧੂਆਂ ਮਜ਼ਦੂਰਾਂ ਵਾਲੀ ਹਾਲਤ ਪੈਦਾ ਕਰਨ ਲਈ ਅਤੇ ਕਾਰਪੋਰੇਟਰਾਂ ਦੀ ਸੇਵਾ ਲਈ ਮਾਰੂ ਫੈਸਲਾ ਲਿਆ ਗਿਆ ਹੈ। ਇਹ ਸਰਕਾਰ ਦਾ ਮਾਰੂ ਫੈਸਲਾ ਪੰਜਾਬ ਦੇ ਸਿਰਫ ਠੇਕਾ ਮੁਲਾਜ਼ਮਾਂ ਦੇ ਵਿਰੋਧ ਲਈ ਹੀ ਨਹੀਂ ਹੈ, ਬਲਕਿ ਇਹ ਪੂਰੇ ਹਿੰਦੁਸਤਾਨ ਦੇ ਸਾਰੇ ਕਿਰਤੀ ਮਜ਼ਦੂਰਾਂ ਵਸਤੇ ਇੱਕ ਚਣੌਤੀ ਹੈ, ਕਿਉਂਕਿ ਜਿਹੜੇ ਅੱਜ ਤੱਕ ਮਹਾਨ ਸ਼ਹੀਦਾਂ ਦੇ ਵਾਰਸ ਮੰਨ ਕੇ ਉਨ੍ਹਾਂ ਦੀ ਵਿਚਾਰਧਾਰਾ 'ਤੇ ਚੱਲਣ ਦਾ ਪ੍ਰਣ ਕਰਦੇ ਰਹੇ ਹਨ, ਅੱਜ ਉਹੀ ਕਿਰਤੀ-ਮਜ਼ਦੂਰ ਵਿਰੋਧੀ ਤੇ ਕਾਰਪੋਰੇਟਰਾਂ ਦੇ ਹਿੱਤਾਂ ਲਈ ਨੀਤੀਆਂ ਲਾਗੂ ਕਰ ਰਹੇ ਹਨ, ਇਨ੍ਹਾਂ ਕਿਰਤੀ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਦੇ ਨਾਲ ਨਾਲ 8 ਘੰਟੇ ਕੰਮ ਦਿਹਾੜੀ ਸਮੇਤ ਤਮਾਮ ਲੇਬਰ ਕਾਨੂੰਨਾਂ ਦੀ ਰਾਖੀ ਕਰਨ ਦਾ ਸਵਾਲ ਸਾਡੇ ਸਾਹਮਣੇ ਸਭ ਤੋਂ ਵੱਧ ਪ੍ਰਮੁੱਖ ਹੈ, ਜਿਸ ਸਬੰਧੀ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਤੋਂ ਇਹ ਫੈਸਲਾ ਲਿਆ ਗਿਆ ਹੈ ਕਿ 26 ਸਤੰਬਰ ਨੂੰ ਸਾਰੇ ਪੰਜਾਬ ਦੇ ਅੰਦਰ ਸਰਕਾਰ ਦੇ ਇਸ ਹਮਲੇ ਵਿਰੁੱਧ ਰੈਲੀਆਂ ਤੇ ਰੋਸ ਮਾਰਚ ਕਰਨ ਉਪਰੰਤ ਮਜ਼ਦੂਰ ਵਿਰੋਧੀ ਜਾਰੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ ਭਵਿੱਖ ਵਿਚ ਇਸ ਨੂੰ ਮਜ਼ਦੂਰ ਵਿਰੋਧੀ ਫੈਸਲੇ ਨੂੰ ਤੁਰੰਤ ਵਾਪਸ ਲੈਣ ਲਈ ਸੰਘਰਸ਼ ਲੜਨ ਦਾ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਪਰੋਕਤ ਯੂਨੀਆਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਕੁਤਬੇਵਾਲ, ਹਾਕਮ ਸਿੰਘ ਧਨੇਠਾ, ਰੁਪਿੰਦਰ ਸਿੰਘ ਫਿਰੋਜ਼ਪੁਰ, ਜਗਰੂਪ ਸਿੰਘ ਗੁਰਦਾਸਪੁਰ, ਮਨਪ੍ਰੀਤ ਸਿੰਘ ਮਲੇਰਕੋਟਲਾ, ਸੰਦੀਪ ਖਾਂ ਬਠਿੰਡਾ, ਪ੍ਰਦੂਮਣ ਸਿੰਘ ਅਮ੍ਰਿਤਸਰ, ਉਂਕਾਰ ਸਿੰਘ ਹੁਸ਼ਿਆਰਪੁਰ, ਸੁਰਿੰਦਰ ਸਿੰਘ ਮਾਨਸਾ, ਬਲਜੀਤ ਭੱਟੀ ਮੁਕਤਸਰ, ਤਰਜਿੰਦਰ ਮਾਨ ਪਠਾਨਕੋਟ, ਗੁਰਵਿੰਦਰ ਬਾਠ ਤਰਨਤਾਰਨ, ਜਸਵੀਰ ਜਿੰਦਬੜੀ ਰੋਪੜ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਵੀ ਐਲਾਨ ਕੀਤਾ ਗਿਆ ਹੈ ਕਿ 26 ਸਤੰਬਰ 2023 ਨੂੰ ਪੰਜਾਬ ਭਰ ਵਿੱਚ ਬ੍ਰਾਂਚ ਪੱਧਰ 'ਤੇ ਰੋਹ ਭਰਪੂਰ ਵਿਰੋਧ ਪ੍ਰਦਰਸ਼ਨ ਕਰਨ ਉਪਰੰਤ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਪੱਤਰ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਜਾਵੇਗੀ ਕਿ ਜੇਕਰ ਇਹ ਕਿਰਤੀ ਵਿਰੋਧੀ ਫੈਸਲੇ ਨੂੰ ਤੁਰੰਤ ਵਾਪਸ ਨਾ ਲਿਆ ਗਿਆ ਤਾਂ ਸ਼ੁਰੂ ਕੀਤੇ ਸੰਘਰਸ਼ ਨੂੰ ਜਾਰੀ ਰੱਖਦੇ ਹੋਏ ਲੋੜ ਪੈਣ 'ਤੇ ਮਜਬੂਰਨ ਤੇਜ਼ ਕੀਤਾ ਜਾ ਸਕਦਾ ਹੈ।

## ਸ਼ਿਵਾਲਿਕ ਸਕੂਲ ਦੀਆਂ ਤਿੰਨ ਵਿਦਿਆਰਥਣਾਂ ਨੂੰ ਐੱਮ ਬੀ ਬੀ ਐੱਸ 'ਚ ਮਿਲਿਆ ਦਾਖਲਾ




**ਤਪਾ ਮੰਡੀ (ਅਰੁਣ ਗੋਇਲ)**-ਸ਼ਿਵਾਲਿਕ ਪਬਲਿਕ ਸਕੂਲ ਦੀਆਂ ਤਿੰਨ ਵਿਦਿਆਰਥਣਾਂ, ਜਿਨ੍ਹਾਂ ਵਿੱਚ ਅਨੀਸ਼ਾ ਪੁੱਤਰੀ ਮੁਨੀਸ਼ ਕੁਮਾਰ (ਵਾਈਸ ਪ੍ਰੈਜ਼ੀਡੈਂਟ ਐਸ.ਐਮ.ਸੀ, ਹਰਮਨਦੀਪ ਕੌਰ ਮਾਨ ਪੁੱਤਰੀ ਰਤਨਦੀਪ ਸਿੰਘ ਮਾਨ ਤੇ ਗ਼ਜ਼ਲ ਸਿੰਗਲਾ ਪੁੱਤਰੀ ਸੁਨੀਲ ਕੁਮਾਰ ਨੇ ਨੀਟ ਪ੍ਰੀਖਿਆ 2023 ਵਿੱਚ ਸਫਲਤਾ ਪ੍ਰਾਪਤ ਕਰਕੇ ਐੱਮ ਬੀ ਬੀ ਐੱਸ 'ਚ ਦਾਖਲਾ ਲੈ ਲਿਆ ਹੈ। ਇਹ ਸਾਰੀਆਂ ਵਿਦਿਆਰਥਣਾਂ ਆਪਣੀ ਸ਼ੁਰੂਆਤੀ ਸਿੱਖਿਆ ਤੋਂ ਹੀ ਸ਼ਿਵਾਲਿਕ ਪਬਲਿਕ ਸਕੂਲ ਦੀਆਂ ਰੈਗੂਲਰ ਵਿਦਿਆਰਥਣਾਂ ਰਹੀਆਂ ਹਨ। ਇਨ੍ਹਾਂ ਸਾਰੀਆਂ ਵਿਦਿਆਰਥਣਾਂ ਨੇ ਆਪਣੀ ਮਿਹਨਤ ਸਦਕਾ ਇਹ ਮੁਕਾਮ ਹਾਸਲ ਕੀਤਾ ਹੈ। ਇਨ੍ਹਾਂ ਵਿੱਚੋਂ ਅਨੀਸ਼ਾ ਤੇ ਗ਼ਜ਼ਲ ਦੇ ਪਿਤਾ ਬਿਜ਼ਨੈੱਸਮੈਨ ਹਨ, ਜਦਕਿ ਹਰਮਨਦੀਪ ਦੇ ਮਾਤਾ-ਪਿਤਾ ਸਕੂਲ ਵਿੱਚ ਅਧਿਆਪਕ ਹਨ। ਇਨ੍ਹਾਂ ਸਾਰਿਆਂ ਨੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਨ੍ਹਾਂ ਨੇ ਕਿਹਾ ਕਿ ਨੀਟ ਵਿੱਚ ਰਸਾਇਣ ਤੇ ਭੌਤਿਕ ਵਿਗਿਆਨ ਦੇ ਵਿਸ਼ਿਆਂ ਦਾ ਪੱਧਰ ਮੁਸ਼ਕਲ ਸੀ, ਪਰ ਫਿਰ ਵੀ ਇਨ੍ਹਾਂ ਦੀ ਮਿਹਨਤ ਰੰਗ ਲਿਆਈ, ਜਿਸ ਸਦਕਾ ਉਹਨਾਂ ਨੇ ਇਹ ਮੁਕਾਮ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਅਜੈ ਸ਼ਰਮਾ, ਸਮੂਹ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ, ਸਮੂਹ ਸਕੂਲ ਸਟਾਫ ਵੱਲੋਂ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਗਈ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਖੋ ਖੋ ਜ਼ਿਲ੍ਹਾ ਟੂਰਨਾਮੈਂਟ 'ਚ ਤਲਵੰਡੀ ਸਾਬੋ ਜ਼ੋਨ ਨੇ ਫੇਰਿਆ ਹੂੰਝਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਜ਼ੋਨ ਪ੍ਰਧਾਨ ਪ੍ਰਿੰਸੀਪਲ ਅਮਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਖੋ ਖੋ ਵਿੱਚ ਜ਼ੋਨ ਤਲਵੰਡੀ ਸਾਬੋ ਦੀਆਂ ਸਾਰੀਆਂ ਟੀਮਾਂ ਨੇ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ। ਜ਼ਿਲ੍ਹਾ ਟੂਰਨਾਮੈਂਟ ਦੌਰਾਨ ਮੁੰਡੇ ਤੇ ਕੁੜੀਆਂ ਦੇ ਛੇ ਗਰੁੱਪਾਂ ਵਿੱਚੋਂ ਕੁੜੀਆਂ ਦੇ ਤਿੰਨ ਗਰੁੱਪਾਂ ਵਿੱਚੋਂ ਪਹਿਲਾ ਤੇ ਮੁੰਡਿਆਂ ਨੇ ਦੋ ਗਰੁੱਪਾਂ ਵਿੱਚੋਂ ਪਹਿਲਾ ਤੇ ਅੰਡਰ-14 ਵਿੱਚੋਂ ਚੌਥਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਦੀ ਸਮੁੱਚੀ ਖੋ ਖੋ ਖੇਡ 'ਤੇ ਸਖਤ ਪਕੜ ਦਾ ਇਜ਼ਹਾਰ ਕਰਵਾਇਆ। ਕੁੱਲ ਮਿਲਾ ਕੇ ਪੰਜ ਗਰੁੱਪਾਂ 'ਚ ਪਹਿਲਾ ਸਥਾਨ ਅਤੇ ਇੱਕ ਗਰੁੱਪ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਤਲਵੰਡੀ ਸਾਬੋ ਜ਼ੋਨ ਦੀਆਂ ਇਨ੍ਹਾਂ ਜਿੱਤਾਂ ਵਿੱਚ ਸਹਸ ਚੱਠੇਵਾਲਾ, ਸਹਸ ਮਲਕਾਣਾ, ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ, ਸਸਸਸ ਭਾਗੀਵਾਂਦਰ, ਸਸਸਸ ਮਾਹੀਨੰਗਲ ਤੇ ਗੁਰੂ ਹਰਗੋਬਿੰਦ ਪਬਲਿਕ ਸਕੂਲ ਜੋਗੇਵਾਲਾ ਨੇ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਜਿੱਤਾਂ ਦਾ ਸਿਹਰਾ ਸ੍ਰ. ਗੁਰਜੰਟ ਸਿੰਘ ਡੀਪੀਈ ਚੱਠੇਵਾਲਾ, ਸ੍ਰ. ਗੁਰਮੇਲ ਸਿੰਘ ਸਸ ਮਾਸਟਰ ਮਲਕਾਣਾ, ਰਾਜ ਕੁਮਾਰ ਖੇਡ ਇੰਚਾਰਜ ਸ਼ਹੀਦ ਸਿੰਘ ਸਕੂਲ ਮਲਕਾਣਾ, ਤਰਸੇਮ ਸਿੰਘ, ਕਵਿਤਾ ਰਾਣੀ ਪੀ.ਟੀ.ਆਈ. ਭਾਗੀਵਾਂਦਰ ਤੇ ਰਜਿੰਦਰ ਸਿੰਘ ਪੀ ਟੀ ਆਈ, ਗੁਰਪ੍ਰੀਤ ਸਿੰਘ ਡੀਪੀਈ ਜੋਗੇਵਾਲਾ ਨੂੰ ਜਾਂਦਾ ਹੈ, ਜਿਨ੍ਹਾਂ ਨੇ ਟੂਰਨਾਮੈਂਟ ਤੋਂ ਪਹਿਲਾਂ ਬੱਚਿਆਂ ਨੂੰ ਸਖਤ ਮਿਹਨਤ ਕਰਵਾਈ ਤੇ ਟੂਰਨਾਮੈਂਟ ਦੌਰਾਨ ਬੱਚਿਆਂ ਵਿੱਚ ਰਹਿ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਇਨ੍ਹਾਂ ਜਿੱਤਾਂ ਦੀ ਖਬਰ ਸੁਣ ਕੇ ਇਲਾਕੇ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 28 ਨੂੰ ਜਲੰਧਰ ਵਿਖੇ ਭਗਤ ਸਿੰਘ ਦਾ ਜਨਮ ਦਿਹਾੜਾ ਹੁੰਮ-ਹੁਮਾ ਕੇ ਮਨਾਇਆ ਜਾ ਰਿਹਾ : ਮਾੜੀਮੇਘਾ



**ਕੋਟ ਫਤੂਹੀ (ਨਜ਼ਸ)**-ਸੀ ਪੀ ਆਈ ਇਲਾਕਾ ਗੜ੍ਹਸ਼ੰਕਰ ਵੱਲੋਂ ਬੱਬਰਾਂ ਦੇ ਇਤਿਹਾਸਕ ਸਥਾਨ ਕੋਟ ਫਤੂਹੀ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਕੇ ਪੂਰਨ ਪ੍ਰਕਾਸ਼ ਅਤੇ ਬੀਬੀ ਸੰਤੋਸ਼ ਚਾਵਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਬੋਲਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਇਸ ਪ੍ਰਵਾਰ ਦੀ ਕਮਿਊਨਿਸਟ ਲਹਿਰ ਨੂੰ ਬੜੀ ਦੇਣ ਹੈ। ਇਹ ਕਮਿਊਨਿਸਟ ਪ੍ਰਵਾਰ ਛੋਟੇ-ਛੋਟੇ ਕੰਮ ਕਰਨ ਤੋਂ ਬਾਅਦ ਅਜੋਕੀ ਸਥਿਤੀ ਵਿੱਚ ਪਹੁੰਚਿਆ ਹੈ। ਇਸ ਪ੍ਰਵਾਰ ਨੇ ਆਪਣੇ ਪੁੱਤਰ ਰਾਜੇਸ਼ ਚਾਵਲਾ ਨੂੰ ਸੀਪੀਆਈ ਵਿੱਚ ਖੁਸ਼ ਹੋ ਕੇ ਤੋਰਿਆ। ਰਾਜੇਸ਼ ਨੇ ਆਪਣਾ ਕਮਿਊਨਿਸਟ ਵਜੋਂ ਸਫਰ ਸਰਬ ਭਾਰਤ ਨੌਜਵਾਨ ਸਭਾ ਤੋਂ ਸ਼ੁਰੂ ਕੀਤਾ ਤੇ ਇਸ ਵਕਤ ਸੀਪੀਆਈ ਦਾ ਜ਼ਿਲ੍ਹੇ ਦਾ ਆਗੂ ਹੈ। ਸਾਡੇ ਅੱਜ ਦੇ ਨੌਜਵਾਨ ਤਾਂ ਆਪਣੇ ਮਾਪਿਆਂ ਨੂੰ ਮਜਬੂਰ ਕਰਕੇ ਛੱਲੀ ਪੂਣੀ ਵੇਚ ਕੇ ਵਿਦੇਸ਼ ਜਾਂਦੇ ਹਨ ਤੇ ਉਥੇ ਜਾ ਕੇ ਪੜਦੇ ਉਹਲੇ ਮਜਦੂਰੀ ਕਰਦੇ ਹਨ। ਸਾਡੀ ਧਰਤੀ 'ਤੇ ਮਜ਼ਦੂਰੀ ਕਰਨ ਨੂੰ ਪਾਪ ਸਮਝਦੇ ਹਨ। ਸਾਨੂੰ ਭਾਵੇਂ ਸਾਡੇ ਦੇਸ਼ ਵਿੱਚ ਪੂਰੀ ਮਜ਼ਦੂਰੀ ਮਿਲਦੀ ਨਹੀਂ ਅਤੇ ਇਸ ਨੂੰ ਲੈਣ ਵਾਸਤੇ ਸਾਨੂੰ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣਾ ਪਵੇਗਾ ਪਰ ਜਿੰਨਾ ਚਿਰ ਤੱਕ ਭਗਤ ਸਿੰਘ ਦੀ ਸੋਚ ਦਾ ਸਮਾਜ ਨਹੀਂ ਉਸਰਦਾ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੀ ਧਰਤੀ 'ਤੇ ਕਿਰਤ ਕਰਨੀ ਹੀ ਨਹੀਂ। ਜੇ ਸਾਡੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿੱਚ ਕਿਰਤ ਕਰੇਗੀ ਤੇ ਉਸ ਨਾਲ ਉਹ ਦੇਸ਼ ਹੀ ਖੁਸ਼ਹਾਲ ਹੁੰਦਾ ਹੈ। ਇਸ ਸੋਚ ਨੂੰ ਨਕਾਰਦਿਆਂ ਹੋਇਆਂ ਪੂਰਨ ਪ੍ਰਕਾਸ਼ ਦੇ ਬੱਚਿਆਂ ਰਾਜੇਸ਼, ਸੰਜੀਵ ਤੇ ਰਾਜੀਵ ਚਾਵਲਾ ਛੋਟੇ-ਛੋਟੇ ਕੰਮਾਂ ਤੋਂ ਅੱਗੇ ਵੱਧਦੇ ਹੋਏ ਅੱਜ ਖੁਸ਼ੀ ਨਾਲ ਜ਼ਿੰਦਗੀ ਬਤੀਤ ਕਰ ਰਹੇ ਹਨ। ਮਾੜੀਮੇਘਾ ਨੇ ਕਿਹਾ ਕਿ ਸਾਡੀ ਜੁਆਨੀ ਵਿਦੇਸ਼ਾਂ ਵਿੱਚ ਮਜ਼ਦੂਰੀ ਕਰਨ ਦੀ ਥਾਂ ਆਪਣੇ ਦੇਸ਼ ਵਿੱਚ ਮਜ਼ਦੂਰੀ ਕਰਨ ਤਾਂ ਹੀ ਸਾਡਾ ਦੇਸ਼ ਖੁਸ਼ਹਾਲ ਹੋਵੇਗਾ। ਇਹੋ ਹੀ ਕਮਿਊਨਿਸਟ ਪੂਰਨ ਪ੍ਰਕਾਸ਼ ਤੇ ਬੀਬੀ ਸੰਤੋਸ਼ ਚਾਵਲਾ ਨੂੰ ਸੀਪੀਆਈ ਵੱਲੋਂ ਸੱਚੀ-ਸੁੱਚੀ ਤੇ ਇਨਕਲਾਬੀ ਸ਼ਰਧਾਂਜਲੀ ਅਰਪਿਤ ਹੈ। ਪ੍ਰੋਗਰਾਮ ਵਿੱਚ ਮਤਾ ਪਾਸ ਕੀਤਾ ਗਿਆ ਕਿ 28 ਸਤੰਬਰ ਨੂੰ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿਖੇ ਹੋ ਰਹੇ ਸਮਾਗਮ ਵਿੱਚ ਰਾਜੇਸ਼ ਚਾਵਲਾ ਦੀ ਅਗਵਾਈ ਹੇਠ ਹੁੰਮ-ਹੁਮਾ ਕੇ ਜਥਾ ਪੁੱਜੇਗਾ। ਕਾਮਰੇਡ ਸਾਧੂ ਸਿੰਘ ਭੱਟੀ, ਭੀਮ ਸੈਨ, ਨਰਿੰਦਰ ਪਾਲ ਮੁੱਗੋਪੱਟੀ, ਹਰਬੰਸ ਸਿੰਘ ਪਥਰਾਲਾ ਅਤੇ ਰਤਨ ਸਿੰਘ ਬਹਿਬਲਪੁਰ ਨੇ ਵੀ ਵਿਚਾਰ ਰੱਖੇ।

# ਸਿੱਖਿਆ ਵਿਭਾਗ ਹਰ ਬੱਚੇ ਨੂੰ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ : ਡੀ ਜੀ ਸਿੰਘ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਹਰਜੋਤ ਬੈਂਸ ਅਤੇ ਡਿਪਟੀ ਕਮਿਸ਼ਨਰ ਹਰਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਅਤੇ ਅਧਿਆਪਕਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਜ਼ਿਲ੍ਹੇ ਦੇ ਸਮੂਹ ਸੈਂਟਰ ਹੈੱਡ ਅਧਿਆਪਕਾਂ ਨਾਲ ਰੀਵਿਊ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਮੂਹ ਸਕੂਲਾਂ ਦੀ ਪੂਰੀ ਰਿਪੋਰਟ ਪ੍ਰਾਪਤ ਕੀਤੀ ਗਈ। ਕਮਲਦੀਪ ਕੌਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਦਾ ਮੁੱਖ ਮੰਤਵ ਸਕੂਲਾਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨਾ ਹੈ। ਮੁਸ਼ਕਲਾਂ ਨੂੰ ਪਿੰਡ ਦੀਆਂ ਪੰਚਾਇਤਾਂ ਦੇ ਸਹਿਯੋਗ ਨਾਲ ਦੂਰ ਕੀਤਾ ਜਾ ਸਕਦਾ ਹੈ ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਪਠਾਨਕੋਟ ਜ਼ਿਲ੍ਹੇ ਦੇ ਹਰ ਇੱਕ ਬੱਚੇ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਦੀ ਅਗਵਾਈ ਹੇਠ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਸਕੂਲਾਂ ਨੂੰ ਨਵੀਂ ਚਾਰਦੀਵਾਰੀ ਅਤੇ ਚਾਰਦੀਵਾਰੀ ਦੀ ਰਿਪੇਅਰ ਲਈ ਗ੍ਰਾਂਟ ਭੇਜੀ ਗਈ ਹੈ, ਸਕੂਲ ਮੁਖੀ ਇਸ ਗ੍ਰਾਂਟ ਨੂੰ ਵਿਭਾਗੀ ਨਿਯਮਾਂ ਅਨੁਸਾਰ ਨਿਸ਼ਚਿਤ ਸਮੇਂ ਅੰਦਰ ਖਰਚ ਕਰਨ। ਇਸ ਮੌਕੇ ਜੂਨੀਅਰ ਇੰਜੀਨੀਅਰ ਨਰਿੰਦਰ ਸਿੰਘ, ਸੀਐੱਚਟੀ ਰਵੀ ਕਾਂਤ, ਕੈਲਾਸ਼ ਚੰਦਰ, ਬੋਧ ਰਾਜ, ਅੰਜੂ ਬਾਲਾ ਸਮੇਤ ਸਮੂਹ ਸੀਐੱਚਟੀ ਹਾਜ਼ਰ ਸਨ।

# ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ 'ਚ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਮਨਾਇਆ





**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਚੰਦੂਨੰਗਲ ਤੇ ਜੌੜੀਆਂ ਖੁਰਦ ਪੱਖੋਕੇ ਟਾਹਲੀ ਸਾਹਿਬ ਤੇ ਹਰੂਵਾਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀਚੰਦ ਜੀ ਦਾ ਜਨਮ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਿੰਡ ਚੰਦੂ ਨੰਗਲ ਦਰਬਾਰ ਬਾਬਾ ਸ੍ਰੀ ਚੰਦਰ ਜੀ ਦੇ ਅਸਥਾਨ ਵਿਖੇ ਇਲਾਕੇ ਦੀਆਂ ਸੰਗਤਾਂ ਵੱਲੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।

ਉਪਰੰਤ ਭਾਈ ਸ਼ਾਮ ਸਿੰਘ ਜੌੜੀਆਂ ਕਲਾਂ ਵਾਲਿਆਂ ਦੇ ਕੀਰਤਨੀ ਜਥੇ ਸਮੇਤ ਵੱਖ-ਵੱਖ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਬਾਬਾ ਸ੍ਰੀ ਚੰਦਰ ਜੀ ਦਾ ਆਰਤਾ ਗਾਇਨ ਕੀਤਾ ਗਿਆ। ਇਸ ਮੌਕੇ ਬਾਬਾ ਨਿਸ਼ਾਨ ਸਿੰਘ ਮਛਰਾਲਾ ਦੇ ਕਵੀਸ਼ਰੀ ਜਥੇ ਵੱਲੋਂ ਬਾਬਾ ਸ੍ਰੀ ਚੰਦਰ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ,ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

ਇਸ ਮੌਕੇ ਦਰਬਾਰ ਬਾਬਾ ਸ੍ਰੀ ਚੰਦਰ ਜੀ ਦੇ ਮੁੱਖ ਸੇਵਾਦਾਰ ਮਹੰਤ ਭਗਵਾਨ ਦਾਸ ਅਤੇ ਬੀਬੀ ਗੁਰਪ੍ਰੀਤ ਕੌਰ ਪਤਨੀ ਲਵਪ੍ਰੀਤ ਸਿੰਘ ਬਾਰੀਆਂ ਪਰਿਵਾਰ ਜੌੜੀਆਂ ਖੁਰਦ (ਆਸਟ੍ਰੇਲੀਆ) ਵੱਲੋਂ ਬਾਬਾ ਸ੍ਰੀ ਚੰਦਰ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਆਈਆਂ ਹੋਈਆ ਪ੍ਰਮੁੱਖ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਸ੍ਰੀ ਚੰਦਰ ਦਰਬਾਰ ਦੇ ਮੁੱਖ ਸੇਵਾਦਾਰ ਮਹੰਤ ਬਾਬਾ ਭਗਵਾਨ ਦਾਸ, ਰਣਜੀਤ ਸਿੰਘ, ਐੱਨਆਈਆਈ ਬਾਬਾ ਰਜਿੰਦਰ ਸਿੰਘ ਬੇਦੀ, ਬਾਬਾ ਮਨਜੀਤ ਸਿੰਘ ਬੇਦੀ ਅੰਮਿਸ਼ਾਹੀਆ, ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ, ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਖੁਸ਼ਹਾਲਪੁਰ, ਜਸਪਾਲ ਸਿਘ ਬੇਦੀ ਜੇਈ, ਕੁਲਬੀਰ ਸਿੰਘ ਬੇਦੀ, ਸੋਨੂੰ ਬੇਦੀ, ਕੁਲਵਿੰਦਰ ਸਿੰਘ ਬੇਦੀ, ਦੇਸ ਰਾਜ ਕਾਨੂੰਗੋ, ਗੁਰਬਿੰਦਰ ਸਿੰਘ ਬੇਦੀ, ਸੰਨੀ ਬੇਦੀ ,ਮਿੰਨਟੀ ਬੇਦੀ, ਗੁਰਦੀਪ ਸਿੰਘ ਬੇਦੀ, ਗਗਨਬੀਰ ਸਿੰਘ ਬੇਦੀ, ਬਿਕਰਮ ਸਿੰਘ ਐੱਸਐੱਚਓ ਡੇਰਾ ਬਾਬਾ ਨਾਨਕ , ਗੁਰਪ੍ਰੀਤ ਸਿੰਘ ਖਾਸਾਂਵਾਲੀ, ਸਤਨਾਮ ਸਿੰਘ ਫੌਜੀ, ਸਰਬਜੀਤ ਸਿੰਘ ਮੋਹਨਾ, ਪਰਮਜੀਤ ਸਿੰਘ ਸਾਬੀ, ਸੰਤੋਖ ਸਿੰਘ ਪੱਪੀ, ਪਲਵਿੰਦਰ ਸਿੰਘ ਮੁਨਸ਼ੀ, ਰਿੰਕੂ ਲੰਬਰਦਾਰ, ਗੋਲਡੀ, ਸਰਵਨ ਸਿੰਘ ਬਾਰੀਆ, ਸਮੇਤ ਪਿੰਡ ਚੰਦੂ ਨੰਗਲ, ਜੌੜੀਆਂ ਖੁਰਦ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਜ਼ਿਲ੍ਹਾ ਗੁਰਦਾਸਪੁਰ ਅੰਦਰ ਰੋਡਵੇਜ਼ ਡਿੱਪੂ ਬਣਾਉਣ ਦੀ ਮੰਗ ਨੇ ਫੜਿਆ ਜ਼ੋਰ





**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਜ਼ਿਲ੍ਹਾ ਹੈੱਡਕਵਾਰਟਰ ਹੋਣ ਦੇ ਬਾਵਜੂਦ ਰੋਡਵੇਜ਼ ਡਿਪੂ ਨਹੀਂ ਬਣਾਇਆ ਗਿਆ ਜਿਸ ਕਾਰਨ ਇਲਾਕਾ ਵਾਸੀਆਂ ਵਿਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਦੇ ਆਲੇ ਦੁਆਲੇ ਪਠਾਨਕੋਟ ਤੇ ਬਟਾਲਾ ਵਿਖੇ ਰੋਡਵੇਜ਼ ਡਿੱਪੂ ਬਣੇ ਹੋਏ ਹਨ ਪਰ ਇਹ ਸ਼ਹਿਰ ਜ਼ਿਲ੍ਹਾ ਹੈੱਡਕਵਾਰਟਰ ਹੋਣ ਦੇ ਬਾਵਜੂਦ ਕਿਸੇ ਵੀ ਅਕਾਲੀ, ਭਾਜਪਾ ਅਤੇ ਕਾਂਗਰਸ ਸਰਕਾਰ ਨੇ ਇਥੇ ਰੋਡਵੇਜ਼ ਦਾ ਡਿਪੂ ਬਣਾਉਣ ਦੀ ਜ਼ਰੂਰਤ ਨਹੀਂ ਸਮਝੀ ਜਿਸ ਨਾਲ ਇਹ ਜਿਲ੍ਹਾ ਦਿਨ-ਬ-ਦਿਨ ਪਛੜਦਾ ਜਾ ਰਿਹਾ ਹੈ। ਪੰਜਾਬ ਤੋਂ ਇਲਾਵਾ ਇਥੋਂ ਜੰਮੂ, ਉਧਮਪੁਰ ਅਤੇ ਹਿਮਾਚਲ ਦੇ ਵੱਡੇ-ਵੱਡੇ ਸ਼ਹਿਰਾਂ ਸ਼ਿਮਲਾ, ਡਲਹੌਜ਼ੀ ਮਨਾਲੀ, ਕਾਂਗੜਾ ਆਦਿ ਤੋਂ ਇਲਾਵਾ ਹਰਿਆਣਾ, ਰਾਜਸਥਾਨ ਨੂੰ ਵੀ ਬੱਸਾਂ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ। ਕੁਝ ਸਾਲ ਪਹਿਲਾਂ ਸ਼ਾਮ ਦੇ ਸਮੇਂ ਇਥੋਂ ਹਰਿਦੁਆਰ ਨੂੰ ਵੀ ਬੱਸ ਜਾਂਦੀ ਸੀ ਜਿਹੜੀ ਪਠਾਨਕੋਟ ਤੋਂ ਆਉਂਦੀ ਸੀ ਪਰ ਉਹ ਵੀ ਕਾਫ਼ੀ ਸਮੇਂ ਤੋਂ ਬੰਦ ਪਈ ਹੈ। ਇਹ ਜਿਲ੍ਹਾ ਹੈੱਡਕਵਾਰਟਰ ਬਾਰਡਰ ਏਰੀਆ ਹੋਣ ਕਰਕੇ ਬੱਸਾਂ ਦੀ ਆਵਜਾਈ ਕਾਰਨ ਕਾਫ਼ੀ ਪੱਛੜਿਆ ਹੋਇਆ ਹੈ। ਇਸ ਸ਼ਹਿਰ ਨਾਲ ਲੱਗਦੇ ਕਸਬੇ ਨਰੋਟ ਜੈਮਲ ਸਿੰਘ, ਦੋਰਾਂਗਲਾ, ਕਲਾਨੌਰ, ਡੇਰਾ ਬਾਬਾ ਨਾਨਕ, ਕਾਹਨੂੰਵਾਨ ਤੋਂ ਇਲਾਵਾ ਕਾਫ਼ੀ ਪੱਛੜੇ ਪਿੰਡ ਹਨ ਜੋ ਸਿੱਧੀਆਂ ਬੱਸਾਂ ਤੋਂ ਵਾਂਝੇ ਹਨ। ਲੋਕਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਆਸੀ ਨੇਤਾਵਾਂ ਪਾਸੋਂ ਮੰਗ ਹੈ ਕਿ ਇਥੇ ਰੋਡਵੇਜ਼ ਬੱਸ ਡਿੱਪੂ ਬਣਾਇਆ ਜਾਵੇ। ਜਦ ਇਸ ਸਬੰਧੀ ਨਗਰ ਸੁਧਾਰ ਟਰੱਸਟ ਦੇ ਚੇਅਰੇਮਨ ਰਾਜੀਵ ਸ਼ਰਮਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਦਾ ਉਨ੍ਹਾਂ ਚਾਰਜ ਸੰਭਾਲਿਆ ਹੈ, ਉਦੋਂ ਤੋਂ ਹੀ ਉਹ ਨਵੇਂ ਬੱਸ ਅੱਡੇ ਦੀ ਜਲਦੀ ਤੋਂ ਜਲਦੀ ਅਧੂਰੀ ਉਸਾਰੀ ਦੇ ਕੰਮ ਵਿਚ ਲੱਗੇ ਹੋਏ ਹਨ। ਰੋਡਵੇਜ਼ ਬੱਸ ਡਿਪੂ ਬਾਰੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਨਵਾਂ ਬੱਸ ਅੱਡਾ ਚਾਲੂ ਹੋਣ ਉਪਰੰਤ ਉਨ੍ਹਾਂ ਦੀ ਤਰਜੀਹ ਗੁਰਦਾਸਪੁਰ ਵਿਚ ਰੋਡਵੇਜ਼ ਡਿੱਪੂ ਬਣਾਉਣ ਦੀ ਹੀ ਹੋਵੇਗੀ।

# 'ਡਾ.ਬੀ ਆਰ ਅੰਬੇਡਕਰ ਬੈਸਟ ਟੀਚਰ' ਐਵਾਰਡ ਨਾਲ ਅਧਿਆਪਕਾਂ ਨੂੰ ਕੀਤਾ ਸਨਮਾਨਤ

**ਫਗਵਾੜਾ (ਜਸਵਿੰਦਰ ਢੱਡਾ)**-ਗਜ਼ਟਿਡ ਅਤੇ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਵਲੋਂ ਜ਼ਿਲ੍ਹਾ ਪ੍ਰਧਾਨ ਅਤੇ ਅਡੀਸ਼ਨਲ ਸਟੇਟ ਪ੍ਰਧਾਨ ਸਤਵੰਤ ਸਿੰਘ ਟੂਰਾ ਦੀ ਅਗਵਾਈ ਵਿੱਚ ਇੱਕ ਦਿਲਖਿੱਚਵਾਂ ਸਮਾਗਮ ਕਰਵਾਇਆ ਗਿਆ ਜਿਸ ਵਿਚ ਕਪੂਰਥਲਾ ਜ਼ਿਲ੍ਹੇ ਵਿੱਚ ਵੱਖ-ਵੱਖ ਸਕੂਲਾਂ ਵਿੱਚ ਅਧਿਆਪਨ ਸੇਵਾਵਾਂ ਨਿਭਾ ਰਹੇ ਕਰਮਯੋਗੀ ਅਧਿਆਪਕਾਂ ਨੂੰ ਫੈਡਰੇਸ਼ਨ ਵਲੋਂ ਗਠਿਤ ਚੋਣ ਕਮੇਟੀ ਜਿਸ ਵਿੱਚ ਮਨਜੀਤ ਗਾਟ, ਲਖਵੀਰ ਚੰਦ, ਵਿਨੋਦ ਕੁਮਾਰ, ਬਲਵਿੰਦਰ ਨਿਧੜਕ, ਸਤਨਾਮ ਗਿੱਲ ਅਤੇ ਵੱਖ ਵੱਖ ਅਧਿਆਪਕਾਂ ਵੱਲੋਂ ਦਿੱਤੇ ਸੁਝਾਵਾਂ ਤਹਿਤ ਵਿੱਦਿਅਕ ਸੈਸ਼ਨ 2022-23 ਵਿੱਚ ਅਧਿਆਪਨ ਅਤੇ ਸਮਾਜਕ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਲਈ ਅਧਿਆਪਕ ਦਿਵਸ ਨੂੰ ਸਮਰਪਿਤ ਸਮਾਗਮ ਦੌਰਾਨ 'ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਸਤਵੰਤ ਟੂਰਾ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਪ੍ਰਾਇਮਰੀ ਸਕੂਲ ਹੁਸ਼ਿਆਰਪੁਰ ਚੌਕ ਫਗਵਾੜਾ ਵਿਖੇ ਆਯੋਜਿਤ ਕੀਤੇ ਸਮਾਗਮ ਦੌਰਾਨ ਸੰਤੋਖ ਸਿੰਘ ਮੱਲ੍ਹੀ ਸੈਂਟਰ ਟੀਚਰ ਸਰਕਾਰੀ ਐਲੀਮੈਂਟਰੀ ਸਕੂਲ ਭਾਣੋ ਲੰਗਾ, ਸੁਖਦੇਵ ਸਿੰਘ ਪੰਜਾਬੀ ਮਾਸਟਰ ਸਰਕਾਰੀ ਮਿਡਲ ਸਕੂਲ ਬੋਹਾਨੀ, ਸੰਤੋਸ਼ ਕੌਰ ਈਟੀਟੀ ਅਧਿਆਪਕਾ ਸਰਕਾਰੀ ਐਲੀਮੈਂਟਰੀ ਸਕੂਲ ਭਾਣੋ ਲੰਗਾ, ਕਮਲੇਸ਼ ਕੁਮਾਰੀ ਪੰਜਾਬੀ ਮਿਸਟ੍ਰੈਸ ਸਰਕਾਰੀ ਮਿਡਲ ਸਕੂਲ ਖੇੜਾ, ਗੁਰਦਿਆਲ ਸਿੰਘ ਹੀਰ ਮੈਥ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਮੱਝਾ, ਰਜਿੰਦਰ ਸਿੰਘ ਲੈਕਚਰਾਰ ਭੂਗੋਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਫਗਵਾੜਾ, ਸੋਨੀਆ ਬਨੋਤਰਾ ਈਟੀਟੀ ਅਧਿਆਪਕਾ ਕੋਟਰਾਨੀ, ਪੰਕਜ ਸਿੰਘ ਰਾਵਤ ਕੰਪਿਊਟਰ ਫੈਕਲਟੀ ਸਰਕਾਰੀ ਮਿਡਲ ਸਕੂਲ ਜਮਾਲਪੁਰ ਅਤੇ ਕਮਲਜੀਤ ਕੌਰ ਐਸ ਐਸ ਮਿਸਟ੍ਰੈਸ ਸਸਸਸ ਅਠੌਲੀ ਨੂੰ ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ ਐਵਾਰਡ 2023 ਨਾਲ ਸਨਮਾਨਤ ਕੀਤਾ ਗਿਆ। ਜਦੋਂ ਕਿ ਹਰਬੰਸ ਸਿੰਘ ਘਾਰੂ ਸੀਨੀਅਰ ਸਹਾਇਕ ਕੰਮ ਸੁਪਰਡੈਂਟ (ਰਿਟਾਇਰਡ) ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ, ਪਰਵੀਨ ਸਿੰਘ ਭੂਟਾ, ਵੋਕੇਸ਼ਨਲ ਲੈਕਚਰਾਰ ਫਗਵਾੜਾ, ਗਿਆਨ ਸਿੰਘ ਲੈਕਚਰਾਰ ਅੰਗਰੇਜ਼ੀ (ਰਿਟਾਇਰਡ), ਜਗਦੀਸ਼ ਕੁਮਾਰ ਥਿੰਦ ਕਲਰਕ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਕਪੂਰਥਲਾ, ਨਵਤੇਜ ਸਿੰਘ ਸੈਂਟਰ ਹੈੱਡ ਟੀਚਰ ਨਾਨਕ ਨਗਰੀ ਚਹੇੜੂ ਅਤੇ ਸੰਨੀ ਡੈਵਿਟ ਕਲਰਕ ਸਸਸਸ ਰਾਣੀਪੁਰ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਧਾਨ ਸਤਵੰਤ ਟੂਰਾ ਤੇ ਮਨਜੀਤ ਗਾਟ ਨੇ ਡਾਕਟਰ ਬੀ ਆਰ ਅੰਬੇਡਕਰ ਬੈਸਟ ਟੀਚਰ ਐਵਾਰਡ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਫੈਡਰੇਸ਼ਨ ਅੱਗੇ ਤੋਂ ਵੀ ਆਪਣੇ ਸਮਾਜ ਦੇ ਅਧਿਆਪਕਾਂ ਦੇ ਮਾਣ- ਸਨਮਾਨ ਦਾ ਕਾਰਜ ਜਾਰੀ ਰੱਖੇਗੀ।

# ਜ਼ੋਨ ਪੱਧਰੀ ਕ੍ਰਿਕਟ ਮੁਕਾਬਲੇ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਬੀਤੇ ਦਿਨੀਂ ਗੋਇੰਦਵਾਲ ਸਾਹਿਬ ਜ਼ੋਨ ਵਿੱਚ 67ਵੀਆਂ ਜ਼ੋਨਲ ਖੇਡਾਂ ਸੈਸ਼ਨ 2023-24 ਕਰਵਾਈਆਂ ਗਈਆਂ ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਨੂੰ ਸਰੀਰਕ ਪੱਖੋਂ ਮਜ਼ਬੂਤ ਬਣਾਉਣਾ ਸੀ। ਇਹ ਸਾਰੀਆਂ ਖੇਡਾਂ ਜ਼ੋਨਲ ਕਨਵੀਨਰ ਬਲਦੇਵ ਸਿੰਘ ਬਸਰਾ ਦੀ ਯੋਗ ਅਗਵਾਈ ਅਧੀਨ ਕਰਵਾਈਆਂ ਗਈਆਂ।

ਜ਼ੋਨਲ ਖੇਡਾਂ ਦੇ ਅਧੀਨ ਚੱਲ ਰਹੇ ਮੁਕਾਬਲਿਆਂ ਵਿੱਚ ਕ੍ਰਿਕਟ ਅੰਡਰ-19 ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਆਬਾਦ ਵਿੱਚ ਕਰਵਾਏ ਗਏ ਜਿਸ ਵਿੱਚ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।

ਮੁਕਾਬਲੇ ਕਾਫ਼ੀ ਸਖ਼ਤ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਆਪਣੀ ਮਿਹਨਤ ਅਤੇ ਕੋਚ ਸੁਖਵਿੰਦਰ ਸਿੰਘ ਦੀ ਸਹੀ ਸੇਧ ਸਦਕਾ ਕ੍ਰਿਕਟ ਅੰਡਰ-19 ਲੜਕਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਆਪਣੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਜ਼ਿਲ੍ਹਾ ਖੇਡ ਕੋਆਰਡੀਨੇਟਰ ਯੁਗਰਾਜ ਸਿੰਘ ਅਤੇ ਖੇਡਾਂ ਦੇ ਡਿਪਟੀ ਡੀਈਓ ਗੁਰਬਚਨ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਜਿੱਤ ਦੀ ਖੁਸ਼ੀ ਨੂੰ ਸਾਂਝਾ ਕਰਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਅੱਵਲ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਸਦਾ ਮਿਹਨਤ ਸਦਕਾ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# ਫਸਲਾਂ ਦੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਬਲਾਕ ਪੱਧਰੀ ਵਰਕਸ਼ਾਪ ਲਗਾਈ



**ਬਟਾਲਾ, (ਤਰਲੋਕ ਬੱਗਾ)**—ਵਿੰਗੀਫਾਈ ਨਵੀਂ ਦਿੱਲੀ ਵੱਲੋਂ ਪੰਜਾਬ ਫੋਕ ਆਰਟ ਸੈਂਟਰ ਗੁਰਦਾਸਪੁਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਗੁਰਦਾਸਪੁਰ ਦੇ ਸਹਿਯੋਗ ਨਾਲ ਬੈਟਰ ਅਨਵਾਇਰਮੈਂਟ, ਬੈਟਰ ਫਿਊਚਰ ਪ੍ਰਾਜੈਕਟ ਅਧੀਨ ਵੱਖ-ਵੱਖ ਬਲਾਕਾਂ ਵਿੱਚ ਬਲਾਕ ਪੱਧਰੀ ਵਰਕਸ਼ਾਪ ਲਗਾਈ ਗਈ। ਇਸ ਮੌਕੇ ਹਰਮਨਪ੍ਰੀਤ ਖੇਤੀਬਾੜੀ ਵਿਸਥਾਰ ਅਫਸਰ ਅਤੇ ਪ੍ਰੋਜੈਕਟ ਇੰਚਾਰਜ ਨੇ ਦੱਸਿਆ ਕਿ ਵਿੰਗੀਫਾਈ ਫਾਊਂਡੇਸ਼ਨ ਨਵੀਂ ਦਿੱਲੀ ਪੂਰੇ ਭਾਰਤ ਵਿੱਚ ਵਾਤਾਵਰਨ ਦੀ ਸਾਂਭ-ਸੰਭਾਲ ਰੱਖਣ ਲਈ ਜਾਗਰੂਕਤਾ ਅਭਿਆਨ ਚਲਾ ਰਿਹੀ ਹੈ। ਗੰਦਾ ਵਾਤਾਵਰਨ ਜਿਥੇ ਮਨੁੱਖਤਾ ਦੀ ਸਿਹਤ ਖਰਾਬ ਕਰਦਾ ਹੈ ਉੱਥੇ ਆਉਣ ਵਾਲੀਆਂ ਪੀੜ੍ਹੀਆਂ ਲਈ ਨੁਕਸਾਨਦਾਇਕ ਹੁੰਦਾ ਹੈ। ਗੁਰਦਾਸਪੁਰ ਜ਼ਿਲ੍ਹੇ ਅੰਦਰ ਇਹ ਆਭਿਆਨ ਇੱਕ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਚਲਾਇਆ ਜਾਂ ਰਿਹਾ ਹੈ। ਇਸ ਜ਼ਿਲ੍ਹੇ ਦੇ 11 ਬਲਾਕਾ ਵਿੱਚ 22 ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਣਾ ਹੈ। ਇਸ ਦੇ ਨਾਲ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਪਿੰਡਾਂ ਵਿੱਚ ਜਾਗਰੂਕਤਾ ਰੈਲੀ ਕੱਢੀ ਜਾਣੀ ਹਨ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਨੁੱਕੜ ਨਾਟਕ ਵੀ ਖੇਡੇ ਜਾਣਗੇ। ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਵਾਤਾਵਰਨ ਨੂੰ ਲੈ ਕੇ ਕੁਇਜ਼, ਖੋ-ਖੋ ਮੁਕਾਬਲੇ ਕਰਵਾਏ ਜਾਣਗੇ। ਪ੍ਰੋਜੈਕਟ ਦੀ ਸ਼ੁਰੂਅਤ ਵਿੱਚ ਇਸ ਹਫਤੇ 5 ਬਲਾਕਾ ਵਿੱਚ ਕਿਸਾਨ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਕਲਾਨੌਰ, ਫਤਿਹਗੜ੍ਹ ਚੂੜੀਆਂ, ਸ਼੍ਰੀ ਹਰਗੋਬਿੰਦਰਪੁਰ ਸਾਹਿਬ, ਦੀਨਾਨਾਗਰ ਬਲਾਕ ਸ਼ਾਮਲ ਹਨ।

ਖੇਤੀ ਮਾਹਿਰਾ ਅਤੇ ਵਿਸ਼ਾ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਨਾ ਸਾੜ ਕੇ ਖੇਤ ਵਿੱਚ ਹਰੀ ਖਾਦ ਦੇ ਰੂਪ ਵਿੱਚ ਵਰਤਣ ਲਈ ਕਿਹਾ ਗਿਆ, ਜਿਸ ਨਾਲ ਪਰਾਲੀ ਦੇ ਧੂੰਏਂ ਦੇ ਦੁਰਪ੍ਰਭਾਵ ਨਾਲ ਪੈਦਾ ਹੁੰਦੀਆਂ ਬੀਮਾਰੀਆਂ ਬਾਰੇ ਜਾਣਕਾਰੀ ਦਿੱਤੀ। ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਨਾਲ ਵਿਸ਼ੇਸ਼ ਮੀਟਿੰਗ ਕਰਕੇ ਪੂਰਾ ਸਾਥ ਦਾ ਵਾਅਦਾ ਕੀਤਾ। ਇਸ ਕੈਂਪ ਵਰਕਸ਼ਾਪ ਵਿੱਚ ਡਾ. ਕਾਹਲੋਂ ਏ. ਓ., ਹਰਮਨਪ੍ਰੀਤ ਸਿੰਘ, ਡਾ. ਹਰਨਦੀਪ ਸਿੰਘ, ਦਿਲਪ੍ਰੀਤੀ ਸਿੰਘ, ਜਗਮੀਤ ਸਿੰਘ ਬੀਟੀਐਮ, ਏਈਓ ਮੋਹਨ ਸਿੰਘ, ਸੋਲਨ ਏਡੀਓ ਹਾਜ਼ਰ ਸਨ। ਇਹਨਾਂ ਕੈਂਪਾਂ ਦਾ ਅਭਿਆਨ ਪੰਜਾਬ ਫੋਕ ਆਰਟ ਦੇ ਸਹਿਯੋਗ ਨਾਲ ਕੀਤਾ। ਇਹ ਸਾਰੀ ਮੁਹਿੰਮ ਸਾਂਝੇ ਤੌਰ 'ਤੇ ਡਾ. ਹਿਮਾਂਸ਼ੂ ਆਗਰਵਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ.ਕਿਰਪਾਲ ਸਿੰਘ ਯੋਗ ਅਗਵਾਈ ਵਿੱਚ ਚਲਾਈ ਜਾ ਰਹੀ ਹੈ।

# ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਤੇ ਜਨਰਲ ਸਕੱਤਰ ਖਿਲਾਫ ਦਰਜ ਐੱਫ ਆਈ ਆਰ ਤੁਰੰਤ ਰੱਦ ਕਰਨ ਦੀ ਮੰਗ

**ਗੁਰਦਾਸਪੁਰ, (ਦਿਨੇਸ਼ ਕੁਮਾਰ)** ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਦੁੱਗਲ ਅਤੇ ਜਨਰਲ ਸਕੱਤਰ ਜੀ.ਐਸ.ਚਾਵਲਾ ਖਿਲਾਫ ਪਟਿਆਲਾ ਪੁਲਸ ਵੱਲੋਂ ਝੂਠੀਆਂ ਸ਼ਿਕਾਇਤਾਂ 'ਤੇ ਦਰਜ ਕੀਤੀ ਗਈ ਐਫ ਆਈ ਆਰ ਨੂੰ ਤੁਰੰਤ ਰੱਦ ਨਾ ਕੀਤਾ ਗਿਆ ਤਾਂ ਐਸੋਸੀਏਸ਼ਨ ਸੰਘਰਸ਼ ਕਰਨ ਤੋਂ ਪਿੱਛੇ ਨਹੀਂ ਹਟੇਗੀ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਸਤੀਸ਼ ਕਪੂਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਭਜਿੰਦਰ ਆਨੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਪਰੋਕਤ ਆਗੂਆਂ ਨੇ ਕਿਹਾ ਕਿ ਸੁਰਿੰਦਰ ਦੁੱਗਲ ਪਿਛਲੇ ਲੰਮੇ ਸਮੇਂ ਤੋਂ ਪ੍ਰਧਾਨ ਅਤੇ ਜੀ.ਐਸ.ਚਾਵਲਾ ਲੰਬੇ ਸਮੇਂ ਤੋਂ ਜਨਰਲ ਸਕੱਤਰ ਵਜੋਂ ਕੰਮ ਕਰ ਰਹੇ ਹਨ ਅਤੇ ਆਲ ਇੰਡੀਆ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਤੋਂ ਮਾਨਤਾ ਪ੍ਰਾਪਤ ਚੁਣੇ ਹੋਏ ਅਹੁਦੇਦਾਰ ਹਨ। ਇਨ੍ਹਾਂ ਅਹੁਦੇਦਾਰਾਂ ਦੀ ਚੋਣ ਕੈਮਿਸਟਾਂ ਵੱਲੋਂ ਜਮਹੂਰੀ ਢੰਗ ਨਾਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਐਸੋਸੀਏਸ਼ਨ ਵਿੱਚੋਂ ਕੱਢੇ ਗਏ ਕੁਝ ਸ਼ਰਾਰਤੀ ਅਨਸਰਾਂ ਨੇ ਜ਼ਿਲ੍ਹਾ ਪਟਿਆਲਾ ਪੁਲਸ ਤੋਂ ਜਾਅਲੀ ਦਸਤਾਵੇਜ਼ ਤਿਆਰ ਕਰਕੇ ਕਾਰਵਾਈ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਕਿਉਂਕਿ ਇਹ ਲੋਕ ਝੂਠੀਆਂ ਸ਼ਿਕਾਇਤਾਂ ਦੇ ਕੇ ਐਸੋਸੀਏਸ਼ਨ ਨੂੰ ਬਦਨਾਮ ਕਰਨਾ ਚਾਹੁੰਦੇ ਹਨ। ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਦੇ 28 ਹਜ਼ਾਰ ਕੈਮਿਸਟ ਸੁਰਿੰਦਰ ਦੁੱਗਲ ਅਤੇ ਜੀ.ਐਸ.ਚਾਵਲਾ ਨਾਲ ਚੱਟਾਨ ਵਾਂਗ ਖੜ੍ਹੇ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਉਕਤ ਆਗੂਆਂ ਖਿਲਾਫ ਪਟਿਆਲਾ ਪੁਲਸ ਵੱਲੋਂ ਦਰਜ ਕੀਤੀ ਐਫ.ਆਈ.ਆਰ ਨੂੰ ਤੁਰੰਤ ਰੱਦ ਕੀਤਾ ਜਾਵੇ।

# ਮਾਨ ਸਰਕਾਰ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦੀ ਗਰੰਟੀ ਪੂਰੀ ਕਰੇ: ਬੱਖਤਪੁਰਾ



**ਬਟਾਲਾ (ਤਰਲੋਕ ਬੱਗਾ)**-ਫੈਜ਼ਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਸਫਾਈ ਅਤੇ ਮਿਡ ਡੇ ਮੀਲ ਵਰਕਰਾਂ ਦੀ ਤਹਿਸੀਲ ਪੱਧਰੀ ਮੀਟਿੰਗ ਪਰਮਜੀਤ ਕੌਰ ਬਿਜਲੀਵਾਲ ਅਤੇ ਬਲਜੀਤ ਕੌਰ ਗੋਟਿਆਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਬੋਲਦਿਆਂ ਏਕਟੂ ਦੇ ਜ਼ਿਲਾ ਆਗੂ ਦਲਬੀਰ ਭੋਲਾ ਅਤੇ ਏਕਟੂ ਦੇ ਸੂਬਾ ਮੀਤ ਪ੍ਰਧਾਨ ਅਤੇ ਲਿਬਰੇਸਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮਿਡ ਡੇ ਮੀਲ ਵਰਕਰਾਂ ਦੀ 3000 ਤਨਖਾਹ ਨੂੰ ਵਧਾ ਕੇ 10000 ਰੁਪਏ ਕੀਤਾ ਜਾਵੇ ਅਤੇ ਹਰ ਸਕੂਲ ਵਿੱਚ ਸਫਾਈ ਵਰਕਰਾਂ ਦੀ ਭਰਤੀ ਪੱਕੇ ਤੌਰ 'ਤੇ ਕੀਤੀ ਜਾਵੇ।

ਪੰਜਾਹ ਬੱਚਿਆਂ ਪਿੱਛੇ ਦੋ ਮਿਡ ਡੇ ਮੀਲ ਵਰਕਰਾਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਆਗੂਆਂ ਕਿਹਾ ਕਿ ਮਾਨ ਸਰਕਾਰ ਨੇ ਚੋਣਾਂ ਸਮੇਂ ਸਕੀਮ ਵਰਕਰਾਂ ਦੀਆਂ ਤਨਖਾਹਾਂ ਘੱਟੋ-ਘੱਟ ਉਜਰਤਾਂ ਦੇ ਬਰਾਬਰ ਕਰਨ ਦੀਆਂ ਡੀਂਗਾਂ ਮਾਰੀਆਂ ਸਨ ਪਰ ਮਿਡ ਡੇ ਮੀਲ ਵਰਕਰਾਂ ਨੂੰ 3000 ਰੁਪਏ ਤਨਖਾਹ ਵੀ ਸਮੇਂ ਸਿਰ ਨਹੀਂ ਮਿਲ ਰਹੀ। ਬੀਤੇ ਦੋ ਮਹੀਨਿਆਂ ਤੋਂ ਤਨਖਾਹਾਂ ਰੁਕੀਆਂ ਪਈਆਂ ਹਨ।

ਇਸ ਸਮੇਂ ਮਾਨ ਸਰਕਾਰ ਨੂੰ ਯਾਦ ਦਿਵਾਇਆ ਗਿਆ ਕਿ ਚੋਣਾਂ ਸਮੇਂ ਸਰਕਾਰ ਨੇ ਹਰ ਬਾਲਗ ਔਰਤ ਨੂੰ 1000 ਰੁਪਏ ਮਹੀਨਾ ਭੱਤਾ ਦੇਣ ਅਤੇ ਬੁਢਾਪਾ ਤੇ ਵਿਧਵਾ ਪੈਨਸ਼ਨ 2500 ਰੁਪਏ ਕਰਨ ਦੀਆਂ ਗਰੰਟੀਆਂ ਦਿੱਤੀਆਂ ਸਨ ਜਿਨ੍ਹਾਂ ਬਾਰੇ ਸਰਕਾਰ ਹੁਣ ਬਿਲਕੁਲ ਮੂੰਹ ਨਹੀਂ ਖੋਲ੍ਹ ਰਹੀ। ਆਗੂਆਂ ਮਾਨ ਸਰਕਾਰ ਉਪਰ ਹਰ ਵਰਗ ਤੋਂ ਝੂਠ ਬੋਲ ਕੇ ਵੋਟਾਂ ਲੈਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮਾਨ ਸਰਕਾਰ ਆਪਣੇ ਅਮਲ ਵਿੱਚ ਪਿਛਲੀਆਂ ਸਰਕਾਰਾਂ ਤੋਂ ਕੋਈ ਵੱਖਰੀ ਨਹੀਂ ਦਿਸ ਰਹੀ। ਮੀਟਿੰਗ ਵਿਚ ਪੰਜਾਬ ਸਰਕਾਰ ਤੋਂ ਜਨਤਾ ਨਾਲ ਕੀਤੀਆਂ ਗਰੰਟੀਆਂ ਪੂਰੀਆਂ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਮਨਜੀਤ ਕੌਰ ਨਿਕੋਸਰਾਂ ਅਤੇ ਕੰਤੀ ਤਲਵੰਡੀ ਆਦਿ ਸ਼ਾਮਲ ਸਨ।

# ਬੇਟ ਇਲਾਕੇ ਦੇ ਪਿੰਡਾਂ ਦੀਆਂ ਖਸਤਾ ਹਾਲ ਸੰਪਰਕ ਸੜਕਾਂ ਦੀ ਜੂਨ ਕਦੋਂ ਸੁਧਰੂ !





**ਗੁਰਦਾਸਪੁਰ, (ਜਨਕ ਮਹਾਜਨ)**-ਬੇਟ ਏਰੀਏ ਦੀਆਂ ਸੰਪਰਕ ਸੜਕਾਂ ਦੀ ਹਾਲਤ ਬੇਹੱਦ ਖਸਤਾ ਹੋਣ ਦੇ ਨਾਲ ਡੂੰਘੇ-ਡੂੰਘੇ ਟੋਇਆਂ ਕਾਰਨ ਆਵਾਜਾਈ ਕਾਫ਼ੀ ਪ੍ਰਭਾਵਿਤ ਹੋ ਰਹੀ ਹੈ। ਇਸ ਪਾਸੇ ਲੋਕ ਨਿਰਮਾਣ ਤੇ ਮੰਡੀ ਬੋਰਡ ਕੋਈ ਵੀ ਧਿਆਨ ਨਹੀਂ ਦੇ ਰਿਹਾ ਜਿਸ ਕਾਰਨ ਲੋਕਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਸਰਪੰਚ ਹਰਭਜਨ ਸਿੰਘ ਅਤੇ ਸਰਪੰਚ ਲਖਵਿੰਦਰ ਸਿੰਘ ਨੇ ਦੱਸਿਆ ਕਿ ਨਵਾਂ ਸ਼ਾਲਾ ਤੋਂ ਨਵਾਂ ਪਿੰਡ, ਬਹਾਦਰ, ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਤੇ ਹੋਰ ਪਿੰਡਾਂ ਦੀਆਂ ਸੰਪਰਕ ਸੜਕਾਂ ਦੀ ਹਾਲਤ ਬਹੁਤ ਬੁਰੀ ਹੋਈ ਪਈ ਹੈ। ਇਨ੍ਹਾਂ ਖਸਤਾ ਹਾਲਤ ਸੜਕਾਂ ਤੋਂ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਦੀ ਪੰਜਾਬ ਸਰਕਾਰ ਅਤੇ ਸਬੰਧਿਤ ਵਿਭਾਗਾਂ ਪਾਸੋਂ ਮੰਗ ਹੈ ਕਿ ਬੇਟ ਏਰੀਏ ਦੀਆਂ ਟੁੱਟੀਆਂ ਹੋਈਆਂ ਸੰਪਰਕ ਸੜਕਾਂ ਦੀ ਜਲਦੀ ਮੁਰੰਮਤ ਕਰਵਾਈ ਜਾਵੇ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪਿੰਡ ਨੌਸ਼ਹਿਰਾ ਬਹਾਦਰ ਤੇ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਨੂੰ ਜਾਣ ਵਾਲੀ ਸੰਪਰਕ ਸੜਕ ਦੀ ਹਾਲਤ ਸੁਧਾਰੀ ਜਾਵੇ ਤਾਂ ਕਿ ਲੋਕਾਂ ਨੂੰ ਆ ਰਹੀ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।

# ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਯਤਨਸ਼ੀਲ : ਬਲਕਾਰ ਸਿੰਘ



**ਜਲੰਧਰ ( ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅੱਜ ਕਿਹਾ ਕਿ ਸੂਬੇ 'ਚ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਸਥਾਨਕ ਪਿੰਡ ਸਿੰਘਾ ਵਿਖੇ ਸਿੰਘਾ ਸਪੋਰਟਸ ਅਕੈਡਮੀ ਵੱਲੋਂ ਕਰਵਾਏ ਜਾ ਰਹੇ ਆਈ.ਟੀ.ਐਫ 400 ਮਾਸਟਰ ਟੈਨਿਸ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਉਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਵਚਨਬੱਧ ਹੈ, ਇਸੇ ਤਹਿਤ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਪੰਜਾਬ ਦੀ ਜਵਾਨੀ ਨੂੰ ਮੁੜ ਖੇਡਾਂ ਨਾਲ ਜੋੜ ਕੇ ਰੰਗਲਾ ਪੰਜਾਬ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵੀਂ ਖੇਡ ਨੀਤੀ ਲਾਗੂ ਕੀਤੀ ਗਈ ਹੈ, ਜਿਸ ਨਾਲ ਨਾ ਸਿਰਫ ਉੱਭਰਦੇ ਖਿਡਾਰੀਆਂ ਦੇ ਹੁਨਰ ਨੂੰ ਤਰਾਸ਼ ਕੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਤਿਆਰ ਕੀਤਾ ਜਾਵੇਗਾ ਸਗੋਂ ਉਨ੍ਹਾਂ ਦੀ ਊਰਜਾ ਨੂੰ ਉਸਾਰੂ ਪਾਸ ਵੀ ਲਾਇਆ ਜਾਵੇਗਾ। ਇਸ ਮੌਕੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦਾ ਸੱਦਾ ਦਿੰਦਿਆਂ ਮੰਤਰੀ ਨੇ ਕਿਹਾ ਕਿ ਖੇਡਾਂ ਵਿੱਚ ਹਾਰ-ਜਿੱਤ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜਿਥੇ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ ਉਥੇ ਖਿਡਾਰੀਆਂ ਵਿੱਚ ਟੀਮ ਵਰਕ ਦੀ ਭਾਵਨਾ ਵੀ ਪੈਦਾ ਹੁੰਦੀ ਹੈ। ਉਨ੍ਹਾਂ ਬਿਹਤਰ ਜ਼ਿੰਦਗੀ ਜਿਉਣ ਲਈ ਨੌਜਵਾਨਾਂ ਨੂੰ ਕਿਸੇ ਨਾ ਕਿਸੇ ਖੇਡ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਵੀ ਕੀਤੀ।

# ਸ਼੍ਰੋਮਣੀ ਕਮੇਟੀ ਨੇ ਬਾਬਾ ਫਰੀਦ ਜੀ ਦਾ ਜਨਮ ਦਿਹਾੜਾ ਮਨਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬਾਬਾ ਫਰੀਦ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।

ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਲਿਆ। ਇਸ ਮੌਕੇ ਭਾਈ ਅਮਰੀਕ ਸਿੰਘ ਨੇ ਸੰਗਤਾਂ ਨੂੰ ਬਾਬਾ ਫਰੀਦ ਜੀ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਦੇ ਨਾਲ-ਨਾਲ ਭਗਤਾਂ ਦੀ ਬਾਣੀ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਹੈ। ਬਾਬਾ ਫਰੀਦ ਜੀ ਦੀ ਬਾਣੀ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ, ਜਿਸਦੀ ਸੇਧ ਵਿਚ ਚੱਲ ਕੇ ਸਫਲ ਜੀਵਨ ਬਤੀਤ ਕੀਤਾ ਜਾ ਸਕਦਾ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਬਾਬਾ ਫਰੀਦ ਜੀ ਦੇ ਜਨਮ ਦਿਹਾੜੇ ਦੀ ਸੰਗਤ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਜੀਵਨ ਤੋਂ ਸੇਧ ਲੈ ਕੇ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਜੋਗਿੰਦਰ ਕੌਰ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਮਨਜੀਤ ਸਿੰਘ ਕਾਦੀਆਂ, ਸੁਪ੍ਰਿੰਟੈਂਡੈਂਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਬਘੇਲ ਸਿੰਘ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ ਸਮੇਤ ਸੰਗਤਾਂ ਹਾਜ਼ਰ ਸਨ।



ਬਟਾਲਾ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਸਮਾਪਤੀ ਮੌਕੇ ਸਟੇਜ ਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੰਘ ਸਭਾ (ਰਜਿ.) ਕਾਹਨੂੰਵਾਨ ਰੋਡ ਬਟਾਲਾ ਵਿਖੇ ਕਮੇਟੀ ਮੈਂਬਰ ਪ੍ਰਧਾਨ ਸੁਲੱਖਣ ਸਿੰਘ, ਕਰਤਾਰ ਸਿੰਘ ਸੀਨੀਅਰ ਮੀਤ ਪ੍ਰਧਾਨ, ਬਾਵਾ ਸਿੰਘ ਸਕੱਤਰ ਜਨਰਲ, ਪ੍ਰੀਤਮ ਸਿੰਘ ਜਰਨਲ ਸਕੱਤਰ, ਸਵਿੰਦਰ ਪਾਲਸਿੰਘ ਕੈਸ਼ੀਅਰ, ਹਰਪਾਲ ਸਿੰਘ ਮੀਤ ਪ੍ਰਧਾਨ, ਕੁਲਵੰਤ ਸਿੰਘ ਸਾਬਕਾ ਐੱਮਸੀ ਅਤੇ ਹੋਰਨਾਂ ਵੱਲੋਂ ਕੁਝ ਮਾਣਯੋਗ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਨਰੇਸ਼ ਗੋਇਲ ਚੇਅਰਮੈਨ ਨਗਰ ਸੁਧਾਰ ਟਰੱਸਟ ਬਟਾਲਾ, ਡਾ. ਮਲਵਿੰਦਰ ਸਿੰਘ ਚੇਅਰਮੈਨ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ, ਰਾਜ ਰਾਣੀ ਸੀਐੱਚਟੀ ਸੇਵਾਮੁਕਤ ਸਿੱਖਿਆ ਵਿਭਾਗ ਪੰਜਾਬ ਅਤੇ ਹੋਰ। (ਫੋਟੋ ਤੇ ਵੇਰਵਾ: ਡਾ. ਮਲਵਿੰਦਰ ਸਿੰਘ ਬਟਾਲਾ)

# ਨਿਰਵਾਣ ਹਸਪਤਾਲ ਵਿਖੇ ਸਰਵਾਈਕਲ ਵੈਕਸੀਨ ਲਗਾਉਣ ਦੀ ਮੁਹਿੰਮ ਸ਼ੁਰੂ



**ਅੰਮ੍ਰਿਤਸਰ (ਅਰੋੜਾ)**-ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਦੀਪਕ ਖੰਨਾ, ਸਕੱਤਰ ਸਾਵਣ ਅਰੋੜਾ, ਪ੍ਰੋਜੈਕਟ ਚੇਅਰਮੈਨ ਇਨਰਵ੍ਹੀਲ ਕਲੱਬ ਦੀ ਜ਼ਿਲਾ ਚੇਅਰਮੈਨ ਰੀਟਾ ਸ਼ਰਮਾ ਦੀ ਪ੍ਰਧਾਨਗੀ ਹੇਠ 9 ਤੋਂ 14 ਸਾਲ ਦੀਆਂ ਲੜਕੀਆਂ ਨੂੰ ਸਰਵਾਈਕਲ ਕੈਂਸਰ ਵਰਗੇ ਭਿਆਨਕ ਰੋਗ ਤੋਂ ਬਚਾਉਣ ਦੇ ਲਈ ਰੋਟਰੀ ਇੰਟਰਨੈਸ਼ਨਲ ਵੱਲੋਂ ਚਲਾਏ ਗਏ ਅਭਿਆਨ ਦੇ ਤਹਿਤ ਨਿਰਵਾਣ ਹਸਪਤਾਲ ਬਟਾਲਾ ਰੋਡ ਵਿਖੇ ਲੜਕੀਆਂ ਨੂੰ ਵੈਕਸੀਨ ਲਗਾ ਕੇ ਇਸ ਮੁਹਿੰਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਰੋਟਰੀ ਦੇ 3070 ਦੇ ਗਵਰਨਰ ਵਿਪਨ ਭਸੀਨ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੀ ਦੇਖ-ਰੇਖ ਵਿੱਚ ਸਰਵਾਈਕਲ ਵੈਕਸੀਨ ਲਗਾਉਣ ਆਈਆਂ ਲੜਕੀਆਂ ਦੇ ਮਾਪਿਆਂ ਨੂੰ ਇਸ ਮੁਹਿੰਮ ਦੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਇਸ ਬਾਰੇ ਜਾਗਰਿਤ ਕੀਤਾ ਜਾਵੇ ਤਾਂ ਕਿ ਛੋਟੀ ਲੜਕੀਆਂ ਨੂੰ ਆਉਣ ਵਾਲੀ ਬਿਪਤਾ ਤੋਂ ਬਚਾਇਆ ਜਾਵੇ। ਪ੍ਰਧਾਨ ਦੀਪਕ ਖੰਨਾ ਨੇ ਦੱਸਿਆ ਕਿ ਅੱਜ 22 ਲੜਕੀਆਂ ਦੇ ਮਾਪੇ ਸਰਵਾਈਕਲ ਵੈਕਸੀਨ ਲਗਵਾਉਣ ਦੇ ਲਈ ਆਏ। ਉਨ੍ਹਾਂ ਨੇ ਕਿਹਾ ਕਿ ਇਹ ਮੁਹਿੰਮ ਰੋਟਰੀ ਦੇ ਵੱਲੋਂ ਜਾਰੀ ਰਹੇਗੀ ਅਤੇ ਲੜਕੀਆਂ ਨੂੰ ਸਰਵਾਈਕਲ ਕੈਂਸਰ ਦੇ ਬਾਰੇ ਹਰ ਹਾਲ ਵਿੱਚ ਦੱਸਿਆ ਜਾਵੇਗਾ। ਇਸ ਮੌਕੇ ਜ਼ੋਨਲ ਚੇਅਰਮੈਨ ਜਤਿੰਦਰ ਸਿੰਘ, ਰੋਟਰੀਅਨ ਵਿਜੇ ਨਈਅਰ, ਨਿਰਮਲ ਸਿੰਘ, ਡਾ. ਇੰਦੂ ਗੁਪਤਾ, ਗੁਰਿੰਦਰ ਪਾਲ ਕੌਰ, ਅਸ਼ੋਕ ਕੁਮਾਰ, ਸਚਿਨ ਅਰੋੜਾ, ਸੁਰਿੰਦਰ ਸਿੰਘ, ਰੋਟਰੈਕਟ ਕਲੱਬ ਦੀ ਪ੍ਰਧਾਨ ਸੁਖਪਿੰਦਰ ਕੌਰ ਨੇ ਖਾਸ ਤੌਰ 'ਤੇ ਭਾਗ ਲਿਆ।

# ਬਲੱਡ ਕੈਂਸਰ ਨਾਲ ਪੀੜਤ ਅੱਤ ਗਰੀਬ ਮਸੂਮ ਵਿਦਿਆਰਥੀ ਦੀ ਕੌਣ ਫੜੂ ਬਾਂਹ !



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਇਥੋਂ ਨੇੜਲੇ ਪਿੰਡ ਚੰਬਾ ਕਲਾਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਚੌਥੀ ਜਮਾਤ ਦਾ ਹੋਣਹਾਰ ਵਿਦਿਆਰਥੀ ਜਸਪ੍ਰੀਤ ਸਿੰਘ (10) ਪੁੱਤਰ ਹਰਪ੍ਰੀਤ ਸਿੰਘ ਨੂੰ ਖੇਡਦੇ ਸਮੇਂ ਸੱਟ ਲੱਗ ਗਈ ਜਿਸ ਨੂੰ ਉਸਦੇ ਅੱਤ ਗਰੀਬ ਮਾਪੇ ਕੁਲਵਿੰਦਰ ਕੌਰ ਅਤੇ ਪਿਤਾ ਹਰਪ੍ਰੀਤ ਸਿੰਘ ਨੇ ਪਹਿਲਾਂ ਸਰਕਾਰੀ ਹਸਪਤਾਲ ਸਰਹਾਲੀ ਕਲਾਂ ਵਿਖੇ ਇਲਾਜ ਲਈ ਲਿਆਂਦਾ ਜਿੱਥੇ ਡਾਕਟਰਾਂ ਨੇ ਚੈੱਕ-ਅੱਪ ਕਰਕੇ ਉਸ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਭੇਜ ਦਿੱਤਾ। ਉਥੇ 5-6 ਦਿਨ ਦਾਖਲ ਰਹਿਣ ਦੇ ਬਾਵਜੂਦ ਗੋਡੇ ਦੀ ਸੱਟ ਨੂੰ ਕੋਈ ਫਰਕ ਨਾ ਪਿਆ ਤੇ ਡਾਕਟਰਾਂ ਨੇ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ। ਬੱਚਾ 3-4 ਦਿਨ ਦਾਖਲ ਰਿਹਾ ਜਿੱਥੇ ਡਾਕਟਰਾਂ ਨੇ ਉਸਦੇ ਸਾਰੇ ਮੁੱਢਲੇ ਟੈਸਟ ਕਰਕੇ ਦੱਸਿਆ ਕਿ ਇਸਨੂੰ ਬਲੱਡ ਕੈਂਸਰ ਹੈ।

ਇਸ ਦਾ ਇਲਾਜ ਕਾਫੀ ਮਹਿੰਗਾ ਤੇ ਲੰਬਾ ਹੈ। ਸੋ ਤੁਸੀਂ ਤਿੰਨ ਲੱਖ ਰੁਪਏ ਪਹਿਲਾਂ ਜਮ੍ਹਾ ਕਰਵਾ ਦਿਉ। ਮਾਂ ਪਿਓ ਨੇ ਡਾਕਟਰਾਂ ਦੇ ਤਰਲੇ ਮਿੰਨਤਾਂ ਕੀਤੀਆਂ ਕਿ ਉਹ ਇੰਨੇ ਪੈਸੇ ਨਹੀਂ ਜਮ੍ਹਾ ਕਰਵਾ ਸਕਦੇ ਤੇ ਉਹ ਪਿੰਡ ਵਿੱਚੋਂ ਥੋੜੀ ਬਹੁਤੀ ਰਕਮ ਇਕੱਠੀ ਕਰਕੇ ਜਲਦ ਜਮ੍ਹਾ ਕਰਵਾ ਦੇਣਗੇ ਪਰ ਉਹ ਟੱਸ ਤੋਂ ਮੱਸ ਨਾ ਹੋਏ। ਮਜਬੂਰਨ ਉਨ੍ਹਾਂ ਨੂੰ ਰੋਂਦੇ ਕੁਰਲਾਉਂਦੇ ਪਿੰਡ ਪਰਤਣਾ ਪਿਆ। ਪਿੰਡ ਦੇ ਹੋਣਹਾਰ ਤੇ ਅਗਾਂਹਵਧੂ ਸਰਪੰਚ ਮਹਿੰਦਰ ਸਿੰਘ ਚੰਬਾ ਤੇ ਸਮੂਹ ਨਗਰ ਨਿਵਾਸੀਆਂ ਨੇ ਪ੍ਰੈੱਸ ਕਲੱਬ ਚੋਹਲਾ ਸਾਹਿਬ ਦੇ ਪੱਤਰਕਾਰਾਂ ਨੂੰ ਮਾਸੂਮ ਬੱਚੇ ਦੀ ਤਰਸਯੋਗ ਹਾਲਤ ਵੇਖਣ ਲਈ ਸੱਦਿਆ। ਪੱਤਰਕਾਰਾਂ ਨੇ ਦੇਖਿਆ ਕਿ ਗਰੀਬ ਕਿਸਾਨ ਹਰਪ੍ਰੀਤ ਸਿੰਘ ਦੀਆਂ ਚਾਰ ਨਾਬਾਲਿਗ ਧੀਆਂ ਤੇ ਇਕਲੌਤਾ ਪੁੱਤਰ ਜਸਪ੍ਰੀਤ ਸਿੰਘ ਹੈ ਜੋ ਆਪਣੇ ਖੇਤਾਂ 'ਚ ਬਣੇ ਖੰਡਰ ਨੁਮਾ ਕਮਰੇ 'ਚ ਪਏ ਸਨ। ਮਾਂ ਨੇ ਭਰੇ ਹੋਏ ਮਨ ਨਾਲ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦਾ ਹੋਣਹਾਰ ਇਕਲੌਤਾ ਪੁੱਤਰ ਇਕ ਨਾਮੁਰਾਦ ਬਿਮਾਰੀ ਤੋਂ ਪੀੜਤ ਹੈ। ਸਾਡੇ ਕੋਲ ਜੋ ਸੀ ਇਸ ਦੇ ਇਲਾਜ 'ਤੇ ਲਾ ਦਿੱਤਾ। ਸਿਰਫ ਛੇ ਕਨਾਲ ਜ਼ਮੀਨ ਹੈ ਪਰ ਉਹ ਵੀ ਹੜ੍ਹਾਂ ਕਾਰਨ ਤਬਾਹ ਹੋ ਗਈ ਤੇ ਅਸੀਂ ਹੁਣ ਦੋ ਵੇਲੇ ਦੀ ਰੋਟੀ ਤੋਂ ਵੀ ਆਤੁਰ ਹਾਂ। ਇਸ ਮੌਕੇ ਮਾਸੂਮ ਵਿਦਿਆਰਥੀ ਤੇ ਉਸ ਦੀ ਮਾਤਾ ਤੇ ਪਰਿਵਾਰ ਨੇ ਦੇਸ਼ ਵਿਦੇਸ਼ ਵਿੱਚ ਰਹਿੰਦੇ ਦਾਨੀ ਸੱਜਣਾਂ, ਧਾਰਮਿਕ ਸੰਸਥਾਵਾਂ ਤੇ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਸ ਦੇ ਇਲਾਜ ਲਈ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਉਨ੍ਹਾਂ ਦਾ ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਚੋਹਲਾ ਸਾਹਿਬ ਵਿੱਚ ਖਾਤਾ ਨੰਬਰ 3418001500009607 ਆਈਐੱਫਐੱਸਸੀ ਕੋਡ 00341800 ਹੈ ਤੇ ਮੋਬਾਇਲ ਨੰਬਰ 7347207963 ਹੈ। ਇਸ ਅਕਾਊਂਟ ਤੇ ਮੋਬਾਇਲ ਨੰਬਰ 'ਤੇ ਸੰਪਰਕ ਕਰਕੇ ਉਨ੍ਹਾਂ ਦੇ ਲਾਡਲੇ ਦੀ ਜਾਨ ਬਚਾਈ ਜਾਵੇ। ਇਸ ਮੌਕੇ ਪਿੰਡ ਦੇ ਸਰਪੰਚ ਮਹਿੰਦਰ ਸਿੰਘ ਚੰਬਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਚੰਬਾ ਕਲਾਂ ਦੇ ਮੁਖੀ ਗੁਰਬੀਰ ਸਿੰਘ ਨੇ ਵੀ ਬੱਚੇ ਦੀ ਜਾਨ ਬਚਾਉਣ ਲਈ ਦੇਸ਼-ਵਿਦੇਸ਼ ਵਿੱਚ ਵੱਸਦੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਇਸ ਬੱਚੇ ਦਾ ਇਲਾਜ ਕਰਵਾਉਣ ਲਈ ਵੱਧ ਤੋਂ ਵੱਧ ਮਦਦ ਕੀਤੀ ਜਾਵੇ ਤਾਂ ਜੋ ਇਹ ਵਿਦਿਆਰਥੀ ਤੰਦਰੁਸਤ ਹੋ ਕੇ ਪਹਿਲਾਂ ਦੀ ਤਰ੍ਹਾਂ ਸਕੂਲ ਵਿੱਚ ਆਪਣੀ ਵਿੱਦਿਆ ਪੂਰੀ ਕਰ ਕੇ ਦੇਸ਼ ਦੀ ਸੇਵਾ ਕਰ ਸਕੇ। ਯਾਦ ਰੱਖੋ ਕਿਸੇ ਦੀ ਜਾਨ ਬਚਾਉਣ ਤੋਂ ਵੱਡਾ ਕੋਈ ਵੀ ਪੁੰਨ ਦੁਨੀਆਂ 'ਤੇ ਨਹੀਂ ਹੈ।

25-Sep-PAGE-4.qxd 9/24/2023 9:50 PM Page 1

ਨਵਾਂ ਜ਼ਮਾਨਾ
ਸੋਮਵਾਰ, 25 ਸਤੰਬਰ 2023

# ਮੋਦੀ ਦੇ ਲੱਡੂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਆਪਣੇ ਹਲਕੇ ਵਾਰਾਨਸੀ ਦੇ ਬਾਹਰਵਾਰ ਕ੍ਰਿਕਟ ਸਟੇਡੀਅਮ ਦਾ ਰਿਮੋਟ ਕੰਟਰੋਲ ਨਾਲ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਸਟੇਡੀਅਮ ਮੁਕੰਮਲ ਹੋਣ ਤੋਂ ਬਾਅਦ ਮਲਾਹਾਂ ਦੇ ਦੋਹਾਂ ਹੱਥਾਂ ਵਿਚ ਲੱਡੂ ਹੋਣਗੇ। ਸਟੇਡੀਅਮ ਵਿਚ ਵੱਡੇ ਟੂਰਨਾਮੈਂਟ ਹੋਣਗੇ। ਖਿਡਾਰੀ ਤੇ ਦਰਸ਼ਕ ਵੱਡੀ ਗਿਣਤੀ 'ਚ ਆਉਣਗੇ। ਹੋਟਲਾਂ ਅਤੇ ਖਾਣ-ਪੀਣ ਦਾ ਸਮਾਨ ਵੇਚਣ ਵਾਲੇ ਨਿੱਕੇ-ਮੋਟੇ ਦੁਕਾਨਦਾਰਾਂ, ਰਿਕਸ਼ਾ ਤੇ ਟੈਕਸੀ ਚਾਲਕਾਂ ਨੂੰ ਫਾਇਦਾ ਹੋਵੇਗਾ। ਮਲਾਹਾਂ ਦੇ ਤਾਂ ਦੋਹੀਂ ਹੱਥੀਂ ਲੱਡੂ ਹੋਣਗੇ। ਸਮਾਗਮ ਦੇ ਮੰਚ 'ਤੇ ਸੁਨੀਲ ਗਾਵਸਕਰ, ਗੁੰਡੱਪਾ ਵਿਸ਼ਵਨਾਥ, ਕਪਿਲ ਦੇਵ, ਰਵੀ ਸ਼ਾਸਤਰੀ ਤੇ ਸਚਿਨ ਤੇਂਦੁਲਕਰ ਵਰਗੇ ਸਾਬਕਾ ਖਿਡਾਰੀ ਮੌਜੂਦ ਸਨ।

ਗੰਗਾ ਕੰਢੇ ਵਸੇ ਵਾਰਾਨਸੀ ਵਿਚ ਲਗਭਗ 1100 ਮਲਾਹ ਹਨ। ਇਨ੍ਹਾਂ ਵਿੱਚੋਂ ਇਕ ਪ੍ਰਦੀਪ ਬਾਜਰੇਵਾਲਾ ਨੇ ਪ੍ਰਧਾਨ ਮੰਤਰੀ ਦੀ ਲੱਡੂਆਂ ਵਾਲੀ ਗੱਲ ਨਾਲ ਅਸਹਿਮਤੀ ਜ਼ਾਹਰ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਕਿ 2016 ਵਿਚ ਉਨ੍ਹਾ ਵੱਲੋਂ ਕੀਤੀ ਨੋਟਬੰਦੀ ਅਤੇ ਪਿਛਲੇ ਸਾਲ ਕੇਂਦਰ ਦੇ ਨਮਾਨੀ ਗੰਗੇ ਪ੍ਰੋਜੈਕਟ ਤਹਿਤ ਰਿਵਰ ਕਰੂਜ਼ ਸ਼ੁਰੂ ਕਰਨ ਨਾਲ ਮਲਾਹਾਂ ਦਾ ਕੰਮਕਾਰ ਪਹਿਲਾਂ ਹੀ ਤਬਾਹ ਹੋ ਚੁੱਕਾ ਹੈ। ਨੋਟਬੰਦੀ ਤੋਂ ਬਾਅਦ ਪੱਕੇ ਗਾਹਕ ਵਾਰਾਨਸੀ ਆਉਣੋਂ ਹਟ ਗਏ। ਬੈਂਕਾਂ ਵਿਚ ਲੰਮੀਆਂ ਕਤਾਰਾਂ ਕਰਕੇ ਕੁਝ ਮਲਾਹ ਇਕ ਹਜ਼ਾਰ ਤੇ 500 ਰੁਪਏ ਦੇ ਨੋਟ ਵਟਾ ਨਹੀਂ ਸਕੇ। ਕਾਸ਼ੀ ਵਿਸ਼ਵਨਾਥ ਕਾਰੀਡੋਰ ਦੇ ਸੁੰਦਰੀਕਰਨ 'ਤੇ ਅੰਨ੍ਹੇ ਪ੍ਰਚਾਰ ਕਾਰਨ ਸੈਲਾਨੀਆਂ ਦੀ ਗਿਣਤੀ ਕੁਝ ਵਧੀ ਹੈ, ਪਰ ਉਹ ਸਾਰੇ ਕਰੂਜ਼ ਦੀ ਯਾਤਰਾ ਕਰਦੇ ਹਨ। ਸੁਣਿਆ ਹੈ ਕਿ ਹੁਣ ਗੰਗਾ ਵਿਚ ਮੋਟਰ ਵਾਲੀਆਂ ਟੈਕਸੀ ਬੋਟਾਂ ਚੱਲਣਗੀਆਂ, ਜਿਹੜੀਆਂ ਉਨ੍ਹਾਂ ਦਾ ਰਹਿੰਦਾ-ਖੂੰਹਦਾ ਧੰਦਾ ਵੀ ਚੌਪਟ ਕਰ ਦੇਣਗੀਆਂ। ਮਲਾਹ 7-8 ਸੌ ਦਿਹਾੜੀ ਬਣਾਉਂਦੇ ਸਨ ਤੇ ਨੋਟਬੰਦੀ ਤੋਂ ਬਾਅਦ 3-4 ਸੌ ਰੁਪਏ ਰਹਿ ਗਈ ਹੈ। ਗੰਗਾ ਵਿਚ ਸੀ ਐੱਨ ਜੀ ਵਾਲੀ ਕਿਸ਼ਤੀ ਚਲਾਉਂਦੇ ਪ੍ਰਮੋਦ ਮਾਝੀ ਦਾ ਕਹਿਣਾ ਹੈ ਕਿ ਪਿਛਲੇ ਦੋ ਸਾਲਾਂ ਵਿਚ ਕਈ ਮਲਾਹਾਂ ਨੇ ਆਪਣੀਆਂ ਸੀ ਐੱਨ ਜੀ ਕਿਸ਼ਤੀਆਂ ਦੀ ਮੁਰੰਮਤ 'ਤੇ ਜਿੰਨੇ ਪੈਸੇ ਖਰਚੇ, ਓਨੇ ਕਮਾਏ ਨਹੀਂ। ਮੋਦੀ ਜੀ ਨੂੰ ਦੱਸਣਾ ਚਾਹਾਂਗਾ ਕਿ ਉਨ੍ਹਾ ਮਲਾਹਾਂ ਨੂੰ ਲਗਭਗ ਤਬਾਹ ਕਰ ਦਿੱਤਾ ਹੈ ਤੇ ਰਹਿੰਦੀ ਕਸਰ ਟੈਕਸੀ ਬੋਟਾਂ ਚਲਾ ਕੇ ਕੱਢ ਦੇਣੀ ਹੈ।

## ਪਾਠਕ-ਸੱਥ

### ਵਿਦਿਆਰਥੀ ਉੱਡਣਾ ਸਿੱਖ ਲਵੇ ਤਾਂ ਮੰਜ਼ਿਲ ਸੰਭਵ

ਬੱਚੇ ਦੀ ਪਹਿਲੀ ਅਧਿਆਪਕ ਮਾਂ ਹੀ ਹੁੰਦੀ ਹੈ, ਜੋ ਬੱਚੇ ਨੂੰ ਬੋਲਣਾ, ਚੱਲਣਾ, ਖਾਣਾ - ਪੀਣਾ, ਪਹਿਨਣਾ, ਸਰੀਰ ਦੀਆਂ ਜ਼ਰੂਰੀ ਕਿਰਿਆਵਾਂ ਤੇ ਹੋਰ ਚੰਗੀਆਂ ਆਦਤਾਂ ਸਿਖਾਉਂਦੀ ਹੈ। ਜਦੋਂ ਬੱਚਾ ਪਲੇਅ-ਵੇ ਸਕੂਲ ਵਿੱਚ ਦਾਖਲ ਹੁੰਦਾ ਹੈ ਤਾਂ ਅਧਿਆਪਕ ਉਸ ਨੂੰ ਮੁੱਢਲਾ ਅੱਖਰ ਗਿਆਨ, ਕਵਿਤਾ ਉਚਾਰਣ, ਅੱਖਰ ਬਣਾਵਟ ਸਿਖਾਉਂਦਾ ਹੈ। ਇੱਥੇ ਬੱਚਾ ਦੂਜੇ ਬੱਚਿਆਂ ਨਾਲ ਸਹਿਚਾਰ ਤੇ ਹੋਰ ਸ਼ਿਸ਼ਟਾਚਾਰ ਨਾਲ ਸੰਬੰਧਤ ਸ਼ਬਦ ਜਿਵੇਂ ਧੰਨਵਾਦ ਕਰਨਾ, ਮਾਫ ਕਰਨਾ, ਮਾਫ਼ੀ ਮੰਗਣਾ ਆਦਿ ਸਿੱਖ ਜਾਂਦਾ ਹੈ। ਜਿਵੇਂ-ਜਿਵੇਂ ਉਸ ਦੀ ਕਲਾਸ ਵਧਦੀ ਹੈ, ਉਸ ਦੇ ਸਿੱਖਣ ਦੀ ਪ੍ਰਵਿਰਤੀ ਵੀ ਜਟਿਲ ਹੁੰਦੀ ਰਹਿੰਦੀ ਹੈ ਤੇ ਸਿੱਖਣ ਦਾ ਖੇਤਰ ਵੀ ਵਿਸ਼ਾਲ ਹੁੰਦਾ ਰਹਿੰਦਾ ਹੈ। ਜੇਕਰ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸੁਪਨੇ ਵੇਖਣੇ ਤੇ ਸਾਕਾਰ ਕਰਨ ਦਾ ਢੰਗ ਸਿਖਾ ਦੇਣ ਤਾਂ ਹਰ ਵਿਦਿਆਰਥੀ ਆਪੇ ਹੀ ਸਫਲ ਹੋ ਜਾਵੇਗਾ। ਹਰ ਪੰਛੀ ਆਪਣੇ ਬੱਚੇ ਨੂੰ ਆਲ੍ਹਣੇ ਤੋਂ ਅਸਮਾਨ ਤੱਕ ਉੱਡਣਾ ਸਿਖਾਉਂਦਾ ਹੈ, ਜਦੋਂ ਬੋਟ ਉੱਡਣਾ ਸਿੱਖ ਜਾਂਦਾ ਹੈ ਤਾਂ ਬੋਟ ਆਪਣਾ ਚੋਗਾ ਚੁਗਣਾ ਆਪੇ ਸਿੱਖ ਜਾਂਦਾ ਹੈ।

ਪੰਛੀ ਦੀ ਸਾਰੀ ਮਿਹਨਤ ਆਪਣੇ ਬੱਚਿਆਂ ਨੂੰ ਉਡਾਣ ਸਿਖਾਉਣ 'ਤੇ ਹੁੰਦੀ ਹੈ। ਜਦੋਂ ਬੋਟ ਉੱਡਣ 'ਚ ਪੂਰਾ ਪਰਪੱਕ ਹੋ ਜਾਂਦਾ ਹੈ ਤਾਂ ਉਸ ਦੇ ਮਾਤਾ-ਪਿਤਾ ਚਿੰਤਾ ਮੁਕਤ ਹੋ ਜਾਂਦੇ ਹਨ। ਭਵਿੱਖ 'ਚ ਸਿੱਖੇ ਬੋਟ ਨੇ ਖੁਦ ਫੈਸਲਾ ਕਰਨਾ ਹੁੰਦਾ ਹੈ ਕਿ ਉਸ ਨੇ ਹੋਰ ਉੱਚਾ ਉੱਡਣ ਲਈ ਕਿਵੇਂ ਯਤਨ ਕਰਨਾ ਹੈ, ਇਸੇ ਤਰਾਂ ਜੇਕਰ ਅਧਿਆਪਕ ਵੀ ਆਪਣੇ ਹਰ ਵਿਦਿਆਰਥੀ ਨੂੰ ਜ਼ਿੰਦਗੀ ਵਿੱਚ ਉੱਡਣਾ ਸਿਖਾ ਦੇਵੇ ਤਾਂ ਹਰ ਬੱਚਾ ਸਫਲ ਹੋ ਸਕਦਾ ਹੈ। ਭਾਰਤ ਦੇ ਪ੍ਰਸਿੱਧ ਵਿਗਿਆਨੀ ਤੇ ਰਾਸ਼ਟਰਪਤੀ ਡਾਕਟਰ ਅਬਦੁਲ ਕਲਾਮ ਨੇ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬੱਚਿਆਂ ਨੂੰ ਸੁਪਨੇ ਵਿਖਾਓ , ਉਡਣਾ ਸਿਖਾਓ ਤਾਂ ਜੋ ਬੱਚੇ ਸਫਲਤਾ ਦੀ ਪੌੜੀ ਆਪੇ ਚੜ੍ਹਨਾ ਸਿੱਖ ਜਾਣ। ਬੱਚੇ ਨੂੰ ਸਮਾਜ ਦਾ ਚੰਗਾ ਨਾਗਰਿਕ ਬਣਾਉਣ ਲਈ ਉਸ ਦੀ ਮਾਂ ਤੋਂ ਲੈ ਕੇ ਯੂਨੀਵਰਸਿਟੀ ਦੇ ਪ੍ਰੋਫੈਸਰ ਤੱਕ ਵੱਖ-ਵੱਖ ਵਿਅਕਤੀ ਯਤਨ ਕਰਦੇ ਰਹਿੰਦੇ ਹਨ, ਜਿਵੇਂ ਕਿਸੇ ਨੇ ਨੀਂਹ ਰੱਖਣੀ ਤੇ ਕਿਸੇ ਨੇ ਨੀਂਹ ਮਜ਼ਬੂਤ ਕਰਨੀ ਹੁੰਦੀ ਹੈ।

**-ਪ੍ਰਿੰਸੀਪਲ ਰੰਧਾਵਾ ਸਿੰਘ ਪਟਿਆਲਾ**, 94171-31332

### ਵਡਮੁੱਲਾ ਖਜ਼ਾਨਾ ਹੈ ਨੈਤਿਕਤਾ

ਸਮਾਜ 'ਚ ਵਿਚਰਦਿਆਂ ਅਸੀਂ ਚਾਹੁੰਦੇ ਹਾਂ ਕਿ ਸਾਡੀ ਸਮਾਜ 'ਚ ਇਕ ਵੱਖਰੀ ਪਛਾਣ ਹੋਵੇ ਤੇ ਹਰ ਕੋਈ ਸਾਨੂੰ ਮਾਣ-ਸਤਿਕਾਰ ਨਾਲ ਮਿਲੇ। ਇਸ ਲਈ ਸਾਡੇ ਅੰਦਰ ਜੇ ਨੈਤਿਕਤਾ ਹੈ, ਨੈਤਿਕ ਕਦਰਾਂ-ਕੀਮਤਾਂ ਹਨ ਤਾਂ ਅਜਿਹਾ ਆਪਣੇ ਆਪ ਹੀ ਹੁੰਦਾ ਚਲਾ ਜਾਂਦਾ ਹੈ। ਨੈਤਿਕਤਾ ਇਕ ਅਜਿਹਾ ਅਣਮੁੱਲਾ ਖਜ਼ਾਨਾ ਹੈ, ਜੋ ਤੁਹਾਡੀ ਜੀਵਨ ਜਾਚ ਨੂੰ ਸਰਲ, ਸ਼ਾਂਤ, ਸਦੀਵੀ, ਖੁਸ਼ਮਿਜ਼ਾਜ ਅਤੇ ਸਦਾਬਹਾਰ ਬਣਾ ਦਿੰਦਾ ਹੈ। ਇਸ ਲਈ ਸਹੀ ਅਰਥਾਂ 'ਚ ਨੈਤਿਕਤਾ ਨੂੰ ਸਮਝ ਲੈਣਾ ਚਾਹੀਦਾ ਹੈ। ਨੈਤਿਕਤਾ ਦਾ ਅਰਥ ਸਾਡਾ ਦੂਜਿਆਂ ਪ੍ਰਤੀ ਰਵੱਈਆ ਹੈ। ਅਸੀਂ ਘਰ, ਸਮਾਜ, ਵਿੱਦਿਅਕ ਸੰਸਥਾਵਾਂ ਤੇ ਆਪਣੇ ਚੌਗਿਰਦੇ ਵਿਚ ਵਿਚਰਦਿਆਂ ਮਿਲਣ ਵਾਲੇ ਸਾਕ-ਸੰਬੰਧੀਆਂ, ਦੋਸਤਾਂ-ਮਿੱਤਰਾਂ, ਸਹਿਕਰਮੀਆਂ ਨਾਲ ਸਾਡੇ ਸੰਬੰਧ, ਉਨ੍ਹਾਂ ਪ੍ਰਤੀ ਸਾਡਾ ਵਿਹਾਰ, ਵਿਚਰਣ ਦਾ ਢੰਗ, ਔਖੇ ਵੇਲੇ ਸਹਾਈ ਹੋਣਾ, ਚੰਗੀਆਂ ਆਦਤਾਂ ਤੇ ਚੰਗੇ ਲੋਕਾਂ ਨਾਲ ਖੜ੍ਹਨਾ, ਠੀਕ-ਗਲਤ ਦੀ ਚੋਣ ਕਰਨੀ, ਦੂਜਿਆਂ ਦਾ ਸਤਿਕਾਰ ਕਰਨਾ, ਕਹਿਣੀ ਤੇ ਕਰਨੀ 'ਚ ਫਰਕ ਨਾ ਹੋਣਾ, ਸਭ ਦਾ ਸਤਿਕਾਰ ਕਰਨਾ, ਆਗਿਆਕਾਰੀ ਹੋਣਾ, ਸਹਿਜਤਾ ਤੇ ਸੁਹਜਤਾ, ਸਰਲਤਾ ਤੇ ਸਮਾਨਤਾ, ਨਿਮਰਤਾ ਅਤੇ ਨਿਰਵੈਰਤਾ ਨੈਤਿਕ ਕਦਰਾਂ-ਕੀਮਤਾਂ ਦਾ ਆਧਾਰ ਹਨ।

**-ਹਰਿੰਦਰ ਸਿੰਘ ਸ ਸ ਮਾਸਟਰ**, 99889-40762

### 37ਵੇਂ ਸ਼ਹੀਦੀ ਦਿਵਸ 'ਤੇ

# ਫਿਰਕੂ ਹਨੇਰੀ ਠੱਲ੍ਹਣ ਵਾਲਾ ਸਾਥੀ ਦਰਸ਼ਨ ਸਿੰਘ ਕੈਨੇਡੀਅਨ

**ਅਵਤਾਰ ਲੰਗੇਰੀ**

ਪੰਜਾਬ ਦੀ ਧਰਤੀ ਨੇ ਬਹੁਤ ਸਾਰੇ ਸੂਰਬੀਰ ਯੋਧਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਲੋਕ ਹਿੱਤਾਂ ਖਾਤਰ ਲਾਮਿਸਾਲ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਛੋਟੇ ਜਿਹੇ ਪਿੰਡ ਲੰਗੇਰੀ ਦੀ ਮਿੱਟੀ ਦੇ ਜਾਏ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦਾ ਨਾਂਅ ਗਿਣਨ ਯੋਗ ਹੈ। ਹੁੰਦਾ ਤਾਂ ਇਹ ਬਹੁਤ ਔਖਾ ਹੈ ਕਿ ਆਪਣੇ ਸੁੱਖਾਂ ਭਰੇ ਜੀਵਨ ਨੂੰ ਅਨਿਆਂ ਅਤੇ ਜਬਰ ਦੇ ਖ਼ਿਲਾਫ਼ ਹੁੰਦੇ ਸੰਘਰਸ਼ ਤੋਂ ਤਿਆਗ ਦੇਣਾ ਅਤੇ ਉਸ ਸਕੂਲ ਵਿੱਚ ਸ਼ਾਮਲ ਹੋ ਜਾਣਾ, ਪਰ ਉਨ੍ਹਾਂ ਹਾਲਤਾਂ ਦਾ ਉਨ੍ਹਾਂ ਪ੍ਰੇਰਨਾਮਈ ਪਲਾਂ ਦਾ ਕੀ ਕੀਤਾ ਜਾਵੇ, ਜੋ ਸੱਚੀ-ਸੁੱਚੀ ਸੋਚ ਵਾਲੇ ਇਨਸਾਨ ਨੂੰ ਆਪਣੇ ਨਾਲ ਤੋਰ ਲੈਂਦੇ ਹਨ। ਇਸ ਮਾਣਮੱਤੇ ਲੰਗੇਰੀ ਦੇ ਇਸ ਧਰਤੀ ਪੁੱਤਰ ਨੇ 13 ਮਾਰਚ ਸੰਨ 1918 ਨੂੰ ਪਿੰਡ ਲੰਗੇਰੀ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿਤਾ ਸਰਦਾਰ ਦੇਵਾ ਸਿੰਘ ਅਤੇ ਮਾਤਾ ਸ੍ਰੀਮਤੀ ਰਾਓ ਦੇ ਘਰ ਇਕ ਸਾਧਾਰਨ ਕਿਸਾਨ ਪਰਵਾਰ ਦੇ ਘਰ ਜਨਮ ਲਿਆ। ਮੁੱਢਲੀ ਪੜ੍ਹਾਈ ਸਰਕਾਰੀ ਸੈਕੰਡਰੀ ਸਕੂਲ ਮਾਹਿਲਪੁਰ ਤੋਂ ਪੂਰੀ ਉਪਰੰਤ ਕਰਨ ਉਪਰੰਤ ਰੋਜ਼ਗਾਰ ਪ੍ਰਾਪਤੀ , ਘਰ ਦੀ ਹਾਲਤ ਸੁਧਾਰਨ ਅਤੇ ਅਗਲੀ ਪੜ੍ਹਾਈ ਕਰਨ ਕੈਨੇਡਾ ਦੀ ਧਰਤੀ 'ਤੇ ਪਹੁੰਚੇ, ਜਿੱਥੇ ਉਨ੍ਹਾਂ 1937 ਤੋਂ 1939 ਤੱਕ ਕੈਨੇਡਾ ਦੀ ਇੱਕ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਉਪਰੰਤ ਅਮਰੀਕਾ, ਜਪਾਨ, ਮਲਾਇਆ, ਚੀਨ, ਸੁਡਾਨ, ਹਾਂਗਕਾਂਗ, ਇੰਗਲੈਂਡ ਅਤੇ ਸੋਵੀਅਤ ਯੂਨੀਅਨ ਸਮੇਤ ਦੁਨੀਆਂ ਭਰ ਵਿੱਚ ਜਾ ਕੇ ਆਪਣੀ ਇਨਕਲਾਬੀ ਸੂਝ ਨੂੰ ਸਾਣ 'ਤੇ ਲਾਇਆ । ਇਨ੍ਹਾਂ ਸਮਿਆਂ ਵਿੱਚ ਉਨ੍ਹਾ ਦੇਖਿਆ ਕਿ ਕੈਨੇਡਾ ਵਰਗੇ ਵਿਕਸਤ ਦੇਸ ਅੰਦਰ ਭਾਰਤੀ ਮਜਦੂਰਾਂ ਤੋਂ ਵੱਖ-ਵੱਖ ਮਿੱਲਾਂ ਵਿੱਚ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ ਸੀ ਅਤੇ ਜਦੋਂ ਉਹ ਬਜ਼ੁਰਗ ਅਵਸਥਾ ਵਿੱਚ ਚਲੇ ਜਾਣ ਤਾਂ ਉਨ੍ਹਾਂ ਨੂੰ ਕੰਮ ਤੋਂ ਹਟਾ ਦਿੱਤਾ ਜਾਂਦਾ ਅਤੇ ਨਵੇਂ ਕਾਮੇ ਭਰਤੀ ਕਰ ਲਏ ਜਾਂਦੇ । ਭਾਰਤੀ ਮਜ਼ਦੂਰਾਂ ਦਾ ਬਹੁਤ ਮੰਦਾ ਹਾਲ ਸੀ।

ਵਧੀਆ ਜ਼ਿੰਦਗੀ ਜਿਉਣ ਦੇ ਸੁਪਨੇ ਅੱਖਾਂ ਵਿੱਚ ਸਮੋਈ ਬੈਠੇ ਇਸ ਗੱਭਰੂ ਦਰਸ਼ਨ ਨੇ ਆਪਣੀ ਇਨਕਲਾਬੀ ਜ਼ਿੰਦਗੀ ਦੀ ਸ਼ੁਰੂਆਤ 1937 ਵਿੱਚ ਨੌਜਵਾਨ ਕਮਿਊਨਿਸਟ ਲੀਗ ਕੈਨੇਡਾ ਵਿਚ ਸ਼ਮੂਲੀਅਤ ਕਰਕੇ ਕੀਤੀ । ਪਾਰਟੀ ਕੰਮਾਂ ਦੀ ਨਿਰੰਤਰਤਾ ਨੂੰ ਜਾਰੀ ਰੱਖਦਿਆਂ ਉਹ ਕਮਿਊਨਿਸਟ ਪਾਰਟੀ ਆਫ ਕੈਨੇਡਾ ਅਲਬਰਟਾ ਵਿੱਚ 1939 ਵਿੱਚ ਸ਼ਾਮਲ ਹੋਏ ਅਤੇ ਦਿਨ-ਰਾਤ ਮਜ਼ਦੂਰਾਂ ਦੇ ਹੱਕਾਂ ਲਈ ਕੰਮ ਕੀਤਾ।

1948 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਕਲਕੱਤਾ ਕਾਨਫਰੰਸ ਵਿਚ ਉਨ੍ਹਾ ਨੇ ਇੱਕ ਯਾਦਗਾਰੀ ਭਾਸ਼ਣ ਦਿੱਤਾ, ਜਿਸ 'ਤੇ ਭਾਰਤੀ ਕਮਿਊਨਿਸਟ ਪਾਰਟੀ ਨੇ ਪ੍ਰਭਾਵਤ ਹੋ ਕੇ ਉਨ੍ਹਾ ਨੂੰ ਹਿੰਦੁਸਤਾਨ ਦੀ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਕੰਮ ਕਰਨ ਲਈ ਮਨਾ ਲਿਆ। ਸਿੱਟੇ ਵਜੋਂ ਉਹ 1948 ਤੋਂ ਲੈ ਕੇ ਆਖ਼ਰੀ ਦਮ ਤੱਕ ਭਾਰਤੀ ਕਮਿਊਨਿਸਟ ਪਾਰਟੀ ਦੇ ਕੁੱਲਵਕਤੀ ਕਾਮੇ ਵਜੋਂ ਵਿਚਰਦੇ ਰਹੇ । ਪਾਰਟੀ ਦੇ ਵੱਖ-ਵੱਖ ਅਹੁਦਿਆਂ ਤੇ ਮੈਂਬਰ ਰਾਸ਼ਟਰੀ ਪ੍ਰੀਸ਼ਦ ਭਾਰਤੀ ਕਮਿਊਨਿਸਟ ਪਾਰਟੀ ਆਫ ਇੰਡੀਆ 1950 ਤੋਂ 1963 ਤੱਕ, ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਜਲੰਧਰ 1963 ਤੋਂ 1965 ਤੱਕ, ਸਕੱਤਰ ਪੰਜਾਬ ਕਿਸਾਨ ਸਭਾ 1963 ਤੋਂ 1977 ਤੱਕ, ਮੈਂਬਰ ਰਾਸ਼ਟਰੀ ਪ੍ਰੀਸ਼ਦ ਭਾਰਤੀ ਕਮਿਊਨਿਸਟ ਪਾਰਟੀ 1966 ਤੋਂ 1968 ਤੱਕ, ਸਹਾਇਕ ਸਕੱਤਰ ਸੂਬਾ ਕਮੇਟੀ ਭਾਰਤੀ ਕਮਿਊਨਿਸਟ ਪਾਰਟੀ 1968 ਤੋਂ 1971 ਤੱਕ ਸੂਬਾ ਸਕੱਤਰ ਪੰਜਾਬ ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿੰਮੇਵਾਰੀ ਨਿਭਾਈ ।

ਲੋਕ ਹਿੱਤਾਂ ਨੂੰ ਪ੍ਰਣਾਏ ਇਸ ਮਹਾਨ ਸਪੂਤ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਸਾਲ 1972 ਅਤੇ ਸਾਲ 1977 ਵਿੱਚ ਦੋ ਵਾਰ ਪੰਜਾਬ ਵਿਧਾਨ ਸਭਾ ਦੀ ਨੁਮਾਇੰਦਗੀ ਕੀਤੀ।

ਕੈਨੇਡਾ ਰਹਿੰਦਿਆਂ ਸਾਥੀ ਦਰਸ਼ਨ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਵੀ ਬੜੇ ਫਿਕਰਮੰਦ ਰਹੇ। ਆਪਣੇ ਕੰਮ ਦੌਰਾਨ ਦਰਸ਼ਨ ਨੇ ਕੈਨੇਡਾ ਦੇ ਮਜ਼ਦੂਰਾਂ ਅਤੇ ਅਗਾਂਹਵਧੂ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਦੇ ਘੋਲ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਵਿੱਚ ਭਾਰਤ ਦੀ ਆਜ਼ਾਦੀ ਲਈ ਚੇਤਨਾ ਲਿਆਉਣ ਦਾ ਕੰਮ ਵੀ ਕੀਤਾ । ਸੰਨ 1942 ਵਿੱਚ ਟੋਰਾਂਟੋ ਵਿੱਚ ਹੋਈ ਕਮਿਊਨਿਸਟ ਪਾਰਟੀ ਆਫ ਕੈਨੇਡਾ ਦੀ ਕਨਵੈਨਸ਼ਨ ਵਿਚ ਦਰਸ਼ਨ ਸਿੰਘ ਨੇ ਭਾਰਤ ਦੀ ਆਜ਼ਾਦੀ ਦੇ ਹੱਕ ਵਿੱਚ ਮਤਾ ਰੱਖਿਆ, ਜਿਸ ਨੂੰ ਸਮੁੱਚੀ ਕਨਵੈਨਸ਼ਨ ਨੇ ਬੜੇ ਹੀ ਉਤਸ਼ਾਹ ਨਾਲ ਪ੍ਰਵਾਨਗੀ ਦਿੱਤੀ । ਇਸੇ ਦੀ ਲਗਾਤਾਰਤਾ ਵਿਚ ਵੈਨਕੂਵਰ ਵਿਚ ਨਵੰਬਰ 1944 ਵਿੱਚ ਹੋਈ ਆਈ ਡਬਲਯੂ ਏ ਦੀ ਅੱਠਵੀਂ ਇੰਟਰਨੈਸ਼ਨਲ ਕਨਵੈਨਸ਼ਨ ਵਿੱਚ ਵੀ ਉਨ੍ਹਾ ਵੱਲੋਂ ਭਾਰਤ ਦੀ ਆਜ਼ਾਦੀ ਦੇ ਹੱਕ ਵਿਚ ਹੀ ਇਕ ਅਜਿਹਾ ਹੀ ਇੱਕ ਹੋਰ ਮਤਾ ਰੱਖਿਆ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ । ਇਸ ਮਤੇ ਬਾਰੇ ਬੀ ਸੀ ਲੇਬਰ ਵਰਕਰ ਦੇ 6 ਨਵੰਬਰ 1944 ਦੇ ਅੰਕ ਵਿੱਚ ਮੁੱਖ ਪੰਨੇ ਉੱਤੇ ਦਰਸ਼ਨ ਸਿੰਘ ਕੈਨੇਡੀਅਨ ਦੀ ਤਸਵੀਰ ਸਮੇਤ ਖ਼ਬਰ ਛਪੀ, ਜਿਸ ਦਾ ਸਿਰਲੇਖ ਸੀ, 'ਦਰਸ਼ਨ ਸਿੰਘ ਸਪੋਰਟਸ ਯੂਨਿਟੀ।'

ਇਸ ਮਤੇ ਉੱਤੇ ਬੋਲਦਿਆਂ ਦਰਸ਼ਨ ਸਿੰਘ ਨੇ ਕਿਹਾ ਕਿ "ਭਾਰਤ ਨੂੰ ਆਜਾਦੀ ਮਿਲਣ ਤੋਂ ਬਿਨਾਂ ਕਿਸੇ ਕਿਸਮ ਦੀ ਸ਼ਾਂਤੀ ਸੰਭਵ ਨਹੀਂ ਫਾਸਿਜ਼ਮ ਅਤੇ ਸਾਮਰਾਜਵਾਦ ਦੋ ਜੁੜਵੇਂ ਭਰਾ ਹਨ, ਜਿਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ ਅਸੀਂ ਸਾਮਰਾਜਵਾਦ ਨੂੰ ਸੁਰੱਖਿਅਤ ਕਰਨ ਵਾਸਤੇ ਨਹੀਂ ਲੜ ਰਹੇ ਭਾਵੇਂ ਇਹ ਸਾਮਰਾਜਵਾਦ ਡੱਚ, ਫਰਾਂਸੀਸੀ, ਅਮਰੀਕਨ, ਬਰਤਾਨੀਆ ਜਾਂ ਕਿਸੇ ਹੋਰ ਦਾ ਵੀ ਹੋਵੇ ।"

ਕੈਨੇਡਾ ਵਿੱਚ ਰਹਿੰਦਿਆਂ ਉਨ੍ਹਾ ਵੱਲੋਂ ਪਰਵਾਸੀਆਂ ਲਈ ਵੋਟ ਦੇ ਹੱਕ ਲਈ ਕੀਤੇ ਜਾ ਰਹੇ ਸੰਘਰਸ਼ ਵਿਚ ਵੀ ਬਹੁਮੁੱਲਾ ਯੋਗਦਾਨ ਪਾਇਆ । ਉਹ ਭਾਰਤੀ ਕਮਿਊਨਿਟੀ ਵੱਲੋਂ ਵੋਟ ਦੇ ਹੱਕ ਲਈ ਬੀ ਸੀ ਦੀ ਸਰਕਾਰ ਨੂੰ ਮਿਲਣ ਵਾਲੇ ਬਹੁਤੇ ਡੈਲੀਗੇਸ਼ਨਾਂ ਦੇ ਮੈਂਬਰ ਰਹੇ। ਵੋਟ ਦੇ ਹੱਕ ਲਈ ਉਨ੍ਹਾ ਦਾ ਵੱਡਾ ਯੋਗਦਾਨ ਬੀ ਸੀ ਦੀ ਮਜ਼ਦੂਰ ਲਹਿਰ, ਖੱਬੀ ਲਹਿਰ ਅਤੇ ਹੋਰ ਅਗਾਂਹਵਧੂ ਜਥੇਬੰਦੀਆਂ ਵੱਲੋਂ ਭਾਰਤੀ ਲੋਕਾਂ ਦੇ ਇਸ ਸੰਘਰਸ਼ ਲਈ ਸਹਾਇਤਾ ਹਾਸਲ ਕਰਨਾ ਸੀ । ਇਸ ਸੰਘਰਸ਼ ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਸਕੱਤਰ ਨਗਿੰਦਰ ਸਿੰਘ ਗਿੱਲ ਨੇ ਵੀ ਬਾਹਰਲੀ ਕਮਿਊਨਟੀ ਨਾਲ ਇਕ ਨਵੀਂ ਪੱਧਰ ਉੱਤੇ ਤਾਲਮੇਲ ਪੈਦਾ ਕਰਨ ਵਿਚ ਵੱਡਾ ਹਿੱਸਾ ਪਾਇਆ । ਨਾਲ ਹੀ ਡਾ. ਪਾਂਡੀਆ, ਜੋ ਇਸ ਜੱਦੋਜਹਿਦ ਵਿੱਚ ਭਾਰਤੀ ਕਮਿਊਨਿਟੀ ਲਈ ਕੰਮ ਕਰ ਰਿਹਾ ਸੀ, ਨੇ ਵੀ ਵੱਡਾ ਯੋਗਦਾਨ ਪਾਇਆ, ਪਰ ਜਿਸ ਕਦਰ ਜਥੇਬੰਦ ਮਜ਼ਦੂਰ ਅਤੇ ਸਿਆਸੀ ਹਲਕਿਆਂ ਵਿੱਚ ਅਤੇ ਆਮ ਲੋਕ ਰਾਏ ਨੂੰ ਪ੍ਰਭਾਵਤ ਕਰਨ ਵਿੱਚ ਦਰਸ਼ਨ ਸਿੰਘ ਨੇ ਰੋਲ ਨਿਭਾਇਆ, ਉਹ ਆਪਣੇ ਆਪ ਵਿੱਚ ਇੱਕ ਵੱਖਰੀ ਮਿਸਾਲ ਸੀ। ਵੋਟ ਦੇ ਹੱਕ ਦੇ ਘੋਲ ਦੌਰਾਨ 9 ਮਾਰਚ 1944 ਨੂੰ ਉਸ ਵੇਲੇ ਦੀ ਬੀ ਸੀ ਦੀ ਲਿਬਰਲ ਸਰਕਾਰ ਦੇ ਲੇਬਰ ਮਨਿਸਟਰ ਮਿਸਟਰ ਜਾਰਜ ਪੀਅਰਸਨ ਨੇ ਬੀ.ਸੀ. ਦੀ ਅਸੰਬਲੀ ਵਿਚ ਭਾਰਤੀਆਂ ਖ਼ਿਲਾਫ਼ ਇਕ ਨਫਰਤ ਭਰਿਆ ਬਿਆਨ ਦਿੱਤਾ, ਜਿਸ ਨਾਲ ਸਮੁੱਚੀ ਕਮਿਊਨਿਟੀ ਵਿੱਚ ਗੁੱਸਾ ਭੜਕ ਉੱਠਿਆ। ਭਾਰਤੀ ਕਮੇਟੀ ਵੱਲੋਂ ਇਸ ਵਿਰੁੱਧ ਰੋਸ ਪ੍ਰਗਟ ਕਰਨ ਲਈ ਚੌਂਦਾਂ ਮਾਰਚ ਨੂੰ ਇੱਕ ਡੈਲੀਗੇਸ਼ਨ ਲੇਬਰ ਮਨਿਸਟਰ ਪੀਅਰਸਨ ਨੂੰ ਮਿਲਿਆ । ਇਸ ਡੈਲੀਗੇਸ਼ਨ ਵਿੱਚ ਕਮਿਊਨਿਟੀ ਦੇ ਦੂਜੇ ਆਗੂਆਂ ਨਗਿੰਦਰ ਸਿੰਘ ਗਿੱਲ, ਜੈਰੀ ਸਿੰਘ ਹੁੰਦਲ ਅਤੇ ਮਹਿੰਦਰ ਸਿੰਘ ਦੇ ਨਾਲ ਦਰਸ਼ਨ ਸਿੰਘ ਕੈਨੇਡੀਅਨ ਵੀ ਸ਼ਾਮਲ ਸੀ । ਲੇਬਰ ਮਨਿਸਟਰ ਦੇ ਨਸਲੀ ਬਿਆਨ ਵਿਰੁੱਧ ਬਾਹਰਲੀ ਵੱਡੀ ਕਮਿਊਨਿਟੀ ਵਿਚ ਗੱਲ ਲੈ ਕੇ ਜਾਣ ਲਈ ਦਰਸ਼ਨ ਸਿੰਘ ਦੀਆਂ ਕੋਸ਼ਿਸ਼ਾਂ ਦੇ ਨਾਲ ਆਈ ਡਬਲਯੂ ਏ ਵੱਲੋਂ ਇੱਕ ਮੁਜ਼ਾਹਰਾ ਲਾਮਬੰਦ ਕੀਤਾ ਗਿਆ। 15 ਮਾਰਚ 1944 ਨੂੰ ਆਈ ਡਬਲਯੂ ਏ ਦੇ ਇਕ ਅਗਜ਼ੈਕਟਿਵ ਸੈਸ਼ਨ ਵਿੱਚ ਯੂਨੀਅਨ ਦੇ ਪ੍ਰਧਾਨ ਹੈਰਲਡ ਪਰਿਸਟ ਵੱਲੋਂ ਲੇਬਰ ਮਨਿਸਟਰ ਦੇ ਭਾਰਤੀਆਂ ਵਿਰੁੱਧ ਦਿੱਤੇ ਬਿਆਨ ਦੀ ਨਿਖੇਧੀ ਕੀਤੀ । ਅਖੀਰ ਵਿੱਚ 2 ਅਪਰੈਲ 1947 ਨੂੰ ਕੈਨੇਡਾ ਦੇ ਭਾਰਤੀਆਂ ਵੱਲੋਂ ਵੋਟ ਦੇ ਹੱਕ ਲਈ ਚਲਦੇ ਸੰਘਰਸ਼ ਦੀ ਜਿੱਤ ਹੋਈ । ਬੀ ਸੀ ਦੀ ਸਰਕਾਰ ਨੇ ਕੈਨੇਡਾ ਵਿੱਚ ਰਹਿ ਰਹੇ ਭਾਰਤੀਆਂ, ਚੀਨੀਆਂ ਅਤੇ ਜਾਪਾਨੀਆਂ ਨੂੰ ਵੋਟ ਦਾ ਹੱਕ ਦੇਣ ਦਾ ਕਾਨੂੰਨ ਪਾਸ ਕਰ ਦਿੱਤਾ।



ਵਿਧਾਨ ਸਭਾ ਵਿੱਚ ਕਾਰਗੁਜ਼ਾਰੀ 'ਤੇ ਨਜ਼ਰ ਮਾਰਦਿਆਂ ਉਨ੍ਹਾ ਵੱਲੋਂ 18 ਸਾਲ ਦੀ ਉਮਰ ਵਿੱਚ ਵੋਟ ਦਾ ਹੱਕ ਦੇਣ, ਜ਼ਮੀਨੀ ਸੁਧਾਰ ਕਰਨ, ਸਨਅਤੀ ਲੇਬਰ ਦੀ ਦੇ ਹੱਕਾਂ ਦੀ ਰਾਖੀ ਕਰਨ , ਆਮ ਲੋਕਾਂ ਤੱਕ ਸਿੱਖਿਆ ਬਚਾਉਣ ਲਈ ਵਿੱਦਿਅਕ ਸੁਧਾਰ ਕਰਨ, ਗਰੀਬਾਂ ਤੇ ਟੈਕਸ ਘਟਾਉਣ , ਨੀਂਹ ਪੱਥਰ ਰੱਖਣ ਅਤੇ ਉਦਘਾਟਨ ਵਿੱਚ ਸਰਕਾਰੀ ਸਮੇਂ ਅਤੇ ਪੈਸੇ ਦੀ ਬਰਬਾਦੀ ਨੂੰ ਬਚਾਉਣ, ਅੰਤਰਰਾਸ਼ਟਰੀ ਮਾਮਲਿਆਂ ਨੂੰ ਉਭਾਰਨ, ਨੌਜਵਾਨਾਂ ਲਈ ਸਿਹਤ ਸਿੱਖਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰਨ, ਲੋਕਾਂ ਲਈ ਪੀਣ ਵਾਲਾ ਸਾਫ਼ ਪਾਣੀ ਘਰ-ਘਰ ਪਹੁੰਚਾਉਣ ਅਤੇ ਇੰਗਲੈਂਡ ਵਿਚ ਪੱਗ ਦੇ ਮਸਲੇ 'ਤੇ ਸਰਬਸੰਮਤੀ ਨਾਲ ਮਤਾ ਪਾਸ ਕਰਨ ਦਾ ਸੁਝਾਅ ਦੇਣ ਵਰਗੇ ਅਨੇਕਾਂ ਮਸਲਿਆਂ ਉੱਤੇ ਜ਼ੋਰਦਾਰ ਦਲੀਲਾਂ ਅਤੇ ਤਰਕ ਪੇਸ਼ ਕੀਤੇ ।

ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਕੱਢ ਉਨ੍ਹਾ ਵੱਲੋਂ 'ਰਾਇਜ ਆਫ ਦਾ ਨਿਊ ਏਸ਼ੀਆ' ਅੰਗਰੇਜ਼ੀ ਅਤੇ 'ਸੀ.ਆਈ.ਏ. ਦਾ ਖੰਜਰ' ਪੰਜਾਬੀ ਵਿਚ ਦੋ ਪੁਸਤਕਾਂ ਲਿਖਣ ਦੇ ਨਾਲ-ਨਾਲ ਚਲੰਤ ਮਾਮਲਿਆਂ 'ਤੇ ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਵਿਚ ਬਹੁਤ ਸਾਰੇ ਲੇਖ ਲਿਖੇ । 1980 ਤੋਂ ਬਾਅਦ ਪੰਜਾਬ ਅੰਦਰ ਚੱਲ ਰਹੇ ਕਾਲੇ ਦੌਰ ਅੰਦਰ ਲੇਖਕਾਂ , ਚਿੰਤਕਾਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਹੋ ਰਹੇ ਕਤਲੇਆਮ ਦੌਰਾਨ 25 ਸਤੰਬਰ 1986 ਨੂੰ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਪਿੰਡ ਲੰਗੇਰੀ ਦੀ ਜੂਹ ਅੰਦਰ ਹੀ ਮਾਹਿਲਪੁਰ ਤੋਂ ਲੰਗੇਰੀ ਵੱਲ ਆਉਂਦਿਆਂ ਕੁਝ ਖਾਲਿਸਤਾਨੀ ਦਹਿਸਤਗਰਦਾਂ ਨੇ ਨੇੜਿਓਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ, ਜਿਸ ਨਾਲ ਪਿੰਡ, ਇਲਾਕੇ ਅਤੇ ਸਮੁੱਚੇ ਪੰਜਾਬ ਅੰਦਰ ਸੋਗ ਅਤੇ ਗੁੱਸੇ ਦੀ ਲਹਿਰ ਪ੍ਰਚੰਡ ਹੋ ਗਈ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਦੁਖੀ ਹੋ ਕੇ ਗੁੱਸੇ ਵਿੱਚ ਆ ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਕਾਤਲਾਂ ਨੂੰ ਮੁਖ਼ਾਤਿਬ ਹੁੰਦਿਆਂ ਲਿਖਿਆ- 'ਮੂਰਖੋ ! ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਖ਼ਰਾ ਸੋਨਾ ਸੀ, ਜਿਸ ਨੂੰ ਮੈਂ ਕਮਿਊਨਿਸਟ ਹੋਣ ਨਾਲੋਂ ਵਧੀਆ ਮਨੁੱਖ ਵਧੇਰੇ ਸਮਝਦਾ ਸਾਂ। ਮੇਰੇ ਮਨ ਵਿੱਚ ਗੁਰਮੁਖ ਅਤੇ ਕਮਿਊਨਿਸਟ ਦੀ ਪ੍ਰੀਭਾਸ਼ਾ ਵਧੀਆ ਮਨੁੱਖ ਕਾਰਨ ਖੁਭੀ ਹੋਈ ਹੈ । ਇਕ ਸਾਧਾਰਨ ਮਨੁੱਖ ਨੂੰ ਹੀ ਸਿਫ਼ਤਾਂ, ਕੁਸਿਫ਼ਤਾਂ ਜੁੜ ਕੇ ਗੁਰਮੁਖ ਤੇ ਮਨਮੁਖ ਬਣਾਉਂਦੀਆਂ ਹਨ। ਗੁਰਮੁਖ ਲੋਕਾਂ ਲਈ ਜਿਊਂਦਾ ਹੈ। ਗੁਰੂ ਘਰ ਵਿੱਚ ਗੁਰਮੁਖ ਦੀ ਜੋ ਪਰਿਭਾਸ਼ਾ ਸਮਝੀ ਜਾਂਦੀ ਹੈ, ਉਹੀ ਪਾਰਟੀ ਵਿੱਚ ਕਮਿਊਨਿਸਟ ਵਰਕਰ ਨੂੰ ਮਹੱਤਤਾ ਦਿੱਤੀ ਜਾਂਦੀ ਹੈ। ਇਨਕਲਾਬ ਦਾ ਸਿਰ ਵੱਢਣ ਵਾਲਿਓ ਤੁਹਾਡਾ ਕਿੱਥੇ ਭਲਾ ਹੋਵੇਗਾ।'

ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੋਂ ਲੰਮੇ ਅਰਸੇ ਬਾਅਦ ਇਸੇ ਵਰੇ 15 ਅਗਸਤ 2023 ਦਾ ਦਿਨ ਵੀ ਇਤਿਹਾਸਕ ਹੋ ਨਿਬੜਿਆ, ਜਦੋਂ ਕਿ ਬੀ ਸੀ ਲੇਬਰ ਹੈਰੀਟੇਜ ਸੈਂਟਰ ਵੱਲੋਂ ਵੈਨਕੂਵਰ ਆਈਲੈਂਡ ਦੇ ਸ਼ਹਿਰ ਲੇਕ ਕਾਊਚਿਨ ਵਿੱਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੇ ਸਤਿਕਾਰ ਵਿੱਚ ਇੱਕ ਤਖਤੀ ਲਗਾਈ, ਜਿਸ ਦਾ ਲੱਗਣਾ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਉਹ ਅੱਜ ਵੀ ਕੈਨੇਡਾ ਵੱਸਦੇ ਇਨਕਲਾਬੀ ਸੋਚ ਰੱਖਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਕਿੰਨਾ ਸਤਿਕਾਰ ਰੱਖਦੇ ਹਨ, ਜਿਸ 'ਤੇ ਅਸੀਂ ਮਾਣ ਨਾਲ ਸਿਰ ਉੱਚਾ ਰੱਖ ਸਕਦੇ ਹਾਂ । ਉਨ੍ਹਾ ਦੇ ਸਤਿਕਾਰ ਵਿੱਚ ਇਸ ਤਖਤੀ ਦਾ ਲੱਗਣਾ ਇੱਕ ਇਤਿਹਾਸਕ ਵਰਤਾਰਾ ਹੈ ਅਤੇ ਭਾਰਤੀ ਕਮਿਊਨਿਸਟ ਪਾਰਟੀ ਲਈ 15 ਅਗਸਤ 2023 ਦਾ ਇਹ ਦਿਨ ਯਾਦਗਾਰੀ ਹੋ ਨਿਬੜਿਆ ਹੈ ।

ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੇ ਕੈਨੇਡਾ ਰਹਿੰਦਿਆਂ ਜ਼ਿਆਦਾ ਸਮਾਂ ਵੈਨਕੂਵਰ ਦੀ ਧਰਤੀ 'ਤੇ ਕੰਮ ਕੀਤਾ, ਜਿਸ ਕਰਕੇ ਉਨ੍ਹਾ ਦੇ ਸਨਮਾਨ ਵਿੱਚ ਪਾਰਟੀ ਅਤੇ ਸੁਹਿਰਦ ਦੋਸਤਾਂ ਵੱਲੋਂ ਵੈਨਕੂਵਰ ਵਿੱਚ ਹੀ ਉਨ੍ਹਾਂ ਦੇ ਸਨਮਾਨ ਵਿੱਚ ਕੋਈ ਯਾਦਗਾਰ ਉਸਾਰੀ ਜਾਣੀ ਚਾਹੀਦੀ ਸੀ, ਤਾਂ ਜੋ ਉਹਨਾ ਦੀ ਕੁਰਬਾਨੀ ਨੂੰ ਕਈ ਪੀੜ੍ਹੀਆਂ ਤੱਕ ਯਾਦ ਰੱਖਿਆ ਜਾ ਸਕਦਾ, ਪਰ ਅਜਿਹਾ ਕੁਝ ਨਹੀਂ ਹੋਇਆ। ਇਸ ਸਭ ਕੁਝ ਦੇ ਨਾ ਹੁੰਦਿਆਂ ਵੀ ਬੀ. ਸੀ. ਹੈਰੀਟੇਜ ਸੈਂਟਰ ਸਮੇਤ ਉਨ੍ਹਾਂ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ ਜਾਣਾ ਬਣਦਾ ਹੈ, ਜਿਨ੍ਹਾਂ ਵੱਲੋਂ ਆਪਣੇ ਤੌਰ 'ਤੇ ਆਪਣੇ ਯਤਨਾਂ ਸਦਕਾ ਆਪਣੇ ਸ਼ਹਿਰ ਅੰਦਰ ਇਹ ਤਖਤੀ ਲਗਾ ਕੇ ਉਨ੍ਹਾ ਪ੍ਰਤੀ ਸ਼ਰਧਾ ਦਾ ਇਜਹਾਰ ਕਰਦਿਆਂ ਇੱਕ ਇਤਿਹਾਸਕ ਕਦਮ ਨੂੰ ਨੇਪਰੇ ਚਾੜ੍ਹਿਆ ਹੈ । ਉਨ੍ਹਾ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪਿੰਡ ਲੰਗੇਰੀ ਅਤੇ ਕੈਨੇਡਾ ਦੀ ਧਰਤੀ 'ਤੇ ਉਨ੍ਹਾਂ ਦੀ ਸਲਾਨਾ ਬਰਸੀ ਮਨਾਉਣ ਵਿੱਚ ਲਗਾਤਾਰਤਾ ਬਣਾਈ ਰੱਖਣਾ ਵੀ ਪਿੰਡ ਵਾਸੀਆਂ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਅਣਸਰਦੀ ਲੋੜ ਬਣਦੀ ਹੈ। ਕਦੇ-ਕਦੇ ਮੈਂ ਆਪਣੇ ਆਪ ਨੂੰ ਸਵਾਲ ਕਰਦਾਂ ਹਾਂ ਕਿ ਸ਼ਾਇਦ 'ਅਸੀਂ ਨਾਸ਼ੁਕਰੇ ਤਾਂ ਨਹੀਂ ਹੋ ਗਏ ।'

ਅੱਜ ਉਨ੍ਹਾ ਦੇ 37ਵੇਂ ਸਲਾਨਾ ਸ਼ਹਾਦਤ ਦਿਵਸ ਸਮੇਂ ਮੈਂ ਦੇਸ਼ ਅੰਦਰ ਚੱਲ ਰਹੇ ਫਿਰਕੂ ਦੌਰ ਦੇ ਸਨਮੁਖ ਹੁੰਦਿਆਂ ਇਹੀ ਕਹਾਂਗਾ ਕਿ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਵਿਚਾਰਧਾਰਾ 'ਤੇ ਚਲਦਿਆਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਜਮਹੂਰੀ ਇਨਕਲਾਬੀ ਤਾਕਤਾਂ ਨੂੰ ਸਿਰ ਜੋੜ ਕੇ ਤੁਰਦਿਆਂ ਅੱਜ ਪੂਰੇ ਦੇਸ਼ ਅੰਦਰ ਚੱਲ ਰਹੀ ਭਗਵੇਂਕਰਨ ਦੀ ਫਿਰਕੂ ਹਨੇਰੀ ਨੂੰ ਠੱਲ੍ਹਣ ਦੀ ਅਣਸਰਦੀ ਲੋੜ ਹੈ।

*# ਸੰਪਰਕ : 94632-60181*

# ਖ਼ੁਦਕੁਸ਼ੀ ਕਰਕੇ ਕੀਮਤੀ ਜ਼ਿੰਦਗੀ ਨੂੰ ਭੰਗ ਦੇ ਭਾੜੇ ਨਾ ਗੁਆਓ

ਰਾਜਸਥਾਨ ਦਾ ਕੋਟਾ ਸ਼ਹਿਰ, ਜਿਸ ਨੂੰ ਭਾਰਤ ਦਾ ਐਜੂਕੇਸ਼ਨ ਹੱਬ ਕਿਹਾ ਜਾਂਦਾ ਹੈ, ਹੌਲੀ-ਹੌਲੀ 'ਖੁਦਕੁਸ਼ੀ ਦੀ ਫੈਕਟਰੀ' ਬਣਦਾ ਜਾ ਰਿਹਾ ਹੈ। ਦੇਸ਼ ਦੇ ਹਰ ਕੋਨੇ ਤੋਂ ਬੱਚੇ ਡਾਕਟਰ ਅਤੇ ਇੰਜੀਨੀਅਰ ਬਣਨ ਦੇ ਸੁਪਨੇ ਲੈ ਕੇ ਇਸ ਸ਼ਹਿਰ ਵਿਚ ਆਉਂਦੇ ਹਨ, ਪਰ ਪਿਛਲੇ ਕੁਝ ਸਮੇਂ ਤੋਂ ਇਹ ਸੁਪਨੇ ਚਾਰਦੀਵਾਰੀ ਦੇ ਅੰਦਰ ਹੀ ਮਰ ਰਹੇ ਹਨ। ਅੰਕੜੇ ਦੱਸਦੇ ਹਨ ਕਿ ਇਸ ਸਾਲ ਜਨਵਰੀ ਤੋਂ ਹੁਣ ਤੱਕ 25 ਦੇ ਕਰੀਬ ਵਿਦਿਆਰਥੀ ਇੱਥੇ ਆ ਕੇ ਮੌਤ ਨੂੰ ਗਲੇ ਲਗਾ ਚੁੱਕੇ ਹਨ। ਪਿਛਲੇ ਸਾਲ ਦੇ ਮੁਕਾਬਲੇ ਹਰ ਸਾਲ ਖੁਦਕੁਸੀ ਦੇ ਮਾਮਲੇ ਵਧ ਰਹੇ ਹਨ। ਹੁਣ ਸਵਾਲ ਉੱਠ ਰਹੇ ਹਨ ਕਿ ਕੋਟਾ ਵਿੱਚ ਪੜ੍ਹ ਰਹੇ ਵਿਦਿਆਰਥੀ ਅਜਿਹਾ ਕਦਮ ਕਿਉਂ ਚੁੱਕ ਰਹੇ ਹਨ। ਕੀ ਕਾਰਨ ਹੈ ਕਿ ਕੋਟਾ 'ਚ ਪੜ੍ਹ ਰਹੇ ਵਿਦਿਆਰਥੀ ਅਜਿਹਾ ਕਦਮ ਚੁੱਕ ਰਹੇ ਹਨ ?

**ਮੌਤ ਲਈ ਅਸਲ ਵਿੱਚ ਕੌਣ ਜ਼ਿੰਮੇਵਾਰ ਹੈ ?**

ਮਨ ਵਿੱਚ ਵਾਰ-ਵਾਰ ਇਹੀ ਸਵਾਲ ਉੱਠਦਾ ਹੈ ਕਿ ਬੱਚਿਆਂ 'ਤੇ ਦਬਾਅ ਕੌਣ ਪਾ ਰਿਹਾ ਹੈ ? ਕੀ ਕੋਚਿੰਗ ਇੰਸਟੀਚਿਊਟ ਤੋਂ ਪੜ੍ਹਾਈ ਲਈ ਦਬਾਅ ਹੈ ਜਾਂ ਪਰਵਾਰ ਦੇ ਦਬਾਅ ਕਾਰਨ ਵਿਦਿਆਰਥੀ ਅਜਿਹੇ ਕੰਮ ਕਰਦੇ ਹਨ। ਜੇਕਰ ਵਿਦਿਆਰਥੀਆਂ ਨੂੰ ਇਮਤਿਹਾਨ ਦੇ ਲੋੜੀਂਦੇ ਨਤੀਜੇ ਨਹੀਂ ਮਿਲਦੇ ਤਾਂ ਉਹ ਏਨੇ ਤਣਾਅ ਵਿੱਚ ਆ ਜਾਂਦੇ ਹਨ ਕਿ ਉਹ ਖੁਦਕੁਸ਼ੀ ਵਰਗਾ ਕਦਮ ਚੁੱਕ ਲੈਂਦੇ ਹਨ। ਕੁਝ ਵਿਦਿਆਰਥੀ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਏਨੇ ਦਬਾਅ ਹੇਠ ਆ ਜਾਂਦੇ ਹਨ ਕਿ ਨਤੀਜੇ ਐਲਾਨੇ ਜਾਣ ਤੋਂ ਪਹਿਲਾਂ ਹੀ ਉਹ ਅਜਿਹੇ ਕਦਮ ਚੁੱਕ ਲੈਂਦੇ ਹਨ। ਜੇ ਖ਼ੁਸ਼ੀਆਂ ਤੇ ਸੁੱਖ ਜੀਵਨ ਦਾ ਹਿੱਸਾ ਹਨ ਤਾਂ ਦੁੱਖ, ਮੁਸੀਬਤਾਂ, ਕਸ਼ਟ ਤੇ ਪਰੇਸ਼ਾਨੀਆਂ ਵੀ ਤਾਂ ਇਸੇ ਜੀਵਨ ਦਾ ਭਾਗ ਹਨ। ਸਮਾਂ ਹਮੇਸ਼ਾ ਹੀ ਮਨੁੱਖੀ ਮਨ ਦੀ ਭਾਵਨਾ ਅਨੁਸਾਰ ਕਦੇ ਇਕੋ ਜਿਹਾ ਨਹੀਂ ਰਹਿੰਦਾ, ਇਹ ਨਿਰੰਤਰ ਬਦਲਦਾ ਰਹਿੰਦਾ ਹੈ। ਇਸ ਤਬਦੀਲੀ ਵਿਚ ਹੀ ਜੀਵਨ ਹੈ।



ਲਲਿਤ ਗੁਪਤਾ

ਕੀ ਪ੍ਰਸ਼ਾਸਨ ਤੋਂ ਲੈ ਕੇ ਕੋਚਿੰਗ ਇੰਸਟੀਚਿਊਟ ਦੇ ਡਾਇਰੈਕਟਰ ਤੱਕ ਕਿਸੇ ਕੋਲ ਇਸ ਗੱਲ ਦਾ ਜਵਾਬ ਨਹੀਂ ਹੈ ਕਿ ਇੱਥੇ ਖੁਦਕੁਸ਼ੀਆਂ ਦੇ ਮਾਮਲੇ ਲਗਾਤਾਰ ਕਿਉਂ ਵਧ ਰਹੇ ਹਨ ? ਵਿਦਿਆਰਥੀਆਂ ਵੱਲੋਂ ਅਜਿਹੇ ਕਦਮ ਲਗਾਤਾਰ ਚੁੱਕੇ ਜਾ ਰਹੇ ਹਨ ਤਾਂ ਮੇਰਾ ਮੰਨਣਾ ਹੈ ਕਿ ਬੱਚਿਆਂ ਅਤੇ ਮਾਪਿਆਂ ਲਈ ਮਨੋਵਿਗਿਆਨਕ ਕਾਊਂਸਲਿੰਗ ਕੀਤੀ ਜਾਣੀ ਚਾਹੀਦੀ ਹੈ। ਇਸ ਸੰਬੰਧੀ ਕੋਚਿੰਗ ਸੰਸਥਾ ਅਤੇ ਪ੍ਰਸ਼ਾਸਨ ਵੱਲੋਂ ਕੁਝ ਪਹਿਲਕਦਮੀ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਸਮੇਂ ਸਿਰ ਬੱਚਿਆਂ ਅਤੇ ਮਾਪਿਆਂ ਨੂੰ ਇਸ ਬਾਰੇ ਸਮਝਾਇਆ ਜਾ ਸਕੇ, ਤਾਂ ਹੀ ਚੰਗੇ ਇੰਸਟੀਚਿਊਟ ਵਿੱਚ ਦਾਖਲਾ ਲੈਣ ਦੀ ਦੌੜ ਵਿੱਚ ਤਿਆਰੀ ਕਰਨ ਆਏ ਬੱਚੇ ਅਤੇ ਮਾਪੇ ਇਹ ਸਮਝ ਸਕਣਗੇ ਕਿ ਕਿਸੇ ਪ੍ਰੀਖਿਆ ਵਿੱਚ ਇੱਕ ਵਾਰ ਫੇਲ੍ਹ ਹੋਣ ਦਾ ਮਤਲਬ ਜ਼ਿੰਦਗੀ ਦਾ ਅੰਤ ਨਹੀਂ ਹੁੰਦਾ। ਸੰਕਟ ਕਿੰਨਾ ਵੀ ਗਹਿਰਾ ਹੋਵੇ, ਪਰ ਆਸਾਂ ਦੇ ਸਭ ਦੀਵੇ ਬੁਝਾ ਕੇ ਮੌਤ ਦੀ ਅੰਨ੍ਹੀ ਗਲੀ ਵੱਲ ਤੁਰ ਪੈਣਾ ਕਿਸੇ ਤਰ੍ਹਾਂ ਵਾਜਬ ਨਹੀਂ ਕਿਹਾ ਜਾ ਸਕਦਾ। ਜ਼ਿੰਦਗੀ ਪਰਮਾਤਮਾ ਦੀ ਦਿੱਤੀ ਅਣਮੁੱਲੀ ਦਾਤ ਹੈ, ਇਸ ਨੂੰ ਅਜਾਈਂ ਨਾ ਗਵਾਓ। ਇੱਕ ਵਾਰ ਫੇਲ੍ਹ ਹੋਣ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ। ਜ਼ਿੰਦਗੀ ਵਿੱਚ ਦੁਬਾਰਾ ਬਹੁਤ ਮੌਕੇ ਮਿਲਣਗੇ, ਮਿਹਨਤ ਕਰੋ ਅਤੇ ਹੋਰ ਅੱਗੇ ਵਧੋ।

*# ਸੰਪਰਕ : 97815-90500*

# ਨਿੱਝਰ ਦਾ ਕਤਲ ਤੇ ਭਾਰਤ-ਕੈਨੇਡਾ ਰਿਸ਼ਤਿਆਂ 'ਚ ਕੁੜੱਤਣ

ਇਨਸਾਨੀਅਤ ਕਹਿੰਦੀ ਹੈ ਕਿ ਜੇਕਰ ਅਸੀਂ ਕਿਸੇ ਨੂੰ ਜ਼ਿੰਦਗੀ ਦੇ ਨਹੀਂ ਸਕਦੇ ਤਾਂ ਸਾਨੂੰ ਕਿਸੇ ਦੀ ਜ਼ਿੰਦਗੀ ਖੋਹਣ ਦੀ ਅਧਿਕਾਰ ਨਹੀਂ ਹੈ। ਮਾਮਲਾ ਹੈ ਕੈਨੇਡੀਅਨ ਸਿਟੀਜ਼ਨ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ, ਜਿਸ ਕਾਰਨ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਵਿਗਾੜ ਪਿਆ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਿਛਲੇ ਸੋਮਵਾਰ ਕੈਨੇਡੀਅਨ ਪਾਰਲੀਮੈਂਟ ਦੇ ਹੰਗਾਮੀ ਸੈਸ਼ਨ ਦੌਰਾਨ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋਣ ਦਾ ਦੋਸ਼ ਲਾਇਆ ਗਿਆ, ਜਿਸ ਤੋਂ ਬਾਅਦ ਹੜਕੰਪ ਮਚ ਗਿਆ। ਨਿੱਝਰ ਦੇ ਕਤਲ ਸੰਬੰਧੀ ਜਾਂਚ ਜਾਰੀ ਹੈ, ਜਾਂਚ ਰਿਪੋਰਟ ਆਉਣੀ ਬਾਕੀ ਹੈ। ਜਾਂਚ ਕੈਨੇਡਾ ਦੀ ਇੰਟੈਂਗਰੇਟਿਡ ਹੋਮਿਉਸਾਈਡ ਇਨਵੈਸਟੀਗੇਟਿੰਗ ਟੀਮ (ਆਈ ਐੱਚ ਆਈ ਟੀ) ਕਰ ਰਹੀ ਹੈ। ਤੱਥਾਂ ਤੋਂ ਬਿਨਾਂ ਦਿੱਤਾ ਗਿਆ ਬਿਆਨ ਟਰੂਡੋ ਦੀ ਸਿਆਸੀ ਅਪਣੱਤ ਦੇ ਨਾਲ-ਨਾਲ ਉਸ ਦੀ ਸਿਆਸੀ ਮਜਬੂਰੀ ਨੂੰ ਵੀ ਦਰਸਾਉਂਦਾ ਹੈ, ਜਦ ਕਿ ਭਾਰਤ ਸਰਕਾਰ ਸਬੂਤਾਂ ਦੀ ਮੰਗ ਕਰ ਰਹੀ ਹੈ।

'ਇਕਨੋਮਿਕ ਟਾਈਮਜ਼' ਅਨੁਸਾਰ ਜੀ-20 ਸੰਮੇਲਨ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਇ ਬਾਇਡਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤੀ ਏਜੰਸੀਆਂ ਵੱਲੋ ਕਰਵਾਏ ਜਾਣ ਬਾਰੇ ਮੁੱਦਾ ਉਠਾਇਆ ਸੀ। ਇਸੇ ਤਰ੍ਹਾਂ ਕੁਝ ਦਿਨ ਪਹਿਲ਼ਾਂ ਜਦੋਂ ਕੈਨੇਡਾ ਦੀ ਇੱਕ ਟੀਮ ਭਾਰਤ ਵਿੱਚ ਜਾਂਚ ਕਰਨ ਲਈ ਆਈ ਤਾਂ ਅਖਬਾਰ ਮੁਤਾਬਕ ਭਾਰਤੀ ਸੁਰੱਖਿਆ ਏਜੰਸੀਆਂ ਦੀ ਸ਼ਮੂਲੀਅਤ ਹੋਣ ਤੋਂ ਇਨਕਾਰ ਵੀ ਨਹੀਂ ਕੀਤਾ ਸੀ। ਇਸ ਤੋਂ ਪਹਿਲਾਂ ਵੀ ਰਿਪੁਦਮਨ ਸਿੰਘ ਮਲਿਕ ਦਾ ਜਦੋਂ ਕਤਲ ਹੋਇਆ ਤਾਂ ਉਸ ਸਮੇਂ ਵੀ ਸ਼ੱਕ ਕੀਤਾ ਜਾਂਦਾ ਸੀ ਕਿ ਇਸ ਪਿੱਛੇ ਵੀ ਭਾਰਤੀ ਏਜੰਸੀਆਂ ਦਾ ਹੱਥ ਹੈ। ਉਸ ਸਮੇਂ ਸਹੀ ਕਾਰਵਾਈ ਕੀਤੀ ਗਈ ਹੁੰਦੀ ਤਾਂ ਸ਼ਾਇਦ ਹਰਦੀਪ ਸਿੰਘ ਨਿੱਜਰ ਦਾ ਵੀ ਕਤਲ ਨਾ ਹੁੰਦਾ। ਕੈਨੇਡੀਅਨ ਪੁਲਸ ਦੀ ਜਾਂਚ ਭਾਵੇ ਕਾਫੀ ਸਟੀਕ ਹੁੰਦੀ ਹੈ, ਪਰ ਬਹੁਤ ਧੀਮੀ ਰਫਤਾਰ ਨਾਲ ਚਲਦੀ ਹੈ।



ਜਸਬੀਰ ਸਿੰਘ ਪੱਟੀ

ਜੇਕਰ ਖਾਲਿਸਤਾਨੀ ਹਰਦੀਪ ਸਿੰਘ ਨਿੱਜਰ ਦਾ ਪਿਛੋਕੜ ਫਰੋਲਿਆ ਜਾਵੇ ਤਾਂ ਉਹ ਵੀ ਕਾਫੀ ਰੌਚਕ ਹੈ। ਨਿੱਝਰ ਦਾ ਜਨਮ 1977 ਵਿੱਚ ਜਲੰਧਰ ਜ਼ਿਲ੍ਹੇ ਦੇ ਭਾਰਸਿੰਘਪੁਰਾ ਵਿੱਚ ਹੋਇਆ। 1984 ਦੀਆਂ ਘਟਨਾਵਾਂ ਵੇਲੇ ਉਹ ਸਿਰਫ ਸੱਤ ਸਾਲ ਦਾ ਹੀ ਸੀ, ਪਰ ਉਸ ਦੇ ਮਨ 'ਤੇ 1984 ਦੇ ਜੂਨ ਤੇ ਨਵੰਬਰ ਦਾ ਗਹਿਰਾ ਅਸਰ ਹੋਇਆ। ਉਹਨਾਂ ਦਿਨਾਂ ਵਿੱਚ ਭਾਵਕੁਤਾ ਵਿੱਚ ਆ ਕੇ 12 ਤੋਂ 15 ਸਾਲ ਦੇ ਨੌਜਵਾਨ ਵੀ ਖਾਲਿਸਤਾਨੀ ਸਫਾਂ ਵਿੱਚ ਸ਼ਾਮਲ ਹੋ ਰਹੇ ਸਨ, ਜਿਹਨਾਂ ਵਿੱਚ ਹਰਦੀਪ ਸਿੰਘ ਨਿੱਝਰ ਵੀ ਸ਼ਾਮਲ ਸੀ। ਨਿੱਝਰ ਨੇ ਕਈ ਗਤੀਵਿਧੀਆਂ ਵੀ ਕੀਤੀਆ ਤੇ 1995 ਵਿੱਚ ਪੁਲਸ ਨੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ । ਜੇਲ੍ਹ ਵਿੱਚੋ ਰਿਹਾਅ ਹੋਣ ਉਪਰੰਤ ਉਸ ਨੇ ਕੇਸ ਕਤਲ ਕਰਵਾਏ ਤੇ ਕਿਸੇ ਰਵੀ ਸ਼ਰਮਾ ਦੇ ਨਾਂਅ 'ਤੇ ਜਾਲ੍ਹੀ ਪਾਸਪੋਰਟ ਬਣਵਾ ਕੇ 1997 ਵਿੱਚ ਵਿਦੇਸ਼ ਰਵਾਨਾ ਹੋ ਗਿਆ। ਜਿਥੇ ਜਾਂਦਿਆਂ ਹੀ ਉਸ ਨੇ ਕੈਨੇਡਾ ਦੀ ਨਾਗਰਿਕਤਾ ਲੈਣ ਵਾਸਤੇ ਅਰਜ਼ੀ ਦਿੱਤੀ, ਪਰ ਉਹ ਕੈਨੇਡਾ ਸਰਕਾਰ ਨੇ ਰੱਦ ਕਰ ਦਿੱਤੀ। 11 ਦਿਨਾਂ ਬਾਅਦ ਉਸ ਨੇ ਕੈਨੇਡਾ ਦੀ ਨਾਗਰਿਕ ਕੁੜੀ ਨਾਲ ਸ਼ਾਦੀ ਕਰ ਲਈ ਤੇ ਫਿਰ ਕੁੜੀ ਨੂੰ ਆਧਾਰ ਬਣਾ ਕੇ ਫਿਰ ਨਾਗਰਿਕਤਾ ਅਪਲਾਈ ਕੀਤੀ ਤਾਂ ਜਿਹਨਾਂ ਖਾਨਿਆਂ ਵਿੱਚ ਕਿਸੇ ਪ੍ਰਕਾਰ ਦਾ ਕੇਸ ਦਰਜ ਹੋਣ ਬਾਰੇ ਲਿਖਿਆ ਜਾਣਾ ਸੀ, ਉਹ ਖਾਨੇ ਖਾਲ਼ੀ ਛੱਡ ਦਿੱਤੇ ਗਏ ਤਾਂ ਅਰਜ਼ੀ ਫਿਰ ਰੱਦ ਹੋ ਗਈ। 2001 ਵਿੱਚ ਨਾਗਰਿਕਤਾ ਲੈਣ ਲਈ ਨਿੱਝਰ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ, ਪਰ ਉਥੋਂ ਵੀ ਖੈਰ ਨਾ ਪਈ ਤੇ ਅਦਾਲਤ ਨੇ ਅਰਜ਼ੀ ਰੱਦ ਕਰ ਦਿੱਤੀ। 2014 ਵਿੱਚ ਇੰਟਰਪੋਲ ਨੇ ਨਿੱਝਰ ਦੇ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਕਰ ਦਿੱਤਾ ਤੇ 10 ਲੱਖ ਦਾ ਇਨਾਮ ਵੀ ਭਾਰਤ ਨੇ ਰੱਖ ਦਿੱਤਾ। 3 ਮਾਰਚ 2015 ਨੂੰ ਕੈਨੇਡਾ ਦੇ ਇੱਕ ਮੰਤਰੀ ਨੇ ਕਿਹਾ ਕਿ ਨਿੱਝਰ ਹੁਣ ਕੈਨੇਡੀਅਨ ਨਾਗਰਿਕ ਬਣ ਚੁੱਕਾ ਹੈ। 2020 ਵਿੱਚ ਉਹ ਗੁਰਦੁਆਰੇ ਦਾ ਪ੍ਰਧਾਨ ਬਣਿਆ। ਕੈਨੇਡਾ ਵਿੱਚ ਜਦੋਂ ਰੈਫਰੰਡਮ ਹੋਇਆ ਤਾਂ ਉਸ ਵੇਲੇ ਨਿੱਝਰ ਨੇ ਕਈ ਦੇਸ਼ਾਂ ਦਾ ਦੌਰਾ ਕਰਕੇ ਲੋਕਾਂ ਨੂੰ ਸਿੱਖ ਫਾਰ ਜਸਟਿਸ ਦੇ ਹੱਕ ਵਿੱਚ ਭੁਗਤਣ ਲਈ ਪ੍ਰੇਰਿਆ। ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਓਵਰਸੀਜ਼ ਦਾ ਮੁਖੀ ਵੀ ਸੀ ਤੇ ਬੱਬਰ ਖਾਲਸਾ ਨਾਲ ਵੀ ਉਸ ਦੇ ਸਬੰਧ ਸਨ। ਭਾਰਤ ਸਰਕਾਰ ਨੇ ਨਿੱਝਰ ਦੀ ਭਾਰਤ ਵਿਚਲੀ ਸਾਰੀ ਜਾਇਦਾਦ ਕੁਰਕ ਕਰਵਾ ਦਿੱਤੀ। ਅਖੀਰ 18 ਜੂਨ 2023 ਨੂੰ ਉਸ ਨੂੰ ਦੋ ਪੈਦਲ ਆਏ ਵਿਅਕਤੀਆਂ ਨੇ ਗੋਲੀਆ ਮਾਰ ਕੇ ਕਤਲ ਕਰ ਦਿੱਤਾ। ਹੁਣ ਇਹ ਅੰਤਰਰਾਸ਼ਟਰੀ ਪੱਧਰ ਦਾ ਮਾਮਲਾ ਬਣ ਗਿਆ ਹੈ, ਜਿਹੜਾ ਅੱਜ ਗਲੇ ਦੀ ਹੱਡੀ ਬਣਿਆ ਹੋਇਆ ਹੈ।

ਭਾਰਤ ਨੇ ਜਸਟਿਨ ਟਰੂਡੋ ਕੋਲ ਕੈਨੇਡਾ ਵਿੱਚ ਭਾਰਤ ਵਿਰੋਧੀ ਗਤੀਵਿਧੀਆਂ ਖਾਸ ਕਰਕੇ ਖਾਲਿਸਤਾਨੀਆਂ ਵੱਲੋਂ ਦਿੱਤੀਆਂ ਧਮਕੀਆਂ ਦਾ ਮੁੱਦਾ ਉਠਾਇਆ ਤਾਂ ਟਰੂਡੋ ਨੇ ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੱਸ ਕੇ ਟਾਲ ਦਿੱਤਾ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸ਼ੈਲੀ ਅਤੇ ਖਾਲਿਸਤਾਨੀਆਂ ਦੀਆਂ ਗਤੀਵਿਧੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਨੇ ਹੁਣ ਅਗਲੇ ਨੋਟਿਸ ਤੱਕ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਹੈ। ਇਹ ਪਹਿਲੀ ਵਾਰ ਹੈ, ਜਦੋਂ ਭਾਰਤ ਨੇ ਕੋਵਿਡ -19 ਮਹਾਂਮਾਰੀ ਤੋਂ ਬਾਅਦ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕੀਤਾ ਹੈ।

ਜੇਕਰ ਇਸ ਕਾਂਡ ਦਾ ਰਾਜਸੀ ਪਹਿਲੂ ਵੇਖਿਆ ਜਾਵੇ ਤਾਂ ਦੋਹਾਂ ਦੇਸ਼ਾਂ ਵਿੱਚ ਚੋਣਾਂ ਦਾ ਮਾਹੌਲ ਗਰਮਾਅ ਰਿਹਾ ਹੈ, ਕਿਉਕਿ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਕੋਲ ਕੁਲ 338 ਸੀਟਾਂ ਵਿੱਚੋ ਸਿਰਫ 158 ਸੀਟਾਂ ਹਨ, ਜਦ ਕਿ ਸਰਕਾਰ ਬਣਾਉਣ ਲਈ 170 ਸੀਟਾਂ ਚਾਹੀਦੀਆ ਹਨ। ਅੱਜ ਵੀ ਟਰੂਡੋ ਦੀ ਸਰਕਾਰ ਘੱਟ ਗਿਣਤੀ ਦੀ ਸਰਕਾਰ ਹੈ ਤੇ ਖਾਲਿਸਤਾਨੀ ਜਗਮੀਤ ਸਿੰਘ ਦੀ ਪਾਰਟੀ ਨਿਊ ਡੈਮੋਕਰੇਟਿਕ ਪਾਰਟੀ ਦੀਆ ਫੌੜ੍ਹੀਆ 'ਤੇ ਖੜੀ ਹੈ, ਜੋ ਕਿਸੇ ਵੇਲੇ ਵੀ ਹਮਾਇਤ ਵਾਪਸ ਲੈ ਸਕਦਾ ਹੈ। ਕੈਨੇਡਾ ਵਿੱਚ 70 ਸੰਸਦੀ ਸੀਟਾਂ ਅਜਿਹੀਆਂ ਹਨ, ਜਿਥੇ ਉਮੀਦਵਾਰ ਸਿੱਖਾਂ ਦੀ ਹਮਾਇਤ ਨਾਲ ਹੀ ਜਿੱਤਦਾ ਹੈ ਤੇ ਟਰੂਡੋ ਨਿੱਝਰ ਕਤਲ ਕਾਂਡ ਦੇ ਹੱਕ ਵਿੱਚ ਭੁਗਤ ਕੇ ਉਹਨਾਂ ਸਿੱਖਾਂ ਦੀਆਂ ਵੋਟਾਂ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਸਰੇ ਪਾਸੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਵੋਟਾਂ ਦਾ ਧਰੁਵੀਕਰਨ ਕਰਨ ਲਈ ਇਸ ਮਾਮਲੇ ਨੂੰ ਉਭਾਰ ਰਹੇ ਹਨ।

ਆਰਥਕ ਤੌਰ 'ਤੇ ਵੀ ਦੋਹਾਂ ਦੇਸ਼ਾਂ ਦਾ ਇੱਕ-ਦੂਜੇ ਬਗੈਰ ਗੁਜ਼ਾਰਾ ਨਹੀ ਹੈ, ਕਿਉਕਿ ਵਣਜ ਤੋਂ ਬਿਨਾਂ ਕੋਈ ਕਾਰੋਬਾਰ ਨਹੀ ਚੱਲ ਸਕਦਾ। ਭਾਰਤ ਤੇ ਕੈਨੇਡਾ ਨੇ ਪਿਛਲੇ ਸਾਲ 7 ਅਰਬ ਡਾਲਰ ਦਾ ਵਣਜ ਕੀਤਾ, ਜਦ ਕਿ ਅਗਸਤ 2023 ਤੱਕ ਇਸ ਸਾਲ 8.16 ਅਰਬ ਡਾਲਰ ਦਾ ਵਣਜ ਕੀਤਾ ਹੈ।

**# ਸੰਪਰਕ : 93560-24684**

# ਮਸਤੂਆਨਾ ਵਿਖੇ ਮੈਡੀਕਲ ਕਾਲਜ ਬਣਾਉਣ ਲਈ ਸੁਖਾਵਾਂ ਮਾਹੌਲ ਸਿਰਜਿਆ ਜਾਵੇ : ਪਾਸਲਾ



**ਸੰਗਰੂਰ (ਪ੍ਰਵੀਨ ਸਿੰਘ)**-ਮਸਤੂਆਨਾ ਸਾਹਿਬ ਵਿਖੇ ਮੈਡੀਕਲ ਕਾਲਜ ਸੰਘਰਸ਼ ਕਮੇਟੀ ਵੱਲੋਂ ਲਗਾਤਾਰ ਇੱਕ ਸਾਲ ਤੋਂ ਵੱਧ ਸਮੇਂ ਤੋਂ ਮੈਡੀਕਲ ਕਾਲਜ ਦੀ ਸਥਾਪਨਾ ਲਈ ਸੰਘਰਸ਼ ਲੜਿਆ ਜਾ ਰਿਹਾ ਹੈ। ਐੱਮ.ਸੀ.ਪੀ.ਆਈ. ਦੇ ਜਰਨਲ ਸਕੱਤਰ ਸ੍ਰੀ ਸੰਗਤ ਰਾਮ ਪਾਸਲਾ ਨੇ ਮਸਤੂਆਨਾ ਦੇ ਧਾਰਮਿਕ ਸਥਾਨ 'ਤੇ ਨਤਮਸਤਕ ਹੁੰਦਿਆਂ ਦੱਸਿਆ ਕਿ ਇਸ ਨੇ ਜਿੱਥੇ ਵਿੱਦਿਆ ਦਾ ਚਾਨਣਾ ਫੈਲਾਇਆ ਹੈ, ਉਥੇ ਕਾਮਰੇਡ ਹਰਨਾਮ ਸਿੰਘ ਚਮਕ ਵਰਗੇ ਮਹਾਨ ਯੋਧੇ ਵੀ ਪੈਦਾ ਕੀਤੇ, ਖੱਬੀ ਲਹਿਰ ਦੇ ਸੰਘਰਸ਼ ਵੀ ਇਸ ਧਰਤੀ ਦੀ ਦੇਣ ਹੈ। ਜਿਹੜੇ ਲੋਕ ਇਸ ਵੇਲੇ ਗੁਰਦਵਾਰੇ 'ਤੇ ਕਾਬਜ਼ ਹਨ, ਉਨ੍ਹਾਂ ਨੂੰ ਚਾਹੀਦਾ ਇਹ ਸੀ ਕਿ ਸੰਗਤਾਂ ਵੱਲੋਂ ਭੇਟਾਂ ਕੀਤੀ ਜਾ ਰਹੀ ਮਾਇਆ ਦਾ ਮੂੰਹ ਕਾਲਜ ਬਣਾਉਣ ਵਾਲੇ ਪਾਸੇ ਖੋਲ੍ਹਦੇ ਜਾਂ ਸਾਰਾ ਖਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ, ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਉਹ ਹੀ ਧਿਰਾਂ ਅੱਜ ਮੈਡੀਕਲ ਕਾਲਜ ਨਾ ਬਣਾਉਣ ਲਈ ਰੋੜੇ ਅਟਕਾ ਰਹੀਆਂ ਹਨ।

ਇਸ ਉਪਰੰਤ ਪਿੰਡ ਦੁੱਗਾਂ ਵਿਖੇ ਐੱਮ.ਸੀ.ਪੀ.ਆਈ ਕੁੱਲ ਹਿੰਦ ਪਾਰਟੀ ਦੇ ਜਰਨਲ ਸਕੱਤਰ ਮੰਗਤ ਰਾਮ ਪਾਸਲਾ ਨੇ ਦੇਸ਼ ਦੀ ਰਾਜਨੀਤਕ ਅਵਸਥਾ 'ਤੇ ਚਰਚਾ ਕਰਦਿਆਂ ਕਿਹਾ ਕਿ ਜੇ ਭਾਜਪਾ ਤੇ ਆਰ.ਐੱਸ.ਐੱਸ. ਦੀ ਸਰਕਾਰ ਕੇਂਦਰ ਵਿੱਚ ਤੀਸਰੀ ਵਾਰ ਬਣਦੀ ਹੈ ਤਾਂ ਦੇਸ਼ ਵਿੱਚ ਜਮਹੂਰੀਅਤ ਖਤਮ ਹੋ ਜਾਵੇਗੀ ਤੇ ਕੇਂਦਰ ਇੱਕ ਪੁਰਖੀ ਰਾਜ ਵੱਲ ਵਧੇਗਾ। ਤਾਨਾਸ਼ਾਹ ਸ਼ਕਤੀਆਂ ਵੱਲੋਂ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ, ਹਾਕਮ ਧਿਰ ਵੱਲੋਂ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨ ਅਬਾਦੀ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ। ਮਨੀਪੁਰ ਦੀ ਘਟਨਾ ਨੇ ਤਾਂ ਸਾਰੇ ਦੇਸ਼ ਨੂੰ ਸ਼ਰਮਸ਼ਾਰ ਕਰ ਦਿੱਤਾ ਹੈ, ਹਰ ਰੋਜ਼ ਆਰ.ਐੱਸ.ਐੱਸ. ਦੀ ਨੀਤੀ ਤਹਿਤ ਪੂਰੇ ਦੇਸ਼ ਵਿੱਚ ਨਫਰਤ ਫੈਲਾਈ ਜਾ ਰਹੀ ਹੈ, ਜਿਸ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਮੋਦੀ ਦੀ ਸਰਕਾਰ ਨੂੰ ਹਰ ਹਾਲਤ ਵਿੱਚ ਗੱਦੀ ਤੋਂ ਲਾਹੁਣਾ ਹੋਵੇਗਾ। ਰੈਲੀ ਨੂੰ ਸੀ.ਟੀ.ਯੂ. ਆਗੂ ਕਾਮਰੇਡ ਦੇਵ ਰਾਜ ਵਰਮਾ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਕਾ. ਭਰਪੂਰ ਸਿੰਘ ਦੁੱਗਾਂ ਨੇ ਨਿਭਾਈ। ਇਸ ਮੌਕੇ ਬੀਬੀ ਜਸਮੇਲ ਕੌਰ ਬੀਰਕਲਾਂ, ਕਾ. ਮੱਖਣ ਸਿੰਘ ਜਖੇਪਲ, ਕਾ. ਸਰਬਜੀਤ ਸਿੰਘ ਵੜੈਚ, ਕਾ. ਅਵਤਾਰ ਸਿੰਘ ਤੇ ਹੋਰ ਸਾਥੀ ਹਾਜ਼ਰ ਸਨ।

# ਨੂੰਹ ਨੂੰ ਭਜਾ ਕੇ ਲਿਜਾਣ ਵਾਲੇ ਦੇ ਪਿਤਾ ਦਾ ਕੀਤਾ ਕਤਲ


ਬਲਜੀਤ ਸਿੰਘ ਦੀ ਫਾਈਲ ਫੋਟੋ

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਖੇਮਾਖੇੜਾ ਵਿਖੇ ਸਵੇਰ ਸਮੇਂ ਪਿੰਡ ਦੇ ਰਹਿਣ ਵਾਲੇ ਬਲਜੀਤ ਸਿੰਘ ਦਾ ਗੁਰਦੁਆਰਾ ਸਾਹਿਬ ਜਾਂਦੇ ਸਮੇਂ ਕੁੱਝ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ, ਜਿਸ ਦੀ ਸੂਚਨਾ ਮਿਲਦੇ ਹੀ ਪੁਲਸ ਚੌਕੀ ਭਾਈਕਾ ਕੇਰਾ ਦੀ ਪੁਲਸ ਪਹੁੰਚੀ, ਜਿਨ੍ਹਾਂ ਨੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਪਿੰਡ ਦੇ ਹੀ ਰਹਿਣ ਵਾਲੇ ਕੁੱਝ ਲੋਕਾਂ ਨੇ ਪੁਰਾਣੀ ਰੰਜਿਸ਼ ਨੂੰ ਲੈ ਕੇ ਕਤਲ ਕੀਤਾ। ਮ੍ਰਿਤਕ ਬਲਜੀਤ ਸਿੰਘ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਬਲਜੀਤ ਸਿੰਘ ਦੇ 3 ਲੜਕੀਆਂ ਤੇ ਇੱਕ ਲੜਕਾ ਹੈ। ਉਸ ਦਾ ਲੜਕਾ ਕੁੱਝ ਸਮਾਂ ਪਹਿਲਾਂ ਇਨ੍ਹਾਂ ਦੀ ਨੂੰਹ ਨੂੰ ਭਜਾ ਕੇ ਲੈ ਗਿਆ ਸੀ, ਉਹ ਇਕੱਠੇ ਰਹਿ ਰਹੇ ਹਨ। ਇਸ ਗੱਲ ਨੂੰ ਲੈ ਕੇ ਰੰਜਿਸ਼ ਰੱਖਦੇ ਸਨ, ਜਿਨ੍ਹਾਂ ਨੇ ਬਲਜੀਤ ਸਿੰਘ ਦਾ ਗੁਰਦੁਆਰਾ ਸਾਹਿਬ ਜਾਂਦੇ ਸਮੇਂ ਕਤਲ ਕਰ ਦਿੱਤਾ। ਦੂਜੇ ਪਾਸੇ ਪੁਲਸ ਚੌਕੀ ਭਾਈਕਾ ਕੇਰਾ ਦੇ ਇੰਚਾਰਜ ਸੁਖਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਬਲਜੀਤ ਸਿੰਘ ਦਾ ਲੜਕਾ ਕੁੱਝ ਸਮਾਂ ਪਹਿਲਾਂ ਇਨ੍ਹਾਂ ਦੀ ਨੂੰਹ ਨੂੰ ਲੈ ਗਿਆ ਸੀ, ਜਿਸ ਨੂੰ ਲੈ ਕੇ ਇਹ ਲੋਕ ਪੁਰਾਣੀ ਰੰਜਿਸ਼ ਰੱਖਦੇ ਸਨ, ਜਿਨ੍ਹਾਂ ਨੇ ਬਲਜੀਤ ਸਿੰਘ ਦਾ ਕਤਲ ਕਰ ਦਿੱਤਾ। ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਮਾਰਨ ਵਾਲੇ ਪਿਓ ਤੇ ਪੁੱਤਰ 'ਤੇ 302 ਦਾ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

## ਸਰਬੱਤ ਦਾ ਭਲਾ ਟੀਮ ਵੱਲੋਂ ਮਕਾਨਾਂ ਦਾ ਜਾਇਜ਼ਾ



**ਮੂਨਕ (ਰਾਜਪਾਲ ਸਿੰਗਲਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਦੀ ਨਿਗਰਾਨੀ ਹੇਠ ਬੀਤੇ ਦਿਨੀਂ ਆਏ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਇੱਕ ਦਰਜਨ ਦੇ ਕਰੀਬ ਗਰੀਬ ਤੇ ਲੋੜਵੰਦ ਪਰਿਵਾਰਾਂ ਦੇ ਮਕਾਨਾਂ ਦਾ ਮੂਨਕ ਵਿਖੇ ਜਾ ਕੇ ਜ਼ਿਲ੍ਹਾ ਟੀਮ ਨੇ ਜਾਇਜ਼ਾ ਲਿਆ ਤੇ ਇਨ੍ਹਾਂ ਲੋੜਵੰਦ ਪਰਿਵਾਰਾਂ ਦੇ ਫਾਰਮ ਭਰ ਕੇ ਜਲਦੀ ਹੀ ਟਰੱਸਟ ਨੂੰ ਭੇਜੇ ਜਾਣਗੇ ਤਾਂ ਜੋ ਜਲਦ ਇਨ੍ਹਾਂ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਸਹਾਇਤਾ ਰਾਸ਼ੀ ਦਿੱਤੀ ਜਾ ਸਕੇ। ਇਸ ਮੌਕੇ ਸੰਸਥਾ ਦੇ ਖਜ਼ਾਨਚੀ ਕੁਲਵੰਤ ਸਿੰਘ ਬਾਜਵਾ, ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ ਦਮਦਮੀ, ਹਰਮੇਲ ਸਿੰਘ ਲੱਡਾ, ਭੀਮ ਸੈਣ ਮੂਨਕ, ਕਰਨਵੀਰ ਸਿੰਗਲਾ, ਗਿਆਨ ਚੰਦ ਸੈਣੀ, ਕਸ਼ਿਸ਼ ਅਰੋੜਾ, ਮਾਨ ਸਿੰਘ ਚੌਹਾਨ, ਗੁਰਬਚਨ ਸਿੰਘ ਮੂਨਕ ਤੇ ਸੁਰਜੀਤ ਸਿੰਘ ਮੂਨਕ ਮੌਜੂਦ ਸਨ।

# ਆਸ਼ਾ ਵਰਕਰ ਤੇ ਆਸ਼ਾ ਫੈਸੀਲਿਟੇਟਰਜ਼ ਦਾ ਫਿਕਸ ਭੱਤਾ 26 ਹਜ਼ਾਰ ਰੁਪਏ ਲਾਗੂ ਕਰਕੇ ਰੈਗੂਲਰ ਕੀਤਾ ਜਾਵੇ : ਅਮਰਜੀਤ ਕੌਰ

## ਆਲ ਇੰਡੀਆ ਆਸ਼ਾ ਵਰਕਰ ਤੇ ਆਸ਼ਾ ਫੈਸੀਲਿਟੇਟਰਜ਼ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**-ਆਲ ਇੰਡੀਆ ਆਸ਼ਾ ਵਰਕਰ ਤੇ ਆਸ਼ਾ ਫੈਸੀਲਿਟੇਟਰਜ਼ ਯੂਨੀਅਨ ਪੰਜਾਬ ਗਰੁੱਪ ਏਟਕ ਮੁੱਖ ਦਫਤਰ ਪ.ਸ.ਸ.ਫ.1680/22-ਬੀ ਚੰਡੀਗੜ੍ਹ ਦੀ ਇੱਕ ਅਹਿਮ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਅਮਰਜੀਤ ਕੌਰ ਆਸ਼ਾ ਰਣ ਸਿੰਘ ਵਾਲਾ ਤੇ ਪੰਜਾਬ ਜਰਨਲ ਸਕੱਤਰ ਬਲਵੀਰ ਕੌਰ ਗਿੱਲ ਲੁਧਿਆਣਾ ਦੀ ਅਗਵਾਈ ਵਿੱਚ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਮੁੱਖ ਦਫਤਰ ਪ.ਸ.ਸ.ਫ.1680/22-ਬੀ ਚੰਡੀਗੜ੍ਹ ਦੇ ਪੰਜਾਬ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਸੰਗਰੂਰ ਤੇ ਗੁਰਜੰਟ ਸਿੰਘ ਕੋਕਰੀ, ਪੋਹਲਾ ਸਿੰਘ ਬਰਾੜ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਮਰਜੀਤ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆ ਪੂਰੇ 15 ਮਹੀਨੇ ਹੋ ਗਏ ਹਨ, ਪ੍ਰੰਤੂ ਵੋਟਾਂ ਬਟੋਰਨ ਤੋਂ ਪਹਿਲਾਂ ਭੈਣਾਂ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਪਵਿੱਤਰ ਧਰਤੀ 'ਤੇ ਆਮ ਸਰਕਾਰ ਦੇ ਅਰਵਿੰਦ ਕੇਜਰੀਵਾਲ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਸਾਡੀ ਸਰਕਾਰ ਆਉਂਦੀਆਂ ਹੀ ਆਪ ਦਾ ਫਿਕਸ ਭੱਤਾ 2500/ਰੁਪਏ ਤੋਂ10,000/ਰੁਪਏ ਕਰ ਦਿੱਤਾ ਜਾਵੇਗਾ। ਸੂਬਾ ਪ੍ਰਧਾਨ ਨੇ ਕਿਹਾ ਕਿ ਸਰਕਾਰ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਉਜ਼ਰਤ ਤੇ ਕਨੂੰਨ ਅਨੁਸਾਰ ਆਸ਼ਾ ਤੇ ਆਸ਼ਾ ਫੈਸੀਲਿਟੇਟਰਜ਼ ਭੈਣਾਂ ਦਾ ਫਿਕਸ ਭੱਤਾ 26,000/ਰੁਪਏ ਲਾਗੂ ਕਰਦਿਆਂ ਰੈਗੂਲਰ ਕੀਤਾ ਜਾਵੇ ਤੇ ਮੰਨੀਆਂ ਮੰਗਾਂ ਜਿਵੇਂ ਜੀਵਨ ਬੀਮਾ, ਸਮਾਰਟ ਫੋਨ, 6 ਮਹੀਨੇ ਦੀ ਪ੍ਰਸੂਤੀ ਛੁੱਟੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਤੱਕ ਸਾਡੀਆਂ ਮੰਗਾਂ ਦਾ ਕਿਤੇ ਵੀ ਜ਼ਿਕਰ ਤੱਕ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਆਏ ਦਿਨ ਆਸ਼ਾ ਭੈਣਾਂ ਤੋਂ ਆਨਲਾਈਨ ਕੰਮ ਕਰਨ ਦੀਆਂ ਨਵੀਆਂ ਪਾਲਿਸੀਆਂ ਦੀਆਂ ਗਾਈਡ ਲਾਈਨ ਦਿੱਤੀਆਂ ਜਾ ਰਹੀਆਂ ਹਨ, ਪਰ ਜਿੰਨੀ ਦੇਰ ਭੈਣਾਂ ਨੂੰ ਰੈਗੂਲਰ ਨਹੀਂ ਕੀਤਾ ਜਾਂਦਾ, ਉਨੀ ਦੇਰ ਭੈਣਾਂ ਆਨਲਾਇਨ ਕੰਮ ਨਹੀਂ ਕਰਨਗੀਆਂ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਕੀਤੇ ਕੰਮਾਂ ਦਾ ਫਿਕਸ ਤੇ ਇੰਨਸੈਂਟਿਵ ਵੀ ਰੋਸ ਪ੍ਰਦਰਸ਼ਨ ਕਰ ਕੇ ਤਿੰਨ-ਤਿੰਨ ਮਹੀਨਿਆਂ ਬਾਅਦ ਲੈਣਾ ਪੈਂਦਾ ਹੈ। ਬਲਵੀਰ ਕੌਰ ਗਿੱਲ ਲੁਧਿਆਣਾ ਨੇ ਦੱਸਿਆ ਕਿ ਨਵੰਬਰ ਮਹੀਨੇ ਵਿੱਚ ਸਟੇਟ ਕਮੇਟੀ ਵੱਲੋਂ ਪੰਜਾਬ ਪੱਧਰ ਦਾ ਧਰਨਾ ਮੁੱਖ ਮੰਤਰੀ ਪੰਜਾਬ ਦੇ ਹਲਕੇ ਵਿੱਚ ਲਾਇਆ ਜਾਵੇਗਾ, ਜਿਸ ਵਿੱਚ ਪੰਜਾਬ ਭਰ ਦੀਆਂ ਆਸ਼ਾ ਤੇ ਆਸ਼ਾ ਫੈਸੀਲਿਟੇਟਰਜ਼ ਭੈਣਾਂ ਹਜ਼ਾਰਾਂ ਦੀ ਗਿਣਤੀ ਵਿੱਚ ਹਿਸਾ ਲੈਣਗੀਆਂ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਫਿਰ ਵੀ ਆਸ਼ਾ ਵਰਕਰਾਂ ਦੀਆਂ ਮੰਗਾਂ ਪ੍ਰਤੀ ਪੰਜਾਬ ਸਰਕਾਰ ਦਾ ਨਾ-ਪੱਖੀ ਵਤੀਰਾ ਰਿਹਾ ਤਾਂ 2024 ਦੀਆਂ ਆਉਣ ਵਾਲੀਆਂ ਵੋਟਾਂ ਵਿੱਚ ਸਬਕ ਸਿਖਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ 21/22 ਅਕਤੂਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਣ ਜਾ ਰਹੀ ਆਲ ਇੰਡੀਆ ਇੰਪਲਾਈਜ਼ ਕੌਮੀ ਕਾਨਫਰੰਸ ਵਿੱਚ ਆਸ਼ਾ ਭੈਣਾਂ ਪੂਰਨ ਸਹਿਯੋਗ ਕਰਨਗੀਆਂ। ਮੀਟਿੰਗ ਵਿੱਚ ਸਾਥੀ ਪੰਜਾਬ ਵਿੱਤ ਸਕੱਤਰ ਸੀਮਾ ਸੋਹਲ, ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਸੂਬਾਈ ਆਗੂ ਸਵਰਨਜੀਤ ਕੌਰ (ਹਰਾਜ), ਜ਼ਿਲ੍ਹਾ ਚੇਅਰਮੈਨ ਸੁੱਖਜੀਤ ਕੌਰ ਸਰਾਏਨਾਗਾ, ਪ੍ਰਧਾਨ ਸੁੱਖਵਿੰਦਰ ਕੌਰ ਸੁੱਖੀ ਮਾਨਸਾ, ਜ਼ਿਲ੍ਹਾ ਪ੍ਰਧਾਨ ਸੰਦੀਪ ਕੌਰ (ਤਪਾ) ਬਰਨਾਲਾ, ਜ਼ਿਲ੍ਹਾ ਚੇਅਰਮੈਨ ਸਿੰਬਲਜੀਤ ਕੌਰ ਫਰੀਦਕੋਟ, ਬਿੰਦਰ ਕੌਰ ਆਦਿ ਹਾਜ਼ਰ ਸਨ।

## ਕਾਤਰਾਂ

### ਭਾਜਪਾ ਦੇ ਚਾਰ ਮੰਡਲਾਂ ਦੀ ਸੰਗਠਨਾਤਮਕ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੋਕ ਸਭਾ ਹਲਕਾ ਫਰੀਦਕੋਟ ਦੇ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਭਾਜਪਾ ਦੇ ਚਾਰ ਮੰਡਲਾਂ ਦੀ ਇੱਕ ਸੰਗਠਨਾਤਮਕ ਮੀਟਿੰਗ ਮੰਡਲ ਪ੍ਰਧਾਨ ਰਾਮਪੁਰਾ ਫੂਲ ਭਾਰਤ ਭੂਸ਼ਣ ਜੈਨ ਦੇ ਘਰ ਫੂਲ ਟਾਊਨ ਵਿਖੇ ਲੋਕ ਸਭਾ ਹਲਕਾ ਫਰੀਦਕੋਟ ਦੇ ਵਿਸਥਾਰਕ ਲਲਿਤ ਮਹਾਜਨ ਦੇ ਨਾਲ ਆਉਂਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਹੋਈ, ਜਿਸ 'ਤੇ ਵਰਕਰਾਂ ਵਿੱਚ ਉਤਸ਼ਾਹ ਭਰਨ ਤੇ ਮੰਡਲਾਂ ਦੇ ਵਿਸਥਾਰ 'ਤੇ ਚਰਚਾ ਹੋਈ ਅਤੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਘਰ ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੀਟਿੰਗ ਵਿੱਚ ਡਾਕਟਰ ਨਿਰਮਲ ਸਿੰਘ ਫਰੀਦਕੋਟ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਮੇਜਰ ਸਿੰਘ ਬਰਾੜ, ਜ਼ਿਲ੍ਹਾ ਉੱਪ ਪ੍ਰਧਾਨ ਜਸਵੀਰ ਸਿੰਘ ਮੱਲੂਆਣਾ, ਮੰਡਲ ਪ੍ਰਧਾਨ ਰਾਮਪੁਰਾ ਫੂਲ ਭਾਰਤ ਭੂਸ਼ਨ ਜੈਨ, ਜਨਰਲ ਸਕੱਤਰ ਸਤਪਾਲ ਸ਼ਰਮਾ, ਜਨਰਲ ਸਕੱਤਰ ਨਾਜਰ ਸਿੰਘ, ਮੰਡਲ ਪ੍ਰਧਾਨ ਭਗਤਾ ਭਾਈ ਲਖਵੀਰ ਸਿੰਘ, ਜਨਰਲ ਸਕੱਤਰ ਕੁਲਦੀਪ ਸਿੰਘ, ਜਨਰਲ ਸਕੱਤਰ ਜਗਸੀਰ ਸਿੰਘ, ਮੰਡਲ ਉੱਪ ਪ੍ਰਧਾਨ ਗੁਰਪ੍ਰਤਾਪ ਸਿੰਘ ਗੁਮਟੀ, ਮੰਡਲ ਪ੍ਰਧਾਨ ਭਾਈ ਰੂਪਾ ਧਰਮ ਸਿੰਘ ਖਾਲਸਾ, ਜਨਰਲ ਸਕੱਤਰ ਸਰਬਜੀਤ ਸਿੰਘ, ਵਾਈਸ ਪ੍ਰਧਾਨ ਮੰਡਲ ਮਹਿਰਾਜ ਮਨਦੀਪ ਸਿੰਘ ਮੱਲੂਆਣਾ ਹਾਜ਼ਰ ਸਨ।

### ਐਮਰਜੈਂਸੀ ਪ੍ਰਬੰਧਨ ਬਾਰੇ ਦਿੱਤੀ ਜਾਣਕਾਰੀ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ ਸਕੂਲ ਪੁਲਸ ਕੈਡਿਟਸ ਸਕੀਮ ਤਹਿਤ ਡਾਇਜੈਸਟਰ ਮੈਨੇਜਮੈਂਟ ਯਾਨੀ ਕਿ ਐਮਰਜੈਂਸੀ ਪ੍ਰਬੰਧਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਸ੍ਰ. ਯਾਦਵਿੰਦਰ ਸਿੰਘ ਜੋ ਕਿ ਐੱਸ ਪੀ ਸੀ ਦੇ ਇੰਚਾਰਜ ਹਨ, ਉਨ੍ਹਾਂ ਦੁਆਰਾ ਪ੍ਰਿੰਸੀਪਲ ਡਾ. ਓਮ ਪ੍ਰਕਾਸ਼ ਸੇਤੀਆ, ਇੰਸਪੈਕਟਰ ਸਿਮਰਨ ਜੋਤ ਸਿੰਘ ਦੀ ਅਗਵਾਈ ਅਧੀਨ ਕੈਡਿਟਸ ਨੂੰ ਅੱਗ ਲੱਗਣ 'ਤੇ ਸੁਰੱਖਿਆ ਪ੍ਰਬੰਧਾਂ ਬਾਰੇ, ਨਸ਼ਿਆਂ ਨੂੰ ਰੋਕਣ ਸੰਬੰਧੀ, ਐਕਸੀਡੈਂਟ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਸੰਬੰਧੀ, ਸਮਾਜਿਕ ਬੁਰਾਈਆਂ ਤੋਂ ਬਚਣ ਸਬੰਧੀ ਜਾਣਕਾਰੀ ਦਿੱਤੀ ਗਈ।

### 28 ਤੋਂ ਰੇਲਾਂ ਦਾ ਹੋਵੇਗਾ ਚੱਕਾ ਜਾਮ : ਬਲਦੇਵ ਸਿੰਘ ਜ਼ੀਰਾ

**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਆਖਿਆ ਕਿ ਉੱਤਰ ਭਾਰਤ ਦੀਆਂ 18 ਜਥੇਬੰਦੀਆਂ ਦੇ ਸੱਦੇ 'ਤੇ 28, 29, 30 ਨੂੰ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਉੱਤਰ ਭਾਰਤ ਵਿੱਚ ਹੜ੍ਹਾਂ ਦੁਆਰਾ ਮਚਾਈ ਤਬਾਹੀ ਤੇ ਕੇਂਦਰ ਸਰਕਾਰ ਦੇ ਰਵੱਈਏ ਨੇ ਉੱਤਰ ਭਾਰਤ ਦੇ ਕਿਸਾਨਾਂ ਨੂੰ ਸੰਘਰਸ਼ ਲਈ ਮਜਬੂਰ ਕੀਤਾ ਹੈ। ਸੂਬਾ ਪ੍ਰਧਾਨ ਨੇ ਦੱਸਿਆ ਕਿ 18 ਜਥੇਬੰਦੀਆਂ ਵੱਲੋਂ ਦਿੱਤੇ ਐਕਸ਼ਨ ਪ੍ਰੋਗਰਾਮ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਫਿਰੋਜ਼ਪੁਰ, ਮੋਗਾ, ਫਰੀਦਕੋਟ, ਬਠਿੰਡਾ, ਗੁਰਦਾਸਪੁਰ, ਪਟਿਆਲਾ ਵਿੱਚ ਭਰਾਤਰੀ ਜਥੇਬੰਦੀਆਂ ਨਾਲ ਰਲ ਕੇ ਰੇਲਾਂ ਰੋਕੇਗੀ ਤੇ ਹਾਲਾਤ ਅਨੁਸਾਰ ਪੁਆਇੰਟ ਵਧਾਏ ਜਾ ਸਕਦੇ ਹਨ। ਸੂਬਾ ਪ੍ਰਧਾਨ ਨੇ ਕਿਸਾਨਾਂ-ਮਜ਼ਦੂਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਰੇਲ ਲਾਈਨਾਂ 'ਤੇ ਪਹੁੰਚਣ ਦੀ ਅਪੀਲ ਕੀਤੀ।

# ਫਿਲਮ 'ਬੂਹੇ ਬਾਰੀਆਂ' 'ਚ ਵਰਤੀ ਸ਼ਬਦਾਵਲੀ ਦੀ ਦਲਿਤ ਸਮਾਜ ਵੱਲੋਂ ਨਿੰਦਾ

## ਫਿਲਮ 'ਤੇ ਪਾਬੰਦੀ ਲਗਾ ਪ੍ਰੋਡਿਊਸਰ ਤੇ ਡਾਇਰੈਕਟਰ ਖਿਲਾਫ਼ ਕਾਰਵਾਈ ਦੀ ਮੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਜੀ-2 ਅਸਟੇਟ ਵਿਖੇ ਐੱਸ. ਸੀ. ਸੈੱਲ ਤੇ ਭਾਵਾਧਸ ਦੇ ਆਗੂਆਂ ਵੱਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਫਿਲਮ ਬੂਹੇ ਬਾਰੀਆਂ 'ਚ ਦਲਿਤ ਸਮਾਜ ਖਿਲਾਫ਼ ਵਰਤੀ ਸ਼ਬਦਾਵਲੀ ਦੀ ਨਿੰਦਾ ਕੀਤੀ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਭਾਵਾਧਸ ਆਗੂ ਨੰਬਰਦਾਰ ਰੋਸ਼ਨ ਲਾਲ ਨੇ ਕਿਹਾ ਕਿ ਫਿਲਮ ਬੂਹੇ ਬਾਰੀਆਂ ਵਿਚ ਦਲਿਤ ਸਮਾਜ ਦੀ ਕੁੜੀ ਦਾ ਕਿਰਦਾਰ ਦਿਖਾਇਆ ਗਿਆ, ਉਸ ਵਿੱਚ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਜਿਸ ਦੀ ਉਹ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਫਿਲਮ ਉੱਪਰ ਮੁਕੰਮਲ ਤੌਰ 'ਤੇ ਪਾਬੰਦੀ ਲਗਾਵੇ ਤੇ ਇਸ ਦੇ ਪ੍ਰੋਡਿਊਸਰ ਤੇ ਡਾਇਰੈਕਟਰ ਖਿਲਾਫ਼ ਘਟੀਆ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਫਿਲਮ ਵਿਚ ਵਰਤੀ ਗਈ ਸ਼ਬਦਾਵਲੀ ਨਾਲ ਦਲਿੱਤ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਲੱਗੀ ਹੈ ਤੇ ਜੇਕਰ ਸਰਕਾਰ ਨੇ ਇਨ੍ਹਾਂ ਖਿਲਾਫ਼ ਕਾਰਵਾਈ ਨਾ ਕੀਤੀ ਤਾਂ ਸਮੂਹ ਜਥੇਬੰਦੀਆਂ ਇਕਜੁਟ ਹੋ ਕੇ ਸੰਘਰਸ਼ ਕਰਨਗੀਆਂ।

ਇਸ ਸਮੇਂ ਰਾਕੇਸ਼ ਕੁਮਾਰ ਛਿੰਦੂ, ਜਗਤਾਰ ਸਿੰਘ ਗੜ੍ਹੀ ਬੇਟ, ਗੁਰਦੀਪ ਸਿੰਘ ਮਾਨ, ਗੁਰਜੰਟ ਸਿੰਘ ਜੰਟਾ, ਸੁਖਦੇਵ ਸਿੰਘ ਬਿੱਟੂ, ਲਾਲ ਚੰਦ ਪਾਮੇ, ਮਿੰਕੂ ਹੰਸ, ਧਰਮਵੀਰ ਪਾਮੇ, ਪਰਮਜੀਤ ਨੀਲੋਂ, ਰਵੀ ਬਾਲੀ, ਅਵਤਾਰ ਸਿੰਘ, ਤਾਰੀ ਹੈਪੀ ਬੈਨੀਪਾਲ, ਸਰਬਜੀਤ ਸਿੰਘ ਬਿੱਟੂ, ਡਾਕਟਰ ਮਦਨਪਾਲ, ਮੀਨਾ ਰਾਣੀ, ਰਣਜੀਤ ਕੌਰ ਰਾਣੀ, ਸਤਨਾਮ ਕੌਰ ਸੋਨੀ, ਦੇਵਿੰਦਰ ਸਿੰਘ ਨਫਰੀ, ਕੁਲਦੀਪ ਸਿੰਘ, ਅਵਤਾਰ ਸਿੰਘ ਬੀਰੂ, ਮਨਦੀਪ ਸਿੰਘ, ਸਤਪਾਲ ਸਿੰਘ, ਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਰਕਾਰ ਰੁਜ਼ਗਾਰ ਦੇ ਮੌਕੇ ਦੇਣ ਲਈ ਵਚਨਬੱਧ : ਬਾਜ਼ੀਗਰ

## ਨਗਰ ਪੰਚਾਇਤ ਘੱਗਾ ਦੇ 18 ਸਫਾਈ ਸੇਵਕਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀਆਂ ਹਰ ਸੰਭਵ ਕੋਸ਼ਿਸ਼ਾਂ ਕਰ ਰਹੀ ਹੈ। ਪਿਛਲੇ ਡੇਢ ਸਾਲ ਤੋਂ ਵੀ ਘੱਟ ਦੇ ਸਮੇਂ ਦੌਰਾਨ ਸਰਕਾਰ ਵੱਲੋਂ 37 ਹਜ਼ਾਰ ਦੇ ਕਰੀਬ ਨੌਜਵਾਨਾਂ ਨੌਕਰੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਨਗਰ ਪੰਚਾਇਤ ਘੱਗਾ ਦੇ 18 ਸਫਾਈ ਸੇਵਕਾਂ ਨੂੰ ਨਿਯੁਕਤੀ ਪੱਤਰ ਵੰਡੇ ਜਾਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸਮਾਗਮ ਦੌਰਾਨ ਲੋਕ ਸਭਾ ਹਲਕਾ ਪਟਿਆਲਾ ਤੋਂ ਸੀਨੀਅਰ ਆਪ ਆਗੂ ਦਲਬੀਰ ਸਿੰਘ ਯੂ ਕੇ ਸ਼ਾਮਲ ਹੋਏ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਿਛਲੀਆਂ ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਸੂਬੇ ਦੇ ਵਿਕਾਸ ਕਾਰਜਾਂ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਕਰਕੇ ਸੂਬਾ ਰੁਜ਼ਗਾਰ ਦੇ ਪੱਖ ਤੋਂ ਬਹੁਤ ਪੱਛੜ ਗਿਆ ਹੈ। ਖੇਤੀ ਘਾਟੇ ਦਾ ਧੰਦਾ ਬਣ ਕੇ ਰਹਿ ਜਾਣ ਕਰਕੇ ਨਾ ਸਿਰਫ ਕਿਸਾਨਾਂ ਦਾ ਇਸ ਤੋਂ ਮੋਹ ਭੰਗ ਹੋ ਗਿਆ, ਸਗੋਂ ਰੁਜ਼ਗਾਰ ਦੇ ਵਸੀਲੇ ਵੀ ਠੱਪ ਹੋ ਕੇ ਰਹਿ ਗਏ। ਵਿਦੇਸ਼ਾਂ ਵਿੱਚ ਜਾਣ ਦੇ ਨੌਜਵਾਨਾਂ ਦੇ ਵਧਦੇ ਰੁਝਾਨ ਉੱਤੇ ਚਿੰਤਾ ਪ੍ਰਗਟ ਕਰਦਿਆਂ ਆਪ ਸਰਕਾਰ ਸੂਬੇ ਵਿੱਚ ਲਗਾਤਾਰ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲੱਗੀ ਹੋਈ ਹੈ। ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਰਾਜ ਵਿੱਚ ਸਨਅਤਕਾਰਾਂ ਦਾ ਰੁਝਾਨ ਵਧਣਾ ਸ਼ੁਰੂ ਹੋ ਗਿਆ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਰਾਜ ਵਿੱਚ ਇੰਡਸਟਰੀ ਦੇ ਵਧਣ ਨਾਲ ਰੋਜ਼ਗਾਰ ਦੇ ਵੱਡੇ ਮੌਕੇ ਪੈਦਾ ਹੋ ਜਾਣਗੇ।

ਇਸ ਦੌਰਾਨ ਨਿਯੁਕਤੀ ਪੱਤਰ ਮਿਲਣ 'ਤੇ ਸਫਾਈ ਸੇਵਕ ਯੂਨੀਅਨ ਦੇ ਆਗੂਆਂ ਨੇ ਪੰਜਾਬ ਸਰਕਾਰ ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਪਾਤੜਾਂ ਸ਼ਹਿਰੀ ਪ੍ਰਧਾਨ ਮਦਨ ਲਾਲ ਗੋਇਲ, ਸੀਨੀਅਰ ਆਗੂ ਪਰਮਿੰਦਰ ਸਿੰਘ ਘੱਗਾ ਤੇ ਦੁਰਗਾ ਸਿੰਗਲਾ ਆਦਿ ਹਾਜ਼ਰ ਸਨ।

# ਖ਼ੂਨਦਾਨ ਤੇ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ

**ਦੇਵੀਗੜ੍ਹ (ਵਿਜੈ ਕੁਮਾਰ ਸ਼ਰਮਾ)**-ਸਰਬੱਤ ਵੈੱਲਫੇਅਰ ਸੁਸਾਇਟੀ ਦੇਵੀਗੜ੍ਹ ਵੱਲੋਂ ਦੂਜਾ ਖ਼ੂਨਦਾਨ ਕੈਂਪ ਅਤੇ ਅੱਖਾਂ ਦਾ ਚੈੱਕਅੱਪ ਕੈਂਪ ਅਨਾਜ ਮੰਡੀ ਦੁੱਧਨ ਸਾਧਾਂ ਵਿਖੇ ਸੁਰਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਲਗਾਇਆ ਗਿਆ। ਕੈਂਪ ਦੌਰਾਨ 32 ਵਿਅਕਤੀਆਂ ਨੇ ਖ਼ੂਨ ਦਾਨ ਕੀਤਾ ਅਤੇ ਅੱਖਾਂ ਦੇ ਮਾਹਰ ਡਾ. ਮਨਪ੍ਰੀਤ ਸਿੰਘ ਦੀ ਟੀਮ ਵੱਲੋਂ 150 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਅਨਾਜ ਮੰਡੀ ਦੇਵੀਗੜ੍ਹ ਦੇ ਪ੍ਰਧਾਨ ਤੇ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਦੇ ਭਰਾ ਰਾਜਵਿੰਦਰ ਸਿੰਘ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸੁਸਾਇਟੀ ਨੂੰ 21000 ਰੁਪਏ ਮਾਲੀ ਮਦਦ ਵੀ ਦਿੱਤੀ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਵਿਰਕ, ਸਿਮਰਜੀਤ ਸਿੰਘ ਸੋਹਲ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ। ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਵਿਰਕ ਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕੈਂਪ ਵਿੱਚ ਤਕਰੀਬਨ 30 ਲੋੜਵੰਦ ਵਿਅਕਤੀਆਂ ਦੀਆਂ ਅੱਖਾਂ ਵਿੱਚ ਮੁਫਤ ਲੈਂਜ਼ ਵੀ ਪਾਏ ਜਾਣਗੇ ਅਤੇ ਮੁਫਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਮੌਕੇ ਬਲਦੇਵ ਸਿੰਘ ਦੇਵੀਗੜ੍ਹ, ਪ੍ਰਧਾਨ ਸਿਮਰਜੀਤ ਸਿੰਘ ਸੋਹਲ, ਡਾ. ਕਰਮਜੀਤ ਸਿੰਘ, ਪੰਜਾਬ ਸਿੰਘ ਵਿਰਕ, ਨਿਰਦੇਸ਼ਕ ਗੌਰਵ ਗੁਲਾਟੀ, ਸਰਪੰਚ ਗੁਰਵਿੰਦਰ ਸਿੰਘ, ਸਰਪੰਚ ਸੁਖਵਿੰਦਰ ਸਿੰਘ, ਡਾਕਟਰ ਜਸਵਿੰਦਰ ਸ਼ਰਮਾ ਦੇਵੀਗੜ੍ਹ, ਮੁਖਮਿੰਦਰ ਸਿੰਘ, ਹੈਪੀ ਕਰਿਆਨਾ ਤੇ ਲਾਡੀ ਅਕਬਰਪੁਰ ਹਾਜ਼ਰ ਸਨ।



# ਕਲੱਸਟਰ ਬਾਹਮਣੀਵਾਲਾ ਦੀਆਂ ਪ੍ਰਾਇਮਰੀ ਖੇਡਾਂ ਸਫਲਤਾਪੂਰਵਕ ਸੰਪੰਨ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਸਿੱਖਿਆ ਵਿਭਾਗ ਪ੍ਰਾਇਮਰੀ ਵਿੰਗ ਅਧੀਨ ਪੈਂਦੇ ਸੈਂਟਰ ਚੱਕ ਦੁਮਾਲ ਵਿੱਚ ਕਲੱਸਟਰ ਬਾਹਮਣੀ ਵਾਲਾ ਬਲਾਕ ਜਲਾਲਾਬਾਦ-2 ਦੀਆਂ ਦੋ ਰੋਜ਼ਾ ਪ੍ਰਾਇਮਰੀ ਖੇਡਾਂ ਸਫਲਤਾਪੂਰਵਕ ਸਮਾਪਤ ਹੋ ਗਈਆਂ ਹਨ। ਇਨ੍ਹਾਂ ਖੇਡਾਂ ਦੀ ਸ਼ੁਰੂਆਤ ਬਲਾਕ ਜਲਾਲਾਬਾਦ-2 ਦੇ ਬੀ ਪੀ ਈ ਓ ਨਰਿੰਦਰ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਆਖਿਆ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਬੱਚੇ ਦੇ ਸਰੀਰਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਜੇਕਰ ਅਸੀਂ ਬੱਚਿਆਂ ਨੂੰ ਪ੍ਰਾਇਮਰੀ ਲੈਵਲ ਤੋਂ ਖੇਡਾਂ ਵੱਲ ਉਤਸ਼ਾਹਤ ਕਰਦੇ ਹਾਂ ਤਾਂ ਬੱਚੇ ਨਸ਼ੇ ਤੋਂ ਵੀ ਦੂਰ ਰਹਿੰਦੇ ਹਨ। ਕਲਸਟਰ ਬਾਹਮਣੀ ਵਾਲਾ ਦੇ ਸੀ ਐੱਚ ਟੀ ਸ੍ਰੀਮਤੀ ਸੁਖਵਿੰਦਰ ਕੌਰ ਦੀ ਰਹਿਨੁਮਾਈ ਹੇਠ ਕਲੱਸਟਰ ਅਧੀਨ ਪੈਂਦੇ 8 ਸਕੂਲਾਂ ਦੀਆਂ ਪ੍ਰਾਇਮਰੀ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਲਗਭਗ 200 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਖੇਡਾਂ ਦੇ ਪਹਿਲੇ ਦਿਨ ਨੈਸ਼ਨਲ ਕਬੱਡੀ, ਖੋ ਖੋ, ਰੱਸਾਕਸ਼ੀ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਗਏ ਤੇ ਦੂਸਰੇ ਦਿਨ ਉੱਚੀ ਛਾਲ, ਰੇਸ, ਗੋਲਾ ਸੁੱਟਣਾ, ਕੁਸ਼ਤੀ, ਸ਼ਤਰੰਜ ਤੇ ਯੋਗਾ ਵਰਗੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਖੇਡਾਂ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਦੁਮਾਲ ਦਾ ਸਟਾਫ ਸ੍ਰੀ ਰਾਜੀਵ ਕਾਲੜਾ, ਮੈਡਮ ਬਿੰਦਰ ਕੌਰ, ਮੈਡਮ ਰਾਜਵਿੰਦਰ ਤੇ ਪਿੰਡ ਦੇ ਸਰਪੰਚ ਸਵਰਨ ਸਿੰਘ ਬਰਾੜ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਸੁੱਚੱਜੇ ਢੰਗ ਨਾਲ ਬੱਚਿਆਂ ਦੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ। ਖੇਡਾਂ ਦੇ ਦੂਸਰੇ ਦਿਨ ਜੇਤੂ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ 'ਚ ਖੋ ਖੋ ਦੇ ਮੁਕਾਬਲੇ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਡਿੱਬੀਪੁਰਾ, ਕਬੱਡੀ ਪ੍ਰਾਇਮਰੀ ਸਕੂਲ ਢਾਣੀ ਕਸ਼ਮੀਰ ਸਿੰਘ, ਨੈਸ਼ਨਲ ਕਬੱਡੀ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਸੂਰ ਘੂਰੀ ਦੀਆਂ ਟੀਮਾਂ ਜੇਤੂ ਰਹੀਆਂ। ਇਸ ਤੋਂ ਇਲਾਵਾ ਸਤਰੰਜ 'ਚ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਰੁੰਮ ਵਾਲਾ ਦੀ ਟੀਮ ਨੇ ਜੇਤੂ ਤਮਗਾ ਹਾਸਲ ਕੀਤਾ। ਇਨ੍ਹਾਂ ਖੇਡਾਂ 'ਚ ਰੈਫਰੀ ਹਰਜਿੰਦਰ ਸਿੰਘ ਹਾਂਡਾ ਨੇ ਅਹਿਮ ਭੂਮਿਕਾ ਨਿਭਾਈ, ਕੁਮੈਂਟਰੀ ਵਜੋਂ ਮੋਹਨ ਸਿੰਘ ਰਿਕਾਰਡ ਕੀਪਰ ਤੇ ਸਟੇਜ ਸਕੱਤਰ ਵਜੋਂ ਸੁਰਜੀਤ ਸਿੰਘ ਨੇ ਡਿਊਟੀ ਨਿਭਾਈ। ਇਸ ਤੋਂ ਇਲਾਵਾ ਬਚਨ ਸਿੰਘ, ਰਾਜਵਿੰਦਰ ਸਿੰਘ, ਕ੍ਰਿਸ਼ਨ ਸਿੰਘ, ਰੀਨਾ ਰਾਣੀ, ਸਾਜੀਆ ਮੋਂਗਾ, ਸ਼ਮ੍ਹਾਂ ਰਾਣੀ, ਜੋਗਿੰਦਰ ਕੌਰ, ਸਿਮਰੋ ਬੀਬੀ, ਰਮਨਦੀਪ ਕੌਰ, ਸਿਮਰੋ ਬਾਈ ਵੱਲੋਂ ਤਨਦੇਹੀ ਨਾਲ ਨਿਭਾਈ ਗਈ ਡਿਊਟੀ ਸਦਕਾ ਇਹ ਖੇਡਾਂ ਆਪਣੀਆਂ ਅਮਿੱਟ ਯਾਦਾਂ ਛੱਡਦੀਆਂ ਸਮਾਪਤ ਹੋਈਆਂ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਕੇਯੂ ਕ੍ਰਾਂਤੀਕਾਰੀ ਤੇ ਬੀਕੇਯੂ ਏਕਤਾ ਅਜ਼ਾਦ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੀ ਕਾਲ 'ਤੇ ਹੜ੍ਹਾਂ ਨਾਲ ਨੁਕਸਾਨ ਦਾ ਮੁਆਵਜ਼ਾ, ਐੱਮ ਐੱਸ ਪੀ ਦੀ ਗਰੰਟੀ ਕਨੂੰਨ, ਮੋਰਚੇ ਦੌਰਾਨ ਹੋਏ ਪਰਚੇ ਰੱਦ ਕਰਨ ਤੇ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਇੱਕ ਨੌਕਰੀ, ਬਣਦਾ ਮੁਆਵਜ਼ਾ, ਲਖੀਮਪੁਰ ਖੀਰੀ ਦੇ ਸ਼ਹੀਦ ਹੋਏ ਕਿਸਾਨਾਂ ਨੂੰ ਇਨਸਾਫ ਆਦਿ ਮੰਗਾਂ ਦਾ ਮੰਗ ਪੱਤਰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੱਕ ਪਹੁੰਚਣ ਲਈ ਐੱਸ ਡੀ ਐੱਮ ਸਮਾਣਾ ਦਫਤਰ ਵਿਖੇ ਤਹਿਸੀਲਦਾਰ ਲਾਰਸਨ ਸਿੰਗਲਾ ਨੂੰ ਦਿੱਤਾ ਗਿਆ। ਇਸ ਮੌਕੇ ਬੀਕੇਯੂ ਕ੍ਰਾਂਤੀਕਾਰੀ ਪ੍ਰਧਾਨ ਗੁਰਨਾਮ ਸਿੰਘ ਢੈਂਠਲ ਤੇ ਬੀਕੇਯੂ ਏਕਤਾ ਆਜ਼ਾਦ ਦੇ ਪ੍ਰਧਾਨ ਗੁਰਦੇਵ ਸਿੰਘ ਨੇ ਗੱਲਬਾਤ ਦੌਰਾਨ ਆਖਿਆ ਕਿ ਸੰਯੁਕਤ ਕਿਸਾਨ ਮੋਰਚੇ ਦੀ ਕਾਲ 'ਤੇ 28.29.30 ਸਤੰਬਰ ਨੂੰ ਰੇਲਾਂ ਰੋਕਣ ਲਈ ਜ਼ੋਰਾਂ-ਸ਼ੋਰਾਂ ਨਾਲ ਤਿਆਰੀ ਕੀਤੀ ਜਾ ਰਹੀ ਹੈ। ਇਸ ਮੌਕੇ ਰਣਜੀਤ ਸਿੰਘ ਸਵਾਜਪੁਰ ਜ਼ਿਲ੍ਹਾ ਪ੍ਰਧਾਨ ਨੇ ਆਖਿਆ ਕਿ ਪਿਛਲੀ ਵਾਰ ਚੰਡੀਗੜ੍ਹ ਧਰਨੇ ਵੇਲੇ ਪ੍ਰਸ਼ਾਸਨ ਵੱਲੋਂ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਘਰਾਂ ਵਿੱਚ ਤੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ, ਪਰ ਅਸੀਂ ਸਰਕਾਰ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹਾਂ ਕਿ ਉਹ ਇਸ ਤਰ੍ਹਾਂ ਦਾ ਮਾਹੌਲ ਦੁਆਰਾ ਨਾ ਦੁਹਰਾਉਣ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਸਰਕਾਰਾਂ ਨੂੰ ਜਗਾਉਣ ਵਾਸਤੇ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ। ਇਸ ਮੌਕੇ ਬੀਕੇਯੂ ਕ੍ਰਾਂਤੀਕਾਰੀ ਬਲਾਕ ਸਮਾਣਾ ਤੇ ਬੀਕੇਯੂ ਏਕਤਾ ਅਜ਼ਾਦ ਦੇ ਸਾਥੀ ਵੱਡੀ ਗਿਣਤੀ 'ਚ ਹਾਜ਼ਰ ਸਨ।

# ਮਿਹਨਤ ਕਰਨ ਵਾਲਾ ਹੀ ਮੰਜ਼ਲ ਨੂੰ ਪ੍ਰਾਪਤ ਕਰਦੈ : ਰਾਜੂ ਖੰਨਾ

## ਸਬ-ਇੰਸਪੈਕਟਰ ਬਣੀ ਅੰਨੀਆਂ ਦੀ ਸਿਮਰਨਜੀਤ ਕੌਰ ਸਹੋਤਾ ਦਾ ਸਨਮਾਨ

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਜੇਕਰ ਕੋਈ ਵੀ ਨੌਜਵਾਨ ਜਾਂ ਵਿਅਕਤੀ ਕਿਸੇ ਵੀ ਖੇਤਰ ਵਿੱਚ ਸਖਤ ਮਿਹਨਤ ਕਰੇ ਤਾਂ ਇੱਕ ਨਾ ਇੱਕ ਦਿਨ ਉਸ ਨੂੰ ਮੰਜ਼ਲ ਜ਼ਰੂਰ ਮਿਲਦੀ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਹਲਕਾ ਅਮਲੋਹ ਦੇ ਪਿੰਡ ਅੰਨੀਆਂ ਦੀ ਹੋਣਹਾਰ ਲੜਕੀ ਸਿਮਰਨਜੀਤ ਕੌਰ ਸਹੋਤਾ ਜਿਹੜੀ ਕਿ ਪੰਜਾਬ ਪੁਲਸ ਵਿੱਚ ਬਤੌਰ ਸਬ ਇੰਸਪੈਕਟਰ ਭਰਤੀ ਹੋਈ ਹੈ, ਉਸ ਦੇ ਗ੍ਰਹਿ ਪਿੰਡ ਵਿਖੇ ਪੁੱਜ ਕੇ ਵਿਸ਼ੇਸ਼ ਸਨਮਾਨ ਕਰਨ ਸਮੇਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਸਿਮਰਨਜੀਤ ਕੌਰ ਸਹੋਤਾ ਨੇ ਸਬ ਇੰਸਪੈਕਟਰ ਭਰਤੀ ਹੋ ਕੇ ਹਲਕਾ ਅਮਲੋਹ ਦੇ ਮਾਣ ਵਿੱਚ ਹੀ ਵਾਧਾ ਨਹੀਂ ਕੀਤਾ, ਸਗੋਂ ਨੌਜਵਾਨ ਪੀੜ੍ਹੀ ਲਈ ਵੀ ਪ੍ਰੇਰਣਾ ਸਰੋਤ ਬਣੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਨੂੰ ਜਾਣ ਦੀ ਥਾਂ ਪੰਜਾਬ ਵਿੱਚ ਸਖਤ ਮਿਹਨਤ ਕਰਕੇ ਵੀ ਮੰਜ਼ਲ ਪਾ ਸਕਦੇ ਹਨ, ਜਿਸ ਲਈ ਹਰ ਨੌਜਵਾਨ ਦਿਲ ਨਾਲ ਜਿੱਥੇ ਪੜ੍ਹਾਈ ਨੂੰ ਪੂਰੀ ਕਰਨ, ਉਥੇ ਪੰਜਾਬ ਅੰਦਰ ਹੀ ਕੰਮ-ਕਾਰ ਨੂੰ ਵੀ ਤਰਜੀਹ ਦੇਣ। ਉਨ੍ਹਾਂ ਸਿਮਰਨਜੀਤ ਦੇ ਸਮੁੱਚੇ ਪਰਿਵਾਰ ਨੂੰ ਜਿੱਥੇ ਵਧਾਈ ਦਿੱਤੀ ਉਥੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਸਿਮਰਨਜੀਤ ਕੌਰ ਸਹੋਤਾ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਤੇ ਅੱਗੋਂ ਹੋਰ ਤਰੱਕੀਆਂ ਕਰਨ ਦਾ ਬਲ ਬਖਸ਼ੇ।

ਇਸ ਮੌਕੇ ਜਥੇਦਾਰ ਹਰਬੰਸ ਸਿੰਘ ਬਡਾਲੀ, ਨੰਬਰਦਾਰ ਰਾਜਵੀਰ ਸਿੰਘ ਅੰਨੀਆਂ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਯੂਥ ਆਗੂ ਇਕਬਾਲ ਸਿੰਘ ਰਾਏ, ਹਰਵਿੰਦਰ ਸਿੰਘ ਬਿੰਦਾ ਮਾਜਰੀ, ਸਮਸ਼ੇਰ ਸਿੰਘ ਸਰਪੰਚ, ਬਲਜੀਤ ਸਿੰਘ ਸਾਬਕਾ ਪੰਚ, ਪ੍ਰਗਟ ਸਿੰਘ ਸਾਬਕਾ ਸਰਪੰਚ, ਗੁਰਮੀਤ ਸਿੰਘ ਸੁਹਾਣ ਪੰਚ, ਕੇਵਲ ਸਿੰਘ ਪੰਚ, ਮਾਸਟਰ ਗੁਰਪਾਲ ਸਿੰਘ, ਬਲਜਿੰਦਰ ਸਿੰਘ, ਸੱਜਣ ਸਿੰਘ, ਜਗਦੀਪ ਸਿੰਘ, ਤਰਸੇਮ ਸਿੰਘ, ਗੁਰਪ੍ਰੀਤ ਸਿੰਘ ਗੁਰੀ, ਪਾਲ ਸਿੰਘ ਖੁੰਮਣਾ, ਮਾਤਾ ਦਲਜੀਤ ਕੌਰ, ਕੁਲਵਿੰਦਰ ਸਿੰਘ, ਲਖਵਿੰਦਰ ਸਰਮਾ, ਗੁਰਵਿੰਦਰ ਸਿੰਘ, ਸੰਜੀਵ ਸ਼ਰਮਾ, ਰੋਹਿਤ ਸੁਹਾਣ, ਰਣਧੀਰ ਕੌਰ, ਹਾਕਮ ਸਿੰਘ ਦੁੱਗਰੀ, ਧਰਮ ਪਾਲ ਭੜੀ ਪੀ ਏ ਰਾਜੂ ਖੰਨਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



# 'ਆਪ' ਸੂਬੇ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਜਿੱਤ ਕੇ ਇਤਿਹਾਸ ਰਚੇਗੀ : ਸੰਧੂ

## ਇੰਦਰਜੀਤ ਸਿੰਘ ਸੰਧੂ ਦਾ ਪਾਤੜਾਂ ਫੇਰੀ ਦੌਰਾਨ ਭਰਵਾਂ ਸਵਾਗਤ


ਆਪ ਦੇ ਸੰਭਾਵੀ ਉਮੀਦਵਾਰ ਇੰਦਰਜੀਤ ਸਿੰਘ ਸੰਧੂ ਦਾ ਸੁਆਗਤ ਕਰਦੇ ਹੋਏ ਪਾਰਟੀ ਵਰਕਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਰਾਜ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆ ਕੇ ਲੋਕਾਂ ਦੀ ਕਾਇਆਕਲਪ ਕਰਨ ਲਈ ਯਤਨਸ਼ੀਲ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਪਟਿਆਲਾ ਤੋਂ ਆਪ ਦੇ ਸੰਭਾਵੀ ਉਮੀਦਵਾਰ ਇੰਦਰਜੀਤ ਸਿੰਘ ਸੰਧੂ ਨੇ ਆਪਣੀ ਪਾਤੜਾਂ ਫੇਰੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਪ ਆਗੂ ਇੰਦਰਜੀਤ ਸਿੰਘ ਸੰਧੂ ਦਾ ਪਾਤੜਾਂ ਫੇਰੀ ਦੌਰਾਨ ਭਿੰਡਰ ਟ੍ਰੇਡਰਜ਼ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਵਰਿੰਦਰ ਸਿੰਘ ਮੱਲੀ, ਸਿਮਰਨ ਘੁੰਮਣ, ਗੁਰਿੰਦਰ ਸਿੰਘ ਜੋਗੇਵਾਲਾ, ਸੁਖਵਿੰਦਰ ਸਿੰਘ ਮੱਲੀ, ਜਸਵਿੰਦਰ ਸਿੰਘ ਲਾਡੀ, ਗੱਜਣ ਸਿੰਘ ਕੰਬੋਜ, ਜਗਤਾਰ ਸਿੰਘ ਚੌਧਰੀ ਦੀ ਅਗਵਾਈ ਵਿੱਚ ਭਰਵਾਂ ਸਵਾਗਤ ਕੀਤਾ ਗਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਹਲਕਾ ਪਟਿਆਲਾ ਤੋਂ ਸੰਭਾਵੀ ਉਮੀਦਵਾਰ ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਸੂਬੇ ਵਿੱਚ ਸਾਰੀਆਂ ਸੀਟਾਂ ਉੱਤੇ ਵੱਡੀ ਜਿੱਤ ਪ੍ਰਾਪਤ ਕਰਕੇ ਇਤਿਹਾਸ ਰਚੇਗੀ, ਕਿਉਂਕਿ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਆਪ ਸਰਕਾਰ ਹਰ ਵਰਗ ਦੀ ਚਹੇਤੀ ਸਰਕਾਰ ਬਣਨ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਮੁਫਤ ਬਿਜਲੀ ਤੇ ਡੇਢ ਸਾਲ ਤੋਂ ਘੱਟ ਹਫਤੇ 'ਚ ਵੱਡੀ ਪੱਧਰ ਉੱਤੇ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਉਣਾ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਆਪ ਵਲੰਟੀਅਰ ਦਾ ਸੁਪਨਾ ਪੰਜਾਬ ਨੂੰ ਰੰਗਲਾ ਪੰਜਾਬ ਦੇਖਣ ਦਾ ਸੀ ਤੇ ਇਸ ਸੁਪਨੇ ਨੂੰ ਪੂਰਾ ਕਰਨ ਦੇ ਮਕਸਦ ਨਾਲ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਸੱਤਾ ਦੀ ਵਾਂਗ ਡੋਰ ਸੌਂਪੀ ਹੈ ਅਤੇ ਪੰਜਾਬੀਆਂ ਦੀ ਇਸ ਆਸ ਉੱਤੇ ਪੂਰਾ ਉਤਰਨ ਲਈ ਸਰਕਾਰ ਵੱਲੋਂ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਭਾਈਚਾਰਕ ਤਾਲਮੇਲ ਮੰਚ ਨੇ ਪੂਨਾ ਪੈਕਟ ਨੂੰ ਧਿਰਕਾਰ ਦਿਵਸ ਵਜੋਂ ਮਨਾਇਆ



**ਸੰਗਰੂਰ (ਪ੍ਰਵੀਨ ਸਿੰਘ)**

ਭਾਈਚਾਰਕ ਤਾਲਮੇਲ ਮੰਚ ਸੰਗਰੂਰ ਵੱਲੋਂ ਪੂਨਾ ਪੈਕਟ 1932 ਨੂੰ ਡਾਕਟਰ ਅੰਬੇਡਕਰ ਨਗਰ ਸੰਗਰੂਰ ਵਿਖੇ ਡਾਕਟਰ ਅੰਬੇਡਕਰ ਜੀ ਦੇ ਬੁੱਤ ਨੇੜੇ ਧਿਰਕਾਰ ਦਿਵਸ ਦੇ ਤੌਰ 'ਤੇ ਮਨਾਇਆ ਗਿਆ। ਸ੍ਰੀ ਮੂਲ ਚੰਦ ਤਹਿਸੀਲਦਾਰ, ਜਗਜੀਤ ਇੰਦਰ ਸਿੰਘ, ਕੁਲਵੰਤ ਸਿੰਘ ਜੇਲ੍ਹ ਸੁਪਰਡੈਂਟ ਵੱਲੋਂ ਡਾਕਟਰ ਅੰਬੇਡਕਰ ਜੀ ਵੱਲੋਂ ਭਾਰਤ ਦੇ ਵਿਕਾਸ ਲਈ ਤੇ ਭਾਰਤੀ ਔਰਤਾਂ ਅਤੇ ਦਲਿਤਾਂ ਦੀ ਭਲਾਈ ਲਈ ਸੰਵਿਧਾਨ ਵਿੱਚ ਦਰਜ ਹੱਕਾਂ ਬਾਰੇ ਜਾਣਕਾਰੀ ਦਿੱਤੀ ਗਈ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਬੇਗ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਕੀਰਤੀ ਭੱਠਲ, ਹੈੱਡਮਾਸਟਰ ਕਰਤਾਰ ਸਿੰਘ, ਜਸਦੇਵ ਸਿੰਘ ਲੈਕਚਰਾਰ, ਕਰਮ ਸਿੰਘ ਫਾਇਰ ਅਫਸਰ, ਗੁਰਮੀਤ ਸਿੰਘ ਬਾਲੀਆਂ ਸਕੱਤਰ, ਬਲਜੀਤ ਸਿੰਘ ਕੰਮੋਮਾਜਰਾ ਵੱਲੋਂ ਸਾਰਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸ੍ਰੀ ਸੁਰਜੀਤ ਸਿੰਘ ਕਾਲੀਆ ਨੇ ਪੂਨਾ ਪੈਕਟ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਟੈਂਗ ਚੈਮਸਫੋਰਡ ਵੱਲੋਂ ਅਛੂਤਾਂ ਨੂੰ 1919 'ਚ ਚੋਣ ਖੇਤਰ, ਸਿੱਖਿਆ ਸੰਸਥਾਵਾਂ ਤੇ ਨੌਕਰੀਆਂ ਵਿੱਚ ਪ੍ਰਬੰਧ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਸਾਈਮਨ ਕਮਿਸ਼ਨ ਵੱਲੋਂ ਦਿੱਤੀ ਰਿਪੋਰਟ ਦੇ ਆਧਾਰ 'ਤੇ ਉਸ ਸਮੇਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਮੈਕਡੋਨਲ ਨੇ ਜਾਰਜ ਲੁਟੀਅਨ ਕਮੇਟੀ ਵੱਲੋਂ ਅਛੂਤਾਂ ਨੂੰ ਵੱਖਰੇ ਚੋਣ ਖੇਤਰ, ਸਿੱਖਿਆ ਸੰਸਥਾਵਾਂ ਵਿੱਚ ਸਰਕਾਰੀ ਵਿਭਾਗਾਂ 'ਚ ਨੌਕਰੀਆਂ ਦਾ ਰਾਖਵਾਂਕਰਨ ਕਰਨ ਲਈ ਕਮਿਊਨਿਲ ਅਵਾਰਡ ਰਾਹੀਂ ਹੱਕ ਮਿਤੀ 18-8-1932 ਨੂੰ ਦਿੱਤੇ ਗਏ ਸਨ, ਜਿਸ ਖਿਲਾਫ ਗਾਂਧੀ ਨੇ 19-9-1932 ਨੂੰ ਯਰਵਦਾ ਜੇਲ੍ਹ ਵਿੱਚ ਮਰਨ ਵਰਤ ਰੱਖਿਆ ਸੀ। ਇਸ ਸਮੇਂ ਦੌਰਾਨ ਮਨੂਵਾਦੀ ਵਿਚਾਰਧਾਰਾ ਦੇ ਲੋਕਾਂ ਨੇ ਦਲਿਤਾਂ ਦੀਆਂ ਝੁੱਗੀ ਝੌਂਪੜੀਆਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅੰਬੇਡਕਰ ਜੀ ਨੂੰ ਵੀ ਕਤਲ ਕਰਨ ਦਾ ਫੈਸਲਾ ਕੀਤਾ ਜਾ ਚੁੱਕਿਆ ਸੀ, ਜਿਸ ਕਰਕੇ ਹਿੰਦੂ ਲੀਡਰਸ਼ਿਪ ਵੱਲੋਂ ਅੰਬੇਡਕਰ ਉਤੇ ਗਾਂਧੀ ਜੀ ਨਾਲ ਸਮਝੌਤਾ ਕਰਨ ਲਈ ਦਬਾਅ ਪਾਇਆ ਗਿਆ। ਮਿਤੀ 24-9-1932 ਨੂੰ ਗਾਂਧੀ ਤੇ ਡਾਕਟਰ ਅੰਬੇਡਕਰ ਵਿਚਕਾਰ ਸਮਝੌਤਾ ਹੋਇਆ, ਉਸ ਅਨੁਸਾਰ ਅਛੂਤਾਂ ਨੂੰ ਆਪਣੇ ਨੁਮਾਇੰਦੇ ਚੁਣਨ ਤੋਂ ਹੱਕ ਖੋਹ ਲਿਆ ਸੀ। ਡਬਲ ਹਲਕਿਆਂ ਨੂੰ ਸਿੰਗਲ ਹਲਕਿਆਂ ਵਿੱਚ ਕੀਤਾ ਗਿਆ। ਇਸ ਤਰ੍ਹਾਂ ਜੋ ਅਛੂਤਾਂ ਨੂੰ 2000 ਸਾਲ ਬਾਅਦ ਹੱਕ ਕਮਿਊਨਿਲ ਅਵਾਰਡ ਰਾਹੀਂ ਮਿਲੇ ਸਨ, ਉਨ੍ਹਾਂ ਨੂੰ ਗਾਂਧੀ ਨੇ ਪੂਨਾ ਪੈਕਟ ਰਾਹੀਂ ਇੱਕੋ ਝਟਕੇ ਨਾਲ ਖਤਮ ਕਰ ਦਿੱਤਾ ਸੀ। ਇਸ ਦਿਨ ਨੂੰ ਡਾਕਟਰ ਅੰਬੇਡਕਰ ਨੇ ਧਿਰਕਾਰ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ ਸੀ, ਇਹ ਭਾਰਤ 'ਚ 1982 ਤੋਂ ਬਾਅਦ ਹਰ ਸਾਲ ਦਲਿਤ ਸਮਾਜ ਵੱਲੋਂ ਇਸ ਦਿਨ ਨੂੰ ਧਿਰਕਾਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਸ੍ਰੀ ਰਾਮ ਪ੍ਰਕਾਸ ਤੇ ਸ੍ਰੀ ਰੌਸ਼ਨ ਲਾਲ ਪੂਨੀਆ ਵੱਲੋਂ ਚਾਹ ਬਿਸਕੁਟਾਂ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਹੈੱਡਮਾਸਟਰ ਸ੍ਰੀ ਕਰਤਾਰ ਸਿੰਘ ਚੱਕ ਬੇਲਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਡਾ. ਅੰਬੇਡਕਰ ਵੈੱਲਫੇਅਰ ਸੁਸਾਇਟੀ ਵੱਲੋਂ ਸਿਮਰਨਜੀਤ ਸਹੋਤਾ ਦਾ ਸਨਮਾਨ




**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਅਮਲੋਹ ਵੱਲੋਂ ਨਜ਼ਦੀਕ ਪਿੰਡ ਅੰਨੀਆਂ ਦੀ ਸਿਮਰਨਜੀਤ ਕੌਰ ਸਹੋਤਾ ਨੂੰ ਪੰਜਾਬ ਪੁਲਸ ਵਿੱਚ ਸਬ-ਇੰਸਪੈਕਟਰ ਨਿਯੁਕਤ ਹੋਣ 'ਤੇ ਸਨਮਾਨਤ ਕੀਤਾ ਗਿਆ ਅਤੇ ਵਧਾਈ ਦਿੱਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਜਰਨੈਲ ਸਿੰਘ ਅਕਾਲਗੜ੍ਹ ਤੇ ਡਾ. ਤੀਰਥ ਬਾਲਾ ਨੇ ਕਿਹਾ ਕਿ ਸਿਮਰਨਜੀਤ ਕੌਰ ਨੇ ਸਬ ਇੰਸਪੈਕਟਰ ਨਿਯੁਕਤ ਹੋ ਕੇ ਆਪਣੇ ਮਾਤਾ-ਪਿਤਾ ਤੇ ਹਲਕੇ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਉਨ੍ਹਾਂ ਆਪਣੀ ਮਿਹਨਤ ਸਦਕਾ ਸਾਬਿਤ ਕਰ ਦਿੱਤਾ ਹੈ ਕਿ ਲੜਕੀਆਂ ਲੜਕਿਆਂ ਨਾਲੋਂ ਕਿਸੇ ਵੀ ਖੇਤਰ ਵਿੱਚ ਘੱਟ ਨਹੀਂ ਹਨ ਤੇ ਲੜਕੀਆਂ ਨੂੰ ਅੱਗੇ ਵਧਣ ਲਈ ਹਰ ਮਾਪੇ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਇਸ ਮੌਕੇ ਸਿਮਰਨਜੀਤ ਕੌਰ ਨੇ ਕਿਹਾ ਕਿ ਅੱਜ ਮਿਲਿਆ ਮਾਣ ਸਨਮਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ ਤੇ ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਅਮਲੋਹ ਵੱਲੋਂ ਕੀਤੇ ਜਾਂਦੇ ਕਾਰਜ ਸ਼ਲਾਘਾਯੋਗ ਹਨ। ਇਸ ਮੌਕੇ ਲੈਕ. ਮੱਘਰ ਸਿੰਘ ਸਲਾਣਾ, ਦਰਸ਼ਨ ਸਿੰਘ ਸਲਾਣੀ, ਅਵਤਾਰ ਸਿੰਘ, ਸਤਵੀਰ ਸਿੰਘ, ਹਰਮਿੰਦਰਪਾਲ ਕੌਰ, ਜਸਨੀਤ ਕੌਰ, ਅਮਰੀਕ ਸਿੰਘ, ਗੁਰਪਾਲ ਸਿੰਘ, ਹੰਸ ਰਾਜ ਮਾਹੀ, ਜਸਵੀਰ ਕੌਰ, ਪਰਮਜੀਤ ਕੌਰ, ਪਰਮਿੰਦਰ ਸਿੰਘ, ਭਰਪੂਰ ਸਿੰਘ ਆਦਿ ਮੌਜੂਦ ਸਨ।

# ਪਰਾਲੀ ਨੂੰ ਖੇਤ 'ਚ ਵਾਹ ਕੇ ਜਾਂ ਗੱਠਾਂ ਬਣਾ ਕੇ ਕੀਤਾ ਜਾਵੇ ਨਿਬੇੜਾ : ਡਾ: ਜਗਦੀਸ਼ ਸਿੰਘ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਪਿੰਡ ਚੰਨਣਵਾਲ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਲਾਕ ਮਹਿਲ ਕਲਾਂ ਵੱਲੋਂ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਤੇ ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਡਾ. ਜਗਦੀਸ਼ ਸਿੰਘ ਦੀ ਯੋਗ ਅਗਵਾਈ ਤਹਿਤ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕ ਕੀਤਾ ਗਿਆ। ਡਾ. ਜਗਦੀਸ਼ ਸਿੰਘ ਨੇ ਕਿਹਾ ਕਿ ਜਿੱਥੇ ਅਸੀਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ, ਉੱਥੇ ਧਰਤੀ ਦੀ ਉਪਜਾਊ ਸ਼ਕਤੀ ਅਤੇ ਮਿੱਤਰ ਕੀੜੇ ਵੀ ਮਾਰ ਰਹੇ ਹਾਂ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਕੇ ਨਵੀਆਂ ਤਕਨੀਕਾਂ (ਹੈਪੀਸੀਡਰ, ਸੁਪਰਸੀਡਰ, ਸਰਫੇਸ ਸੀਡਰ ਆਦਿ) ਨਾਲ ਹੀ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਜੁ ਆਉਣ ਵਾਲੀਆਂ ਨਸਲਾਂ ਲਈ ਸ਼ੁੱਧ ਵਾਤਾਵਰਣ ਪ੍ਰਦਾਨ ਕੀਤਾ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਖੇਤ ਦੀ ਪਰਾਲੀ ਨੂੰ ਬੇਲਰ ਰਾਹੀਂ ਗੰਢਾਂ ਬਣਾ ਕੇ ਜਾਂ ਤੂੜੀ ਬਣਾ ਕੇ ਵਪਾਰੀਆਂ ਨੂੰ ਵੇਚ ਸਕਦੇ ਹਨ। ਖੇਤੀਬਾੜੀ ਵਿਕਾਸ ਅਫ਼ਸਰ ਡਾ. ਜਸਮੀਨ ਸਿੰਘ ਸਿੱਧੂ ਨੇ ਹਾੜ੍ਹੀ ਦੀਆਂ ਫ਼ਸਲਾਂ ਦੀ ਕਾਸ਼ਤ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਗਈਆਂ ਕਣਕ ਦੀਆਂ ਕਿਸਮਾਂ, ਖ਼ੁਰਾਕੀ ਤੱਤ, ਕੀੜੇ-ਮਕੌੜੇ ਤੇ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਇੱਕ ਏਕੜ ਵਿੱਚੋਂ ਪੈਦਾ ਹੋਈ ਪਰਾਲੀ ਨੂੰ ਆਪਣੇ ਖੇਤ ਵਿੱਚ ਹੀ ਵਾਹੁੰਦਾ ਹੈ ਤਾਂ ਕਿਸਾਨ ਦਾ ਪ੍ਰਤੀ ਏਕੜ 4000 ਤੋਂ 5000 ਖਰਚਾ ਵੀ ਘਟੇਗਾ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਵੀ ਹੋਵੇਗਾ।

ਉਨ੍ਹਾਂ ਕਣਕ ਦੇ ਮੁੱਖ ਦੁਸ਼ਮਣ ਗੁੱਲੀਡੰਡੇ ਤੇ ਉਸਦੀ ਰੋਕਥਾਮ ਲਈ ਸਿਫ਼ਾਰਸ਼ ਕੀਤੇ ਗਏ ਨਦੀਨ-ਨਾਸ਼ਕਾਂ ਬਾਰੇ ਜਾਣਕਾਰੀ ਮੁਹੱਈਆ ਕਰਾਈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸੀ.ਆਰ. ਐੱਮ. ਸਕੀਮ ਅਧੀਨ ਕਿਸਾਨਾਂ ਨੂੰ ਸਬਸਿਡੀ ਉੱਪਰ ਪਰਾਲੀ ਸਾਂਭਣ ਵਾਲੀਆਂ ਵੱਖ- ਵੱਖ ਮਸ਼ੀਨਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਕਿਸਾਨ ਭਰਪੂਰ ਲਾਭ ਲੈ ਸਕਦੇ ਹਨ।

# ਗਲੋਬਲ ਮਾਈਲਸਟੋਨ ਵੀਜ਼ੇ ਪ੍ਰਾਪਤ ਕਰਨ ਵਾਲਾ ਬਣਿਆ ਵੱਡਾ ਕੇਂਦਰ



**ਜਗਰਾਉਂ (ਸੰਜੀਵ ਅਰੋੜਾ)**- ਪਿਛਲੇ ਦਿਨੀਂ ਗਲੋਬਲ ਮਾਈਲਸਟੋਨ ਵੱਲੋਂ ਵੱਡੀ ਗਿਣਤੀ 'ਚ 10 ਵੀਜ਼ੇ ਪ੍ਰਾਪਤ ਕੀਤੇ ਗਏ, ਜਿਨ੍ਹਾਂ 'ਚੋਂ ਕਰਮਜੀਤ ਸਿੰਘ ਤੇ ਰਣਜੀਤ ਕੌਰ ਦਸੌਂਦਾ ਸਿੰਘ ਵਾਲੇ ਤੋਂ ਅਤੇ ਜਸ਼ਵਨਜੀਤ ਸਿੰਘ ਤਤਲਾ ਤੇ ਮਨਜੀਤ ਕੌਰ ਪਿੰਡ ਬੀਰਮੀ, ਜਸਵੰਤ ਕੌਰ ਤੇ ਮਨਜੀਤ ਸਿੰਘ ਸੁਬਲ, ਜਸਕਰਨ ਸਿੰਘ ਅਤੇ ਮਨਜੀਤ ਕੌਰ ਪਿੰਡ ਬੁਰਜ ਹਰੀ ਸਿੰਘ ਵਾਲਾ, ਹਰਬੰਸ ਕੌਰ ਤੇ ਮਨਦੀਪ ਸਿੰਘ ਪਿੰਡ ਅੱਚਰਵਾਲ ਵੱਲੋਂ ਕੈਨੇਡਾ ਦੇ ਵੀਜ਼ੇ ਪ੍ਰਾਪਤ ਕੀਤੇ ਗਏ।

ਇਨ੍ਹਾਂ ਪਰਵਾਰਾਂ ਵੱਲੋਂ ਦੱਸਿਆ ਗਿਆ ਕਿ ਸਾਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਸਾਡੇ ਡਾਕੂਮੈਂਟ ਤਿਆਰ ਕੀਤੇ ਗਏ ਅਤੇ ਸਾਨੂੰ ਬਹੁਤ ਵਧੀਆ ਸਲਾਹ ਦਿੱਤੀ ਗਈ। ਅਸੀਂ ਹੋਰ ਲੋਕਾਂ ਨੂੰ ਵੀ ਇਹ ਸੁਨੇਹਾ ਦਿੰਦੇ ਹਾਂ ਕਿ ਕਿਤੇ ਹੋਰ ਜਾਣ ਤੋਂ ਪਹਿਲਾ ਇਕ ਵਾਰ ਇਸ ਸੈਂਟਰ ਦੇ ਮਾਲਕ ਬਲਵੀਰ ਸਿੰਘ ਨੂੰ ਜ਼ਰੂਰ ਮਿਲਣ।

# ਗਗਨਦੀਪ ਸਿੰਘ ਤੇ ਭੁਪਿੰਦਰ ਸਿੰਘ ਗੌਰਮਿੰਟ ਟੀਚਰ ਯੂਨੀਅਨ 'ਚ ਹੋਏ ਸ਼ਾਮਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਪੰਜਾਬ ਦੀ ਕਾਰਜ ਸ਼ੈਲੀ ਤੋਂ ਪ੍ਰਭਾਵਤ ਹੋ ਕੇ ਅਤੇ ਜ਼ਿਲ੍ਹਾ ਟੀਮ ਦੀ ਪ੍ਰੇਰਣਾ ਸਦਕਾ ਹੈਡ ਟੀਚਰ ਗਗਨਦੀਪ ਸਿੰਘ ਅਤੇ ਹੈਡ ਟੀਚਰ ਭੁਪਿੰਦਰ ਸਿੰਘ ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਪੰਜਾਬ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਵਿੱਚ ਸ਼ਾਮਲ ਹੋਏ। ਉਨ੍ਹਾਂ ਜਥੇਬੰਦੀ ਦੇ ਹਰ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ, ਜਰਨਲ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਨਵਦੀਪ ਸੁੱਖੀ, ਮੀਤ ਪ੍ਰਧਾਨਾ ਸਰਵ ਸ੍ਰੀ ਸੰਜੇ ਕੁਮਾਰ, ਅਜੀਤ ਪਾਲ ਸਿੰਘ, ਪਰਮਿੰਦਰ ਸਿੰਘ, ਸੁਮੇਸ਼ ਕੁਮਾਰ, ਬਲਜਿੰਦਰ ਸਿੰਘ, ਗੁਰਵਿੰਦਰ ਸਿੰਘ, ਸਤਿਨਾਮ ਸਿੰਘ, ਜਸਵਿੰਦਰ ਸਿੰਘ, ਨਵਦੀਪ ਅਹੂਜਾ, ਗੁਰਮੀਤ ਸਿੰਘ, ਪਵਿੱਤਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸਾਹਿਬ ਸਿੰਘ, ਭੋਲਾ ਸਿੰਘ ਤੇ ਅਰੁਨਦੀਪ ਸਿੰਘ ਨੇ ਇਨ੍ਹਾਂ ਦਾ ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਪੰਜਾਬ ਸ੍ਰੀ ਮੁਕਤਸਰ ਸਾਹਿਬ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ।

ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਜੰਬਰ ਨੇ ਆਪਣੇ ਸੰਬੋਧਨ ਵਿੱਚ ਕਿਹਾ, ਟੀਚਰਾਂ ਦੀ ਸਿਰਮੌਰ ਜਥੇਬੰਦੀ ਗੌਰਮਿੰਟ ਟੀਚਰ ਯੂਨੀਅਨ ਵਿਗਿਆਨਕ ਹਮੇਸ਼ਾ ਅਧਿਆਪਕਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੀ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਡੀ ਏ ਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ। ਅਧਿਆਪਕਾਂ ਦੀਆਂ ਖਾਲੀ ਪੋਸਟਾਂ ਭਰੀਆਂ ਜਾਣ।

# ਮੈਡੀਕਲ ਤੇ ਭਲਾਈ ਸਕੀਮਾਂ ਸੰਬੰਧੀ ਕੈਂਪ



**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ. ਗੀਟਾ ਬਾਲਾ ਸਿਵਲ ਸਰਜਨ ਦੇ ਸਹਿਯੋਗ ਨਾਲ ਕਾਰਜ ਸਾਧਕ ਅਫ਼ਸਰ ਸ੍ਰੀ ਰਜਨੀਸ਼ ਕੁਮਾਰ ਦੇ ਦਿਸ਼ਾ ਨਿਰਦੇਸਾ ਹੇਠ ਸੁਪਰਡੈਂਟ ਸ੍ਰੀ ਵੀਰਪਾਲ ਸਿੰਘ, ਐਸ ਆਈ ਪਰਮਜੀਤ ਸਿੰਘ ਦੀ ਅਗਵਾਈ ਪੰਜਾਬ ਸਰਕਾਰ ਦੇ ਥੀਮ ਸਵੱਛਤਾ ਹੀ ਸੇਵਾ ਦੇ ਅੰਤਰਗਤ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ ਵਿੱਚ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਸਿਵਲ ਸਰਜਨ ਡਾਕਟਰ ਰੀਟਾ ਬਾਲਾ ਦੇ ਨਿਰਦੇਸ਼ਾਂ ਅਨੁਸਾਰ ਡਾਕਟਰ ਨੇਤਲੀ ਮੈਡੀਕਲ ਅਫ਼ਸਰ ਅਤੇ ਭਗਵਾਨ ਦਾਸ ਹੈਲਥ ਇੰਸਪੈਕਟਰ ਦੀ ਟੀਮ ਵੱਲੋਂ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ ਤੇ ਸਿਹਤ ਵਿਭਾਗ ਦੀਆਂ ਸਕੀਮਾਂ ਜਨਨੀ ਸੁਰੱਖਿਆ ਯੋਜਨਾ, ਬਾਲੜੀ ਸੁਰੱਖਿਆ ਯੋਜਨਾ ਆਯੂਸਮਾਨ ਭਵ ਯੋਜਨਾ, ਨਸ਼ਿਆਂ ਦੀ ਰੋਕਥਾਮ ਸੰਬੰਧੀ ਜਾਣਕਾਰੀ ਦਿੱਤੀ ਗਈ।

ਸ੍ਰੀ ਨਰਿੰਦਰਜੀਤ ਸਿੰਘ ਖੁਰਾਕ ਸਪਲਾਈ ਵਿਭਾਗ ਦੀ ਟੀਮ ਵੱਲੋਂ ਪੀ.ਐਮ. ਉਜਾਲਾ ਯੋਜਨਾ ਬਾਰੇ ਜਾਣਕਾਰੀ ਦਿੱਤੀ। ਸ੍ਰੀ ਪਰਦੀਪ ਸਿੰਘ ਸੀ.ਐਮ.ਐਮ ਤੇ ਰਾਜਦੀਪ ਕੌਰ ਸੀ.ਓ ਵੱਲੋਂ ਨੈਸ਼ਨਲ ਲੇਵਲੀ ਹੁੱਡ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਇੰਸਪੈਕਟਰ ਸ੍ਰੀ ਛਿੰਦਰਪਾਲ ਸਿੰਘ ਵੱਲੋਂ ਆਵਾਸ ਯੋਜਨਾ ਬਾਰੇ ਜਾਣਕਾਰੀ ਦਿੱਤੀ ਗਈ। ਸਮੂਹ ਸਫ਼ਾਈ ਸੇਵਕਾਂ ਨੂੰ ਸੇਫਟੀ ਕਿਟਸ ਦੀ ਵੰਡ ਕੀਤੀ ਗਈ। ਅੰਤ ਵਿੱਚ ਸੁਪਰਡੈਂਟ ਵੀਰਪਾਲ ਸਿੰਘ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜੀ ਆਇਆਂ ਆਖਿਆ ਤੇ ਉਨ੍ਹਾਂ ਨੂੰ ਨਗਰ ਕੌਂਸਲ ਵਿੱਚ ਤਿਆਰ ਕੀਤੀ ਗਈ ਜੈਵਿਕ ਖਾਦ ਦਿੱਤੀ ਗਈ।

# ਪੌਦਿਆਂ ਦੀ ਸ਼ੁੱਧ ਹਵਾ ਸਰੀਰ ਦੀਆਂ ਬਿਮਾਰੀਆਂ ਨੂੰ ਕਰਦੀ ਹੈ ਦੂਰ : ਦੀਪਕ ਤਲਵਾੜ



ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਦੀਪਕ ਤਲਵਾੜ ਦੀ ਟੀਮ ਪੌਦੇ ਲਾਉਂਦੀ ਹੋਈ।

**ਬਾਘਾ ਪੁਰਾਣਾ, (ਮਨੀ ਸਿੰਗਲਾ)**-ਭਾਰਤੀ ਜਨਤਾ ਪਾਰਟੀ ਮੰਡਲ ਪ੍ਰਧਾਨ ਦੀਪਕ ਤਲਵਾੜ ਵੱਲੋਂ ਅਲੱਗ-ਅਲੱਗ ਥਾਂਵਾਂ 'ਤੇ ਵੱਖ-ਵੱਖ ਤਰ੍ਹਾਂ ਦੇ ਫ਼ਲਦਾਰ ਪੌਦੇ ਲਾਏ ਗਏ। ਪੌਦੇ ਲਾਉਣ ਉਪਰੰਤ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਰਲ-ਮਿਲ ਇੱਕ-ਇੱਕ ਪੌਦਾ ਆਪਣੇ ਘਰਾਂ, ਕਾਲਜਾਂ, ਸਕੂਲਾਂ, ਹਸਪਤਾਲਾਂ, ਪਾਰਕ ਵਿੱਚ ਜ਼ਰੂਰ ਲਾਉਣੇ ਚਾਹੀਦੇ ਹਨ, ਜਿਸ ਨਾਲ ਆਕਸੀਜਨ ਵਿੱਚ ਵਾਧਾ ਹੋ ਸਕੇ ਅਤੇ ਪੌਦਿਆਂ ਦੀ ਸ਼ੁੱਧ ਹਵਾ ਸਾਡੇ ਸਰੀਰ ਦੇ ਅੰਦਰਲੇ ਬਿਮਾਰੀਆਂ ਦਾ ਛੁਟਕਾਰਾ ਪਾ ਸਕੇ ਤੇ ਸਰੀਰ ਨੂੰ ਤੰਦਰੁਸਤ ਕਰ ਸਕੇ। ਦੀਪਕ ਤਲਵਾੜ ਨੇ ਕਿਹਾ ਕਿ ਸਾਡਾ ਮਕਸਦ ਪੌਦੇ ਲਾ ਕੇ ਛੱਡਣਾ ਨਹੀਂ, ਸਗੋਂ ਉਸ ਦੀ ਦੇਖ-ਭਾਲ ਕਰਨਾ ਵੀ ਜ਼ਰੂਰੀ ਹੈ।

ਪੌਦਿਆਂ ਨੂੰ ਰੋਜ਼ਾਨਾ ਪਾਣੀ ਦਿੱਤਾ ਜਾਦਾ ਹੈ, ਕਿਉਂਕਿ ਇਹੀ ਪੌਦੇ ਜਦੋਂ ਵੱਡੇ ਹੋ ਜਾਂਦੇ ਹਨ ਤਾਂ ਅਸੀ ਇਸ ਪੌਦੇ ਦੀ ਛਾਂ ਹੇਠਾਂ ਇਕੱਠੇ ਬੈਠ ਕੇ ਅਨੰਦ ਮਾਣਦੇ ਹਨ। ਇਸ ਮੌਕੇ ਗਗਨਦੀਪ ਲੂੰਬਾ ਯੁਵਾ ਮੋਰਚਾ ਪ੍ਰਧਾਨ, ਪੰਕਜ ਅਰੋੜਾ, ਲਖਵਿੰਦਰ ਕੈਂਥ, ਨਵਦੀਪ ਤਲਵਾੜ, ਸੁਭਾਸ਼ ਸ਼ਰਮਾ, ਮੋਹਿਤ ਮਹੇਸ਼ਵਰੀ, ਰਣਜੀਤ ਸਿੰਘ ਸਾਬਕਾ ਏ.ਐਸ.ਆਈ, ਸੋਨੂੰ ਮੇਨਰਾ ਤੇ ਹਾਜ਼ਰ ਸਨ।

# ਜੱਸੋਵਾਲ ਦੰਗਲ ਮੇਲੇ 'ਚ ਹਰਮਨ ਆਲਮਗੀਰ ਨੇ ਜਿੱਤੀ ਝੰਡੀ



ਜੱਸੋਵਾਲ ਵਿਖੇ ਝੰਡੀ ਦੀ ਕੁਸ਼ਤੀ ਸ਼ੁਰੂ ਕਰਵਾਉਂਦੇ ਹੋਏ ਪ੍ਰਬੰਧਕ।

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨੇੜਲੇ ਪਿੰਡ ਜੱਸੋਵਾਲ ਵਿਖੇ ਗੁੱਗਾ ਜਾਹਰ ਵੀਰ ਦੀ ਯਾਦ ਵਿੱਚ ਸਾਲਾਨਾ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 70 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾਏ। ਝੰਡੀ ਦੀ ਕੁਸ਼ਤੀ 'ਚ ਪਹਿਲੀਆਂ 4 ਕੁਸ਼ਤੀਆਂ 'ਚੋਂ ਹਰਮਨ ਆਲਮਗੀਰ ਨੇ ਸੁੱਖ ਮੰਡ ਚੌਂਤਾ ਨੂੰ, ਕਿੰਦਾ ਬਾਬਾ ਫਲਾਹੀ ਨੇ ਕਾਕਾ ਢਿੱਲਵਾਂ ਨੂੰ, ਸਤਨਾਮ ਮਾਛੀਵਾੜਾ ਨੇ ਲਾਲੀ ਮੰਡ ਚੌਂਤਾ ਨੂੰ ਹਰਾਇਆ, ਜਦਕਿ ਹਰਸ਼ ਢਿੱਲਵਾਂ ਤੇ ਸਾਬੂ ਬਾਬਾ ਫਲਾਹੀ ਬਰਾਬਰ ਰਹੇ। ਜੇਤੂ ਪਹਿਲਵਾਨਾਂ ਨੂੰ ਅਵਤਾਰ ਸਿੰਘ ਤੇ ਅਮਰੀਕ ਸਿੰਘ ਵੱਲੋਂ ਸੁੰਨੇ ਦੀ ਮੁੰਦਰੀਆਂ ਅਤੇ ਗੁੱਗਾ ਮੈੜੀ ਦੇ ਮੁੱਖ ਸੇਵਾਦਾਰ ਦਲਵੀਰ ਸਿੰਘ, ਜਗਤਾਰ ਸਿੰਘ, ਜਗਦੇਵ ਸਿੰਘ ਸਾਬਕਾ ਸਰਪੰਚ, ਸੁਰਜੀਤ ਸਿੰਘ, ਹਰਪ੍ਰੀਤ ਸਿੰਘ, ਜੋਗਾ ਸਿੰਘ, ਲਾਲ ਸਿੰਘ, ਅਮਰੀਕ ਸਿੰਘ, ਦਰਸ਼ਨ ਸਿੰਘ, ਸਾਹਿਲ ਜਰਮਨ, ਜਸਵੀਰ ਸਿੰਘ, ਨਿਰੰਜਨ ਭੱਲਾ, ਸੁਰਿੰਦਰ ਸਿੰਘ, ਸ਼ੁਪਿੰਦਰ ਸਿੰਘ ਮੰਗਲੀ, ਦਿਲਬਾਗ ਸਿੰਘ, ਅਜੈਬ ਸਿੰਘ, ਲਵਪ੍ਰੀਤ ਸਿੰਘ, ਵਿੱਕੀ ਗਿੱਲ, ਤੇਜਿੰਦਰਪਾਲ ਸਿੰਘ ਆਦਿ ਵੱਲੋਂ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਆਈਆਂ ਸੰਗਤਾਂ ਲਈ ਕੋਲਡਡ੍ਰਿੰਕ ਦੀ ਸੇਵਾ ਸਮਾਇਲ ਕੈਨੇਡਾ, ਗੁਰਜੋਤ ਨੇ ਕੀਤੀ। ਮੇਲੇ ਦਾ ਅੱਖੀਂ ਡਿੱਠਾ ਹਾਲ ਮਾ. ਸਤੀਸ਼ ਕੁਮਾਰ ਨੇ ਸੁਣਾਇਆ।

# ਗਊ ਰੱਖਿਆ ਸਭ ਤੋਂ ਉੱਤਮ ਸੇਵਾ : ਭਾਰਦਵਾਜ



**ਭੀਖੀ (ਧਰਮਵੀਰ ਸ਼ਰਮਾ)**- ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਦਾ ਜ਼ਿਕਰ ਕਰਦਿਆਂ ਸ੍ਰੀ ਨੀਲਕਮਲ ਭਾਰਦਵਾਜ ਨੇ ਕਿਹਾ ਕਿ ਭਗਵਾਨ ਨੇ ਜਨ-ਜਨ ਵਿੱਚ ਇਹ ਸੰਦੇਸ਼ ਪੁਚਾਇਆ ਕਿ ਗਊ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪੋ ਆਪਣੇ ਧਰਮ ਵਿੱਚ ਪ੍ਰਪੱਕ ਹੋਣਾ ਚਾਹੀਦਾ ਹੈ ਤੇ ਹਰ ਸਮੇਂ ਪ੍ਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ। ਸਾਨੂੰ ਸਾਡੇ ਧਰਮ ਵੱਲੋਂ ਦਰਸਾਏ ਗਏ ਮਾਰਗ ਉੱਤੇ ਚੱਲਣਾ ਚਾਹੀਦਾ ਹੈ। ਸਤਿਸੰਗ 'ਚ ਜਾਣਾ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਆਪਣੇ ਜੀਵਨ ਦਾ ਵੱਧ ਤੋਂ ਵੱਧ ਸਮਾਂ ਸਤਿਸੰਗ ਨੂੰ ਦੇਣਾ ਚਾਹੀਦਾ ਹੈ ਤੇ ਸਭ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਸੇ ਵੀ ਧਰਮ ਦੀ ਨਿੰਦਾ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਗਊ ਮਾਤਾ ਦੀ ਸੇਵਾ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ, ਕਿਉਂਕਿ ਗਊ ਮਾਤਾ ਭਾਰਤ ਦੀ ਧਰੋਹਰ ਹੈ, ਜਿਸ ਨੂੰ ਵਿਦੇਸ਼ਾਂ ਨੇ ਵੀ ਸਵੀਕਾਰ ਕਰ ਲਿਆ ਹੈ। ਇਥੋਂ ਤੱਕ ਕਿ ਵਿਦੇਸ਼ 'ਚ ਗਊ ਹੱਤਿਆ ਕਰਨ ਵਾਲੇ ਦੋਸ਼ੀ ਨੂੰ ਫ਼ਾਂਸੀ ਦੀ ਸਜ਼ਾ ਤੱਕ ਦੇਣ ਦਾ ਕਾਨੂੰਨ ਪਾਸ ਕੀਤਾ ਹੋਇਆ ਹੈ। ਉਨ੍ਹਾਂ ਮਾੜੇ ਚੱਲ ਰਹੇ ਦੌਰ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਫ਼ਸਦੀ ਜਾ ਰਹੀ ਹੈ ਉਹ ਬੇਹੱਦ ਚਿੰਤਾ ਦਾ ਵਿਸ਼ਾ ਹੈ, ਜਿਸ ਬਾਰੇ ਸਾਨੂੰ ਸਭ ਨੂੰ ਬਹੁਤ ਸੋਚ ਵਿਚਾਰ ਕਰਨ ਦੀ ਜ਼ਰੂਰਤ ਹੈ।

# ਜੀ ਐੱਨ ਐੱਮ ਭਾਗ ਪਹਿਲੇ ਦਾ ਨਤੀਜਾ ਸ਼ਾਨਦਾਰ



**ਜਗਰਾਉਂ (ਸੰਜੀਵ ਅਰੋੜਾ)**-ਜੀਵਨ ਜੋਤ ਨਰਸਿੰਗ ਇੰਸਟੀਚਿਊਟ ਦੇ ਜੀ.ਐਨ.ਐਮ. ਭਾਗ ਪਹਿਲੇ ਦਾ ਨਤੀਜਾ 100 ਫ਼ੀਸਦੀ ਰਿਹਾ। ਪ੍ਰਿੰਸੀਪਲ ਗਗਨਦੀਪ ਕੌਰ ਨੇ ਦੱਸਿਆ ਕਿ ਜੀ. ਐਨ. ਐਮ. 'ਚ ਪ੍ਰਿਆ ਸਿੰਘ ਪੁੱਤਰੀ ਵਿਨੋਦ ਸਿੰਘ ਨੇ ਪਹਿਲਾ, ਸੰਦੀਪ ਕੌਰ ਪੁੱਤਰੀ ਬਲਵੀਰ ਸਿੰਘ ਨੇ ਦੂਜਾ ਤੇ ਸ਼ਿਵਾਨੀ ਪੁੱਤਰੀ ਪ੍ਰੇਮ ਲਾਲ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਚੇਅਰਮੈਨ ਡਾਕਟਰ ਪ੍ਰਮਿੰਦਰ ਸਿੰਘ ਨੇ ਵਿਦਿਆਰਥੀਆਂ, ਅਧਿਆਪਕਾਂ ਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਕਾਲਜ ਪਿਛਲੇ ਸਤਾਰਾਂ ਸਾਲਾਂ ਤੋਂ ਨਰਸਿੰਗ ਦੇ ਖੇਤਰ 'ਚ ਬਹੁਤ ਵਧੀਆ ਯੋਗਦਾ ਪਾ ਰਿਹਾ ਹੈ। ਇੱਥੋਂ ਪੜ੍ਹ ਕੇ ਲੜਕੀਆਂ ਦੇਸ਼ਾਂ-ਵਿਦੇਸ਼ਾਂ ਦੇ ਹਸਪਤਾਲਾਂ 'ਚ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸ ਮੌਕੇ ਬਾਬਾ ਸਰਬਜੀਤ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਮੈਡਮ ਸਤਵੀਰ ਕੌਰ, ਗਗਨਦੀਪ ਕੌਰ, ਸੁਖਮੀਤ ਕੌਰ, ਦਿਵਜਤ ਕੌਰ, ਗੁਰਪ੍ਰੀਤ ਕੌਰ, ਸਿਮਰਨਜੀਤ ਕੌਰ, ਪ੍ਰਭ ਸਿਮਰਨ ਕੌਰ, ਮਾਨਸੀ, ਸਿਮਰਨਜੀਤ ਕੌਰ, ਮਨਪ੍ਰੀਤ ਕੌਰ, ਕੁਲਦੀਪ ਕੌਰ, ਗਗਨਪ੍ਰੀਤ ਕੌਰ, ਮਨਦੀਪ ਕੌਰ, ਕਿਰਨਦੀਪ ਕੌਰ, ਰਮਨਦੀਪ ਕੌਰ, ਹਰਪ੍ਰੀਤ ਕੌਰ ਤੇ ਦਿਲਜੀਤ ਕੌਰ ਆਦਿ ਹਾਜ਼ਰ ਸਨ।

# ਵਿੱਤ ਮੰਤਰੀ ਚੀਮਾ ਨੂੰ ਪੁਸਤਕ 'ਸੂਫੀਆਨਾ ਰਹੱਸ ਅਨੁਭੂਤੀ' ਭੇਟ



**ਸੰਗਰੂਰ (ਪ੍ਰਵੀਨ ਸਿੰਘ)**-ਡਾ. ਭਗਵੰਤ ਸਿੰਘ ਦੁਆਰਾ ਤਿਆਰ ਕੀਤੀ ਗਈ ਪੁਸਤਕ ਸੂਫ਼ੀਆਨਾ 'ਰਹੱਸ ਅਨੁਭਤੀ' ਸ੍. ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨੂੰ ਭੇਟ ਕੀਤੀ ਗਈ। ਇਸ ਅਵਸਰ 'ਤੇ ਪ੍ਰੋ. ਪੀ ਸੀ ਚੌਹਾਨ, ਜਗਦੀਪ ਸਿੰਘ ਗੰਧਾਰਾ ਐਡੋਵੇਕਟ, ਸੰਦੀਪ ਸਿੰਘ ਹਾਜ਼ਰ ਸਨ। ਡਾ. ਭਗਵੰਤ ਸਿੰਘ ਨੇ ਪੁਸਤਕ ਦੇ ਦਾਰਸ਼ਨਿਕ ਤੇ ਸਿਧਾਂਤਕ ਪਹਿਲੂਆਂ 'ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਸ ਪੁਸਤਕ ਵਿੱਚ ਡਾ. ਈਸ਼ਵਰਦਾਸ ਸਿੰਘ ਦੀ ਕਾਵਿ-ਕੌਸ਼ਲਤਾ ਬਾਰੇ ਤਿੰਨ ਦਰਜਨ ਦੇ ਕਰੀਬ ਵਿਦਵਾਨਾਂ, ਆਲੋਚਕਾਂ ਦੇ ਖੋਜ ਪੱਤਰ, ਨਿਬੰਧ ਸੰਗ੍ਰਹਿਤ ਕੀਤੇ ਗਏ ਹਨ। ਪਦਮਸ਼੍ਰੀ ਸੁਰਜੀਤ ਪਾਤਰ ਦੀ ਹੇ ਅਲਮਸਤ ਫਕੀਰ ਅੱਵਲ ਅਲਖ ਅਮੂਰਤ ਬਾਬਤ ਕਿਆ ਸਿੱਖੀਏ ਤਹਿਰੀਰ ਕਾਵਿ ਚਿੱਤਰ ਨਾਲ ਆਰੰਭ ਹੋਈ ਪੁਸਤਕ ਵਿੱਚ ਡਾ. ਸਤਿੰਦਰ ਸਿੰਘ ਨੂਰ, ਬਿਕਰਮ ਸਿੰਘ ਘੁੰਮਣ, ਡਾ. ਸਵਰਾਜ ਸਿੰਘ, ਡਾ. ਤੇਜਵੰਤ ਮਾਨ, ਡਾ. ਵਨੀਤਾ, ਡਾ. ਜਸਵਿੰਦਰ ਕੌਰ ਬਿੰਦਰਾ, ਡਾ. ਜਗਵੀਰ ਸਿੰਘ, ਡਾ. ਭਰਤਵੀਰ ਕੌਰ, ਗੁਰਚਰਨ ਕੌਰ ਕੋਚਰ ਆਦਿ ਵਿਦਵਾਨਾਂ ਦੇ ਲੇਖ ਸ਼ਾਮਲ ਹਨ। ਇਸ ਪੁਸਤਕ ਵਿੱਚ ਸੂਫੀਵਾਦ ਬਾਰੇ ਆਧੁਨਿਕ ਪ੍ਰਸੰਗ ਵਿੱਚ ਆ ਰਹੇ ਨਵੇਂ ਰੁਝਾਨਾਂ ਨੂੰ ਪਹਿਲੀ ਵਾਰ ਪ੍ਰਸਤੁਤ ਕੀਤਾ ਗਿਆ ਹੈ। ਸ੍. ਹਰਪਾਲ ਸਿੰਘ ਚੀਮਾ ਨੇ ਪੁਸਤਕ ਲੇਖਕ ਨੂੰ ਵਧਾਈ ਦਿੱਤੀ।


**Criminal Courts, Ludhiana**

In the Court of
Ms. Prabha Prashar
Judicial Magistrate-Ist Class
Ludhiana.
CNR No. PBLD03-013276-2019
Peshi : 27.10.2023
Publication notice for proclamation under section 82 CR.PC
Axis Bank Ltd
Versus
Ashwani
Petition u/s 138 of Negotiable Instruments Act 1881 Amended upto date.

Notice to : Ashwani S/o Mool raj Aullan Mohalla, Batala NR Nehru Gate H.No. E/731 Batala, 2nd address : Govt of India Govt. Sen. Sec. School (Boys) Dera Baba Nanak, Distt. Gurdaspur, Punjab India-143521

Whereas it has been proved to the satisfaction of the Court that the accused above named can't be served in the ordinary way of service. Hence, this proclamation under section 82 CRPC is hereby issued against him/them and should appear personally or through their counsel on 27.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice &district=Ludhiana

Judicial Magistrate-Ist Class Ludhiana.

**Criminal Courts, Ludhiana**

In the Court of
Ms. Prabha Prashar
Judicial Magistrate-Ist Class
Ludhiana.
CNR No. PBLD03-032495-2019
Peshi : 27.10.2023
Publication notice for proclamation under section 82 CR.PC
Axis Bank Ltd
Versus
Lal Jeet Singh
Petition u/s 138 of Negotiable Instruments Act 1881 Amended upto date.

Notice to : 1. Lal Jeet Singh R/o H.No. 1211/2, Jalala Bypass Road Mukatsar, Tehsil and Distt. Sri Muktsar Sahib, Punjab-152026 2. Gamdoor Singh H.No. 1211/2, Jalala Bypass Road Mukatsar, Tehsil and Distt. Sri Muktsar Sahib, Punjab-152026

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 27.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice & district=Ludhiana

Judicial Magistrate-Ist Class Ludhiana.

**Criminal Courts, Ludhiana**

In the Court of
Ms. Prabha Prashar
Judicial Magistrate-Ist Class
Ludhiana.
CNR No. PBLD03-036584-2019
Peshi : 27.10.2023
Publication notice for proclamation under section 82 CR.PC
Axis Bank Ltd
Versus
Harneet Singh Kang
Petition u/s 138 of Negotiable Instruments Act 1881 Amended upto date.

Notice to : 1. Harneet Singh Kang r/o H.No. 35, Vill. Ramdasspur, Tehsil and Distt. Hoshiarpur, Punjab-144207 2. Javir Kaur W/o Satnam Singh R/o H.No. 35, Vill. Ramdasspur, Tehsil and Distt. Hoshiarpur, Punjab.

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 27.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice &district=Ludhiana

Judicial Magistrate-Ist Class Ludhiana.

**Criminal Courts, Ludhiana**

In the Court of
Ms. Prabha Prashar
Judicial Magistrate-Ist Class
Ludhiana.
CNR No. PBLD03-036585-2019
Peshi : 27.10.2023
Publication notice for proclamation under section 82 CR.PC
Axis Bank Ltd
Versus
Chamkaur Singh
Petition u/s 138 of Negotiable Instruments Act 1881 Amended upto date.

Notice to : Chamkor Singh S/o Jag Singh Sandhu R/o Vill. Nurpur Kirpal Ke, Tehsil and Distt. Sri Muktsar Sahib, Mangatker Near School Muktsar, Punjab-152026

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 27.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice &district=Ludhiana

Judicial Magistrate-Ist Class Ludhiana.

**Criminal Courts, Ludhiana**

In the Court of
Ms. Prabha Prashar
Judicial Magistrate-Ist Class
Ludhiana.
CNR No. PBLD03-032505-2019
Peshi : 27.10.2023
Publication notice for proclamation under section 82 CR.PC
Axis Bank Ltd
Versus
Gurdarshan Singh
Petition u/s 138 of Negotiable Instruments Act 1881 Amended upto date.

Notice to : 1. Gurdarshan Singh S/o Santokh Singh R/o Vill. Khera Kotli, P.O. Panwan, Tehsil Dasuya, Distt. Hoshiarpur, Punjab 2. Hasrat Jit Singh S/o Gurdarshan Singh R/o Vill. Khera Kotli, P.O. Panwan, Tehsil Dasuya, Distt. Hoshiarpur, Punjab 3. Navdeep Kaur W/o Gurdarshan Singh R/o Vill. Khera Kotli, P.O. Panwan, Tehsil Dasuya, Distt. Hoshiarpur, Punjab.

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 27.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court

For details logon to : https://highcourtchd.gov.in/?trs=district notice &district=Ludhiana

Judicial Magistrate-Ist Class Ludhiana.

**COURT NOTICE**

(Under Guardian and Ward Act)
In the Court of
Ms. Amita Singh
Principal Judge Family Court, Giddarbaha.
CNR No. PBSMF2-000180-2023
Next Date : 3.11.2023
Karamjeet Kaur
Versus
General Public

Notice to : General Public, Punjab

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.11.2023 at 10.00 a.m.

For details logon to https://highcourtchd.gov.in/?trs=district notice & district=Muktsar

Principal Judge Family Court, Giddarbaha.
Dated, this day of 13.9.2023

**COURT NOTICE**

(Under Guardian and Ward Act)
In the Court of
Ms. Amita Singh
Principal Judge Family Court, Giddarbaha.
CNR No. PBSMF2-000145-2023
Next Date : 13.10.2023
Kulwinder Kaur
Versus
General Public

Notice to : General Public, Punjab

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 13.10.2023 at 10.00 a.m.

For details logon to https://highcourtchd.gov.in/?trs=district notice & district=Muktsar

Principal Judge Family Court, Giddarbaha.
Dated, this day of 13.9.2023

# ਕਲਾਸੀਫਾਈਡ ਇਸ਼ਤਿਹਾਰ

**Public Notice**

I NIRANKAR AVINASH s/o Dharam Chand Sandhu R/o H. No. 27, Abhinandan Park, Nandanpur Road, Near Vill. Nandanpur, Jalandhar-144013, declare that, my son is Hardeep Sandhu. In his education Qualification certificate for the Matric and 10+2 , father name is wrong mentioned as Avinash Sandhu, which is not correct. Actual name of father as per Birth certificate of Hardeep Sandhu is Nirankar Avinash. So correct name of father to be treated as Nirankar Avinash.

I Usha w/o Nirankar Avinash R/o H. No. 27, Abhinandan Park, Nandanpur Road ,Near Vill. Nandanpur, Jalandhar -144013, declare that my son is Hardeep Sandhu. In his education Qualification certificate for Matric and 10+2 mother name is mentioned Usha Avinash which is not correct. Actual name of mother is Usha as per Birth certificate of Hardeep Sandhu. So correct name of mother to be treated as Usha.

**ਆਮ ਸੂਚਨਾ**

ਮੈਂ, ਸੰਤੋਖ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਭਲਾਈਪੁਰ ਡੋਗਰਾਂ, ਤਹਿ: ਖਡੂਰ ਸਾਹਿਬ (ਤਰਨ ਤਾਰਨ) ਸੂਚਿਤ ਕਰਦਾ ਹਾਂ ਕਿ ਮੈਂ ਇੱਕ ਮੁਖਤਾਰਨਾਮਾ ਆਮ ਆਪਣੇ ਵੱਲੋਂ ਸ਼ਿਵਬੀਰ ਸਿੰਘ ਪੁੱਤਰ ਬਹਾਦਰ ਸਿੰਘ ਪਿੰਡ ਮਹਿਤਪੁਰ (ਜਲੰਧਰ) ਅਤੇ ਬਘੇਲ ਸਿੰਘ ਪੁੱਤਰ ਲਾਭ ਸਿੰਘ ਪਿੰਡ ਖਿਲਚੀਆਂ, ਤਹਿ: ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਨੂੰ ਮਿਤੀ 19.4.2005 ਨੂੰ ਦਿੱਤਾ ਸੀ। ਹੁਣ ਮੈਨੂੰ ਆਪਣੇ ਵੱਲੋਂ ਨਿਯੁਕਤ ਕੀਤੇ ਉਕਤ ਮੁਖਤਾਰ ਆਮ 'ਤੇ ਭਰੋਸਾ ਨਹੀਂ ਰਿਹਾ। ਮੈਂ ਉਕਤ ਮੁਖਤਾਰਨਾਮੇ ਨੂੰ ਕੈਂਸਲ ਕਰਦਾ ਹਾਂ। ਹੁਣ ਉਕਤ ਮੁਖਤਾਰ ਆਮ ਨਾਲ ਕੋਈ ਵੀ ਲੈਣ-ਦੇਣ ਕਰੇਗਾ, ਤਾਂ ਖੁਦ ਜ਼ਿੰਮੇਵਾਰ ਹੋਵੇਗਾ।

**ਬੇਦਖਲੀ ਨੋਟਿਸ**

ਅਸੀਂ, ਮਨਦੀਪ ਸਿੰਘ ਪੁੱਤਰ ਅਜਮੇਰ ਸਿੰਘ ਅਤੇ ਪ੍ਰਭਜੋਤ ਕੌਰ ਪਤਨੀ ਮਨਦੀਪ ਸਿੰਘ ਵਾਸੀਆਨ ਪਿੰਡ ਮਹਿਮਦਪੁਰ, ਜ਼ਿਲ੍ਹਾ ਗੁਰਦਾਸਪੁਰ, ਸਾਡੀ ਪੁੱਤਰੀ ਇਰਵਨਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਮੇਸ਼ ਚੰਦ ਪੁੱਤਰ ਮਾਮ ਚੰਦ ਵਾਸੀ ਪਿੰਡ ਠੱਟਾ ਪੁਰਾਣਾ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਛੋਟਾ ਲੜਕਾ ਸੁਨੀਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

**ਨਾਂਅ ਦੀ ਬਦਲੀ**

ਮੈਂ ਤਜਿੰਦਰ ਤਾਹਿਮ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਡਰੋਲੀ ਕਲਾਂ ਜਿਲ੍ਹਾ ਜਲੰਧਰ ਨੇ ਆਪਣਾ ਨਾਮ ਤਜਿੰਦਰ ਤਾਹਿਮ ਤੋਂ ਬਦਲ ਕੇ ਤਜਿੰਦਰ ਸਿੰਘ ਰੱਖ ਲਿਆ ਹੈ ਸਬੰਧਿਤ ਨੋਟ ਕਰਨ।

ਮੈਂ, ਰਣਧੀਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਮਾਣਕਪੁਰ, ਡਾਕ: ਲਸੂੜੀ, ਤਹਿ: ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਦਲਬੀਰ ਸਿੰਘ ਪੁੱਤਰ ਕਰਨੈਲ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

**Change of Name**

I, hitherto known as Goldy Rani W/o Rajan Bhandari R/o 4509/1 Dogra Mohalla, Sirhindi Gate, Patiala 147001- INDIA have changed my name and shall hereafter be known as Goldy Bhandari.

I, Manpreet Kaur W/O Pranav Khurana R/O H.NO -S C F 1 Partap Bagh, Distt. Jalandhar Have Changed My Name From Manpreet Kaur To Manpreet Khurana.

I, Vijay Kumar Singal S/O Sadhu Ram , House no.66, Railway road, Main bazar, Moga-142001, Punjab, India have changed my name from Vijay Kumar to Vijay Kumar Singal. All note please.

**Change of Name**

I, Lovvil S/o Amarjit R/o Vill. Phiali, Po. Wadala Kalan, Distt. Kapurthala, (PB) have changed my name spelling from Lovvil to Lavveel. All Please Note.

I, Raj Kumari w/o Chhote Lal r/o VPO.Dhanowali, Phillaur, Jalandhar have changed my minor daughter name from Kanika to Kanika Kumari. All Please Note.

I, hitherto known as Pardeep Kumar S/o Bhagat Ram R/o H.No.130, Pind Wadala, Kurala, Jalandhar, Punjab have changed my name and shall hereafter be known as Kumar Pardeep.

I, hitherto known as Sahil S/o Sain Dass R/o H.No. B1/784, Ram Nagar, Distt.Jalandhar, Punjab have changed my name and shall hereafter be known as Sahil Badhan.

I, Ninderjit S/o Prem Pal R/o H.No.15, Ward No.10, Street No.1, New Joginder Nagar, Rama Mandi, Jalandhar have changed my name from Ninderjit to Ninderjeet Singh. All Please Note.

I, Sandip Kaur W/o Narinder Singh R/o H.No.34, Near Govt Dispensary, Sidhu Enclave, VPO. Dakoha, Jalandhar have changed my name from Sandeep Kaur to Sandip Kaur. All Please Note.

I, Mahinder Pal S/o Shankar Das R/o H.No. 9, Pawadra, Part-1, Vill.Pawadra, Phillaur, Jalndhar, Punjab- 144036. I have changed the name of my minor Harshpreet aged about 17 Years and He shall hereafter be known as Harshpreet Kumar.

I, Naveen Meet S/o Radha Raman R/o H.No. B-1 25, Shakti Nagar Dhobi Ghat, Bahadurpur, Hoshiarpur, Punjab- 148001, have changed my name as Naveen Kumar. All Please Note.

I, Surinder Paul Singh alias S P Singh S/o Joginder Singh R/o H.No.140, Guru Tegh Bahadur Nagar, Jalandhar, Model Town, Punjab- 144003, have changed my name as Surinder Paul Singh Bhatia. All Please Note.

I, Manoj Kumar S/o Sita Ram R/o Vill. Pachranda, Po. Jhaj, Tehsil Anandpur Sahib, Pachranda, Rupnagar, Punjab-140117, have changed my name as Manohar Lal. All Please Note.

I, Akshita D/o Sudhir Nagpal R/o 1080, New Housing Board Colony, Karnal (Rural) (Part) (1), Karnal, Haryana- 132001. have changed my name as Akshita Nagpal. All Please Note.

I, Nizami Irshad Khizar Ahmed S/o Nikhat Rana Nizami R/o H.No.1410, Sector-9 Faridabad, Sector-7, Ballabagarh, Faridabad, Haryana- 121006, have changed my name as Irshad Ahmed Nizami. All Please Note.

I, Saanvi D/o Suminder Kumar R/o 1796, Sector-80, Mohali, Sohana, S.A.S. Nagar (Mohali), Punjab- 140308. have changed my name and shall hereafter be Known as Saanvi Sharma. All Please Note.

I, Jaswinder Sukhdevsingh Rana S/o Sukhdev Rana R/o Vill.Daulatpur, Bhunga, Hoshiarpur, Bhunga, Punjab-144210, have changed my name as Jaswinder Rana. All Please Note.

I, Devesh S/o Budh Singh R/o H.No-7-C, Ashok Vihar, Phase-2, Gurgaon Kty., Gurgaon, Haryana- 122001, have changed my name and shall hereafter be Known as Devesh Sharma. All Please Note.

I, Aru D/o Raj Kumar, R/o Flat No-D-404, Mona Greens-1, VIP Road, Zirakpur, SAS Nagar (Mohali), Punjab- 140603. have changed my name as Aru Bhardwaj. All Please Note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਭਗਤ ਸਿੰਘ ਦੇ ਜਨਮ ਦਿਹਾੜੇ ਤੋਂ ਬਾਅਦ ਨਸ਼ਾ ਵਿਰੋਧੀ ਮੁਹਿੰਮ ਨੂੰ ਹੋਰ ਤੇਜ਼ ਕਰਾਂਗੇ : ਲਖਨਪਾਲ, ਰਾਣਾ

## ਕਿਰਾਏ ਦੇ ਲਾਇਸੰਸਾਂ 'ਤੇ ਚੱਲ ਰਹੇ ਮੈਡੀਕਲ ਸਟੋਰਾਂ ਖਿਲਾਫ ਵੱਡੀ ਮੁਹਿੰਮ ਵਿੱਢਣ ਦਾ ਐਲਾਨ



**ਮਾਨਸਾ (ਪਮਾਰ)**-ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ, ਜਿਸ ਵਿੱਚ ਨਸ਼ੇ ਖਿਲਾਫ ਚੱਲ ਰਹੇ ਪੱਕੇ ਧਰਨੇ ਨੂੰ ਇਸੇ ਤਰ੍ਹਾਂ ਚਾਲੂ ਰੱਖਣ ਦਾ ਐਲਾਨ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਐਡਵੋਕੇਟ ਲਖਵਿੰਦਰ ਸਿੰਘ ਲਖਨਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਪਰਮਿੰਦਰ ਸਿੰਘ ਝੋਟੇ ਦਾ ਝੂਠਾ ਪਰਚਾ ਰੱਦ ਕਰਕੇ ਵੀ ਅਹਿਸਾਨ ਕਰ ਰਹੀ ਹੈ ਤੇ ਪੂਰਨ ਨਸ਼ਾ ਬੰਦੀ ਲਈ ਵਿੱਢਿਆ ਸੰਘਰਸ਼ ਇਥੇ ਹੀ ਸਮਾਪਤ ਕਰਨ ਦੀਆਂ ਸਲਾਹਾਂ ਦੇ ਰਹੀ ਹੈ। ਉਨ੍ਹਾ ਕਿਹਾ ਕਿ ਨਸ਼ਾ ਵਿਰੋਧੀ ਮੋਰਚਾ ਪੂਰਨ ਨਸ਼ਾ ਬੰਦੀ, ਮੈਡੀਕਲ ਨਸ਼ੇ ਵੇਚਣ ਦੇ ਦੋਸ਼ੀ ਮਾਨਸਾ ਮੈਡੀਕੋਜ ਤੇ ਹੋਰ ਤਸਕਰਾਂ 'ਤੇ ਪਰਚੇ ਦਰਜ ਕਰਕੇ ਉਨ੍ਹਾਂ ਵੱਲੋਂ ਨਸ਼ਿਆਂ ਦੀ ਵਿੱਕਰੀ ਨਾਲ ਬਣਾਈਆਂ ਜਾਇਦਾਦਾਂ ਜਬਤ ਕਰਕੇ ਉਨ੍ਹਾਂ ਦੀ ਨਿਲਾਮੀ ਤੋਂ ਆਏ ਪੈਸਿਆਂ ਨੂੰ ਨਸ਼ੇ ਦੇ ਆਦੀ ਲੋਕਾਂ ਦੇ ਇਲਾਜ ਲਈ ਖਰਚਣਾ, ਤਸਕਰਾਂ ਨਾਲ ਮਿਲੇ ਡੀ ਐੱਸ ਪੀ ਸੰਜੀਵ ਗੋਇਲ ਨੂੰ ਸਸਪੈਂਡ ਕਰਕੇ, ਉਸ ਖਿਲਾਫ ਪਰਚਾ ਦਰਜ ਕਰਨਾ ਤੇ ਉਸ ਦੀ ਜਾਇਦਾਦ ਦੀ ਵਿਜੀਲੈਂਸ ਜਾਂਚ ਕਰਨਾ, ਪਰਮਿੰਦਰ ਝੋਟੇ ਦੀ ਰਿਹਾਈ ਤੇ ਉਸ ਖਿਲਾਫ ਝੂਠਾ ਪਰਚਾ ਦਰਜ ਕਰਨ ਵਾਲੇ ਏ ਐੱਸ ਆਈ ਅਵਤਾਰ ਸਿੰਘ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਲਈ ਵਿੱਢਿਆ ਸੰਘਰਸ਼, ਜਦੋਂ ਤੱਕ ਸਰਕਾਰ ਸਾਰੀਆਂ ਮੰਗਾਂ ਪ੍ਰਵਾਨ ਕਰਕੇ ਅਮਲੀ ਰੂਪ ਵਿੱਚ ਲਾਗੂ ਨਹੀਂ ਕਰਦੀ, ਚੱਲਦਾ ਰਹੇਗਾ। ਪਰਮਿੰਦਰ ਸਿੰਘ ਝੋਟੇ ਨੇ ਕਿਹਾ ਕਿ ਸਾਡੀ ਲੜਾਈ ਨਸ਼ਿਆਂ ਖਿਲਾਫ ਹੈ ਤੇ ਨਸ਼ਾ ਵਿੱਕਰੀ 'ਚ ਲੱਗੇ ਹਰ ਵਿਅਕਤੀ ਦਾ ਵਿਰੋਧ ਸਾਡਾ ਫਰਜ਼ ਹੈ। ਉਨ੍ਹਾਂ ਪਿੰਡਾਂ 'ਚ ਕੰਮ ਕਰ ਰਹੀਆਂ ਕਮੇਟੀਆਂ ਨੂੰ ਅਪੀਲ ਕੀਤੀ ਕਿ ਆਮ ਲੋਕਾਂ ਨੂੰ ਨਹੀਂ ਸਮਗਲਰਾਂ ਨੂੰ ਘੇਰੋ ਤੇ ਮਾੜੇ ਕੰਮ ਛੱਡਣ ਦੀ ਅਪੀਲ ਕਰੋ। ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਕਿ 28 ਸਤੰਬਰ ਨੂੰ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਪਰਮਿੰਦਰ ਸਿੰਘ ਝੋਟਾ ਤੇ ਸਮੁੱਚੀ ਐਂਟੀ-ਡਰੱਗ ਟਾਸਕ ਫੋਰਸ ਦੇ ਮੈਂਬਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਉਪਰੰਤ ਨਸ਼ਾ ਵਿਰੋਧੀ ਲੋਕਾਂ ਦਾ ਵੱਡਾ ਕਾਫਲਾ ਭਗਤ ਸਿੰਘ ਦੇ ਬੁੱਤ ਕੋਲ ਪੂਰਨ ਨਸ਼ਾਬੰਦੀ ਤੱਕ ਟਿਕ ਕੇ ਨਾ ਬੈਠਣ ਦਾ ਪ੍ਰਣ ਕਰੇਗਾ ਤੇ ਨਸ਼ਾ ਵਿਰੋਧੀ ਟੀਮਾਂ ਪੂਰੇ ਪੰਜਾਬ ਨੂੰ ਜਾਗਰੂਕ ਕਰਨ ਦੀ ਮੁਹਿੰਮ ਵਿੱਢਣਗੀਆਂ। ਉਨ੍ਹਾ ਕਿਹਾ ਕਿ ਕਿਰਾਏ 'ਤੇ ਲਾਇਸੰਸ ਲੈ ਕੇ ਮੈਡੀਕਲ ਨਸ਼ਾ ਵਿੱਕਰੀ 'ਚ ਲੱਗੇ ਮੈਡੀਕਲ ਸਟੋਰਾਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਗੁਰਸੇਵਕ ਸਿੰਘ ਜਵਾਹਰਕੇ, ਜਗਦੇਵ ਸਿੰਘ ਭੈਣੀ, ਭੀਮ ਸਿੰਘ, ਭਜਨ ਸਿੰਘ ਘੁੰਮਣ, ਬਲਜੀਤ ਸਿੰਘ, ਬਲਵਿੰਦਰ ਘਰਾਗਣਾ, ਅਮਨ ਪਟਵਾਰੀ, ਰਤਨ ਭੋਲਾ, ਮਨੋਜ ਗੋਇਲ, ਕ੍ਰਿਸ਼ਨਾ ਕੌਰ, ਚਤਿੰਨ ਸਿੰਘ, ਰਾਜਦੀਪ ਸਿੰਘ ਗੇਹਲੇ, ਨਛੱਤਰ ਖੀਵਾ, ਮੱਖਣ ਸਿੰਘ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਮੁੱਖ ਮੰਤਰੀ ਦੇ ਸਮਾਗਮਾਂ 'ਚ ਮੋਟੀਵੇਟਰਾਂ ਵੱਲੋਂ ਸਖਤ ਐਕਸ਼ਨ ਦਾ ਐਲਾਨ

**ਬਰੇਟਾ (ਗੋਬਿੰਦ ਸ਼ਰਮਾ)**-ਅੱਜ ਦੇ ਮਹਿੰਗਾਈ ਭਰੇ ਯੁੱਗ ਵਿੱਚ ਬਿਨਾਂ ਕਿਸੇ ਮਹੀਨਾਵਾਰ ਤਨਖਾਹ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿੱਚ ਕੰਮ ਕਰ ਰਹੇ ਮੋਟੀਵੇਟਰ ਵਰਕਰਾਂ ਨੇ ਆਪਣੀਆਂ ਹੱਕੀ ਮੀਟਿੰਗਾਂ ਲਈ ਮੋਗਾ, ਅੰਮ੍ਰਿਤਸਰ ਸਾਹਿਬ ਤੇ ਅਟਾਰੀ ਵਿਖੇ ਵੱਖੋ ਵੱਖ ਥਾਵਾਂ 'ਤੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਸੀ, ਪਰ ਐਲਾਨ ਕਰਨ ਤੋਂ ਤੁਰੰਤ ਬਾਅਦ ਲਗਾਤਾਰ 3 ਥਾਵਾਂ ਉੱਤੇ ਪ੍ਰਸ਼ਾਸਨ ਵੱਲੋਂ ਭਰੋਸਾ ਦੇ ਕੇ ਮੀਟਿੰਗ ਕਰਵਾਉਣ ਦੇ ਝੂਠੇ ਲਾਰੇ ਹੀ ਪ੍ਰਾਪਤ ਹੋਏ ਹਨ। ਜਾਣਕਾਰੀ ਦਿੰਦਿਆਂ ਸੂਬਾ ਕਮੇਟੀ ਆਗੂ ਸੁਖਬੀਰ ਚੀਮਾਂ ਤੇ ਰਵਿੰਦਰ ਅਲੀਸ਼ੇਰ ਨੇ ਦੱਸਿਆ ਕਿ ਪਹਿਲਾਂ ਉਨ੍ਹਾ ਰੱਖੜ ਪੁੰਨਿਆ ਦੇ ਮੇਲੇ ਮੁੱਖ ਮੰਤਰੀ ਪੰਜਾਬ ਖਿਲਾਫ ਕਾਲੇ ਝੰਡਿਆਂ ਨਾਲ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਸੀ, ਉਸ ਤੋਂ ਉਪਰੰਤ ਬਿਜਲੀ ਮੰਤਰੀ ਹਰਭਜਨ ਸਿੰਘ ਤੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਮੁੱਖ ਮੰਤਰੀ ਨਾਲ ਮੀਟਿੰਗ ਦਾ ਭਰੋਸਾ ਦਿੱਤਾ, ਉਸ ਤੋਂ ਉਪਰੰਤ ਟੀਚਰ ਡੇ 'ਤੇ ਮੋਗਾ ਵਿਖੇ ਪ੍ਰਦਰਸ਼ਨਕਾਰੀਆਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਡਿਪਟੀ ਕਮਿਸ਼ਨਰ ਮੋਗਾ ਨੇ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਲਾਰਾ ਦਿੱਤਾ।

ਸਕੂਲ ਆਫ ਐਮੀਨੈਂਸ ਦੇ ਉਦਘਾਟਨ ਦੌਰਾਨ ਪ੍ਰਦਰਸ਼ਨ ਤੋਂ ਪਹਿਲਾਂ ਮੰਤਰੀ ਕੁਲਦੀਪ ਧਾਲੀਵਾਲ ਤੇ ਮੁੱਖ ਮੰਤਰੀ ਦੇ ਐਡੀਸ਼ਨਲ ਸਕੱਤਰ ਹਿਮਾਂਸ਼ੂ ਜੈਨ ਨੇ ਮੰਗਾਂ ਨੂੰ ਜਾਇਜ਼ ਦੱਸਦੇ ਹੋਏ ਹਫਤੇ ਵਿੱਚ ਸਬ ਕਮੇਟੀ ਨਾਲ ਮੀਟਿੰਗ ਕਰਵਾਉਣ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਗਿਆ। ਰਵੀ ਕੁਲਰੀਆਂ ਨੇ ਦੱਸਿਆ ਕਿ ਹੁਣ ਤੱਕ ਮੋਟੀਵੇਟਰ ਯੂਨੀਅਨ ਪੰਜਾਬ ਨੇ ਪ੍ਰਸ਼ਾਸਨ ਦਾ ਸਾਥ ਦਿੱਤਾ ਹੈ, ਪਰ ਜਗ੍ਹਾ ਜਗ੍ਹਾ ਪ੍ਰਸ਼ਾਸਨ ਨੇ ਉਨ੍ਹਾ ਨੂੰ ਮੀਟਿੰਗ ਦੇ ਲਾਰੇ ਹੀ ਦਿੱਤੇ ਹਨ, ਜੇਕਰ ਇਸ ਹਫਤੇ ਉਨ੍ਹਾ ਦੀ ਸੁਣਵਾਈ ਨਾ ਹੋਈ ਤਾਂ ਆਉਣ ਵਾਲੇ ਮੁੱਖ ਮੰਤਰੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਗੁਪਤ ਤੇ ਸਖਤ ਐਕਸ਼ਨ ਪਲਾਨ ਉਲੀਕੇ ਜਾਣਗੇ।

# ਤਰਕਸ਼ੀਲ ਸੁਸਾਇਟੀ ਵੱਲੋਂ ਸਕੂਲੀ ਸਿੱਖਿਆ 'ਚ ਵਿਗਿਆਨਕ ਪਾਠਕ੍ਰਮਾਂ ਨੂੰ ਬਰਕਰਾਰ ਰੱਖਣ ਦੀ ਮੰਗ

## ਐੱਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ ਸੌਂਪਿਆ ਮੰਗ ਪੱਤਰ



**ਲੌਂਗੋਵਾਲ (ਕੁਲਦੀਪ ਅਤਰੀ, ਪ੍ਰਦੀਪ ਸਿੰਘ ਸੱਪਲ)**-ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇਕ ਵਫਦ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਤੇ ਬਲਵੀਰ ਲੌਂਗੋਵਾਲ ਦੀ ਅਗਵਾਈ ਹੇਠ ਐੱਸ ਸੀ ਈ ਆਰ ਟੀ ਦੇ ਨਿਰਦੇਸ਼ਕ ਨੂੰ ਮੁਹਾਲੀ ਵਿਖੇ ਮਿਲਿਆ ਤੇ ਮੰਗ ਕੀਤੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿੱਚ ਜੀਵ ਵਿਕਾਸ ਸਿਧਾਂਤ ਸਮੇਤ ਵੱਖ ਵੱਖ ਮਹੱਤਵਪੂਰਨ ਵਿਗਿਆਨਕ ਪਾਠਕ੍ਰਮਾਂ ਨੂੰ ਬਰਕਰਾਰ ਰੱਖਿਆ ਜਾਵੇ। ਇਸ ਸੂਬਾ ਪੱਧਰੀ ਵਫਦ ਵਿੱਚ ਤਰਕਸ਼ੀਲ ਆਗੂ ਅਜੀਤ ਪ੍ਰਦੇਸੀ, ਗੁਰਮੀਤ ਖਰੜ, ਸਤਪਾਲ ਸਲੋਹ ਤੇ ਸੁਰਜੀਤ ਮੁਹਾਲੀ ਸ਼ਾਮਲ ਹੋਏ। ਇਸ ਮੌਕੇ ਵਿਭਾਗ ਦੇ ਨਿਰਦੇਸ਼ਕ ਨੂੰ ਸੌਂਪੇ ਮੰਗ ਪੱਤਰ ਵਿੱਚ ਸੂਬਾ ਕਮੇਟੀ ਆਗੂਆਂ ਨੇ ਦੱਸਿਆ ਕਿ ਕੌਮੀ ਪੱਧਰ ਉੱਤੇ ਪਾਠਕ੍ਰਮ ਨਿਰਧਾਰਤ ਕਰਨ ਵਾਲੀ ਸੰਸਥਾ ਐੱਨ ਸੀ ਈ ਆਰ ਟੀ ਵੱਲੋਂ ਵਿਦਿਆਰਥੀਆਂ ਉੱਤੋਂ ਬੋਝ ਘਟਾਉਣ ਦੇ ਨਾਂ ਉੱਤੇ ਦਸਵੀਂ ਸ਼੍ਰੇਣੀ ਦੇ ਸਿਲੇਬਸ ਵਿੱਚੋਂ ਜੀਵ-ਵਿਕਾਸ ਤੱਤਾਂ ਦੀ ਆਵਰਤੀ ਸਾਰਨੀ, ਊਰਜਾ ਦੇ ਸੋਮੇ, ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਤੇ ਹੋਰ ਕਈ ਮਹੱਤਵਪੂਰਨ ਪਾਠਕ੍ਰਮ ਬਾਹਰ ਕੱਢੇ ਗਏ ਹਨ, ਜਿਸਦਾ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਰੋਧ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਬੁਨਿਆਦੀ ਸਮਝ ਬਣਾਉਣ ਵਾਲੇ ਅਜਿਹੇ ਪਾਠਕ੍ਰਮਾਂ ਦਾ ਕੱਢਿਆ ਜਾਣਾ ਵਿਦਿਆਰਥੀਆਂ ਨੂੰ ਵਿਗਿਆਨਕ ਜਾਣਕਾਰੀ ਤੋਂ ਹੀ ਵਾਂਝਾ ਨਹੀਂ ਕਰਦਾ, ਸਗੋਂ ਉਨ੍ਹਾਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਹੋਣ ਵਿੱਚ ਵੀ ਰੁਕਾਵਟ ਬਣਦਾ ਹੈ, ਜਦਕਿ ਵਿਗਿਆਨਕ ਚੇਤਨਾ ਪੈਦਾ ਕਰਨੀ ਸੰਵਿਧਾਨ ਦੀ ਧਾਰਾ 51-ਏ ਤਹਿਤ ਹਕੂਮਤਾਂ ਦਾ ਸੰਵਿਧਾਨਕ ਫਰਜ਼ ਹੈ।

ਤਰਕਸ਼ੀਲ ਆਗੂਆਂ ਨੇ ਸਿੱਖਿਆ ਅਧਿਕਾਰੀਆਂ ਨੂੰ ਸਪੱਸ਼ਟ ਕੀਤਾ ਕਿ ਸਿੱਖਿਆ, ਕੇਂਦਰ ਤੇ ਰਾਜਾਂ ਦੀ ਸਮਵਰਤੀ ਸੂਚੀ 'ਚ ਸ਼ਾਮਲ ਵਿਸ਼ਾ ਹੈ ਅਤੇ ਰਾਜ ਸਰਕਾਰਾਂ ਆਪਣੇ ਲੋਕਾਂ ਦੀਆਂ ਲੋੜਾਂ, ਹਾਲਤਾਂ ਤੇ ਇਛਾਵਾਂ ਅਨੁਸਾਰ ਆਪਣਾ ਪਾਠਕ੍ਰਮ ਨਿਰਧਾਰਤ ਕਰਨ ਲਈ ਆਜ਼ਾਦ ਹਨ। ਇਸ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਵਿਗਿਆਨ ਦੇ ਬੁਨਿਆਦੀ ਸੰਕਲਪਾਂ ਨੂੰ ਸਕੂਲੀ ਸਿੱਖਿਆ 'ਚੋਂ ਹਟਾਉਣ ਦੀ ਪੰਜਾਬ ਸਿੱਖਿਆ ਵਿਭਾਗ ਦੀ ਕਿਸੇ ਵੀ ਕਾਰਵਾਈ ਦਾ ਸਖਤ ਵਿਰੋਧ ਕੀਤਾ ਜਾਵੇਗਾ।

ਤਰਕਸ਼ੀਲ ਆਗੂ ਮਾਸਟਰ ਪਰਮਵੇਦ, ਕ੍ਰਿਸ਼ਨ ਸਿੰਘ ਤੇ ਸੁਰਿੰਦਰ ਪਾਲ ਨੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸੀ ਈ ਆਰ ਟੀ ਦੇ ਅਧਿਕਾਰੀਆਂ ਡਾ. ਰਮਿੰਦਰਜੀਤ ਕੌਰ ਤੇ ਮੈਡਮ ਨਵਨੀਤ ਕੱਦ ਨੇ ਤਰਕਸ਼ੀਲ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਦਿੱਤੇ ਮੰਗ ਪੱਤਰ ਨੂੰ ਹਾਂ-ਪੱਖੀ ਕਾਰਵਾਈ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਿਲੇਬਸ ਕਮੇਟੀ ਨੂੰ ਭੇਜਿਆ ਜਾਵੇਗਾ ਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਪੰਜਾਬ ਵਿਚਲੀ ਸਕੂਲੀ ਸਿੱਖਿਆ ਨੂੰ ਕੌਮਾਂਤਰੀ ਗਿਆਨ-ਵਿਗਿਆਨ ਦੀਆਂ ਲੋੜਾਂ ਦੇ ਹਾਣ ਦੀ ਬਣਾਉਣ ਲਈ ਗੰਭੀਰ ਯਤਨ ਕੀਤੇ ਜਾਣਗੇ।

## ਕਾਤਰਾਂ

### ਆਸਟ੍ਰੇਲੀਆ ਦੀਆਂ ਖੇਡਾਂ 'ਚ ਵੀ ਬਜ਼ੁਰਗ ਪੰਜਾਬੀਆਂ ਦੀ ਝੰਡੀ



**ਕੋਟਕਪੂਰਾ (ਸ਼ਾਮ ਲਾਲ ਚਾਵਲਾ)**-ਪਿਛਲੇ ਦਿਨੀਂ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿੱਚ ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਵੱਲੋਂ "ਇੰਟਰਫੇਥ ਐਥਲੈਟਿਕਸ ਕਰਨੀਵਾਲ-2023' ਦੇ ਬੈਨਰ ਹੇਠ ਜਿਮਨਾਸਟਿਕ ਦੇ ਟੂਰਨਾਮੈਂਟ ਕਰਵਾਏ ਗਏ, ਜਿਸ ਵਿੱਚ ਰੇਸ, ਗੋਲਾ ਸੁੱਟਣਾ, ਲੰਬੀ ਤੇ ਉੱਚੀ ਛਾਲ ਆਦਿ ਖੇਡਾਂ ਸ਼ਾਮਲ ਸਨ ਅਤੇ ਹਰ ਉਮਰ ਦਾ ਵਿਅਕਤੀ ਇਸ ਵਿੱਚ ਸ਼ਮੂਲੀਅਤ ਕਰ ਸਕਦਾ ਸੀ। ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਖਾਰਾ ਦੇ ਜੰਮਪਲ, ਪੰਜਾਬ ਐਂਡ ਸਿੰਧ ਬੈਂਕ ਵਿੱਚੋਂ ਸੇਵਾਮੁਕਤ ਤੇ ਜਿਮਨਾਸਟਿਕ ਦੀਆਂ ਖੇਡਾਂ ਵਿੱਚੋਂ ਭਾਰਤ ਵਿੱਚ ਰਾਸ਼ਟਰੀ ਪੱਧਰ ਦੇ ਪੁਰਸਕਾਰ ਹਾਸਲ ਕਰਨ ਵਾਲੇ ਗੁਰਮੇਜ ਸਿੰਘ ਸੰਧੂ ਨੇ ਆਪਣੀ ਕਲਾ ਦੇ ਜੌਹਰ ਦਿਖਾਉਂਦਿਆਂ ਇਸ ਟੂਰਨਾਮੈਂਟ ਵਿੱਚ ਦੋ ਸੋਨੇ ਤੇ ਇੱਕ ਚਾਂਦੀ ਦਾ ਮੈਡਲ ਹਾਸਲ ਕੀਤਾ। ਸ: ਸੰਧੂ ਦੀ ਇਸ ਜਿੱਤ ਨਾਲ ਆਸਟ੍ਰੇਲੀਆ ਦੀ ਧਰਤੀ 'ਤੇ ਜਿੱਥੇ ਤਿਰੰਗੇ ਦਾ ਮਾਣ ਵਧਿਆ, ਉਥੇ ਪੰਜਾਬੀਆਂ ਦੀ ਵੀ ਬੱਲੇ ਬੱਲੇ ਹੋਈ। ਇਥੇ ਵਰਨਣਯੋਗ ਹੈ ਕਿ ਗੁਰਮੇਜ ਸਿੰਘ ਸੰਧੂ ਆਸਟ੍ਰੇਲੀਆ ਦੇ ਸਿਡਨੀ ਵਿੱਚ ਆਪਣੀ ਸਪੁੱਤਰੀ ਨੂੰ ਮਿਲਣ ਲਈ ਗਏ ਹੋਏ ਸਨ, ਜਿੱਥੇ ਉਨ੍ਹਾਂ ਖੇਡਾਂ ਦੇ ਖੇਤਰ ਵਿੱਚ ਵੀ ਮੀਲ ਪੱਥਰ ਗੱਡ ਦਿੱਤਾ। ਪੰਜਾਬ ਵਸਦੇ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਸਾਰੇ ਸੁਨੇਹੀਆਂ ਨੇ ਸ੍ਰੀ ਸੰਧੂ ਨੂੰ ਵਧਾਈਆਂ ਦਿੱਤੀਆਂ।

### ਲੁੱਟ-ਖੋਹ ਦੀ ਯੋਜਨਾ ਬਣਾ ਰਹੇ 4 ਨੌਜਵਾਨ ਹਥਿਆਰਾਂ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਮੰਡੀ ਚੌਕੀ ਦੀ ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਦੇ ਆਦੀ ਚਾਰ ਨੌਜਵਾਨਾਂ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਹਿੰਦ ਮੰਡੀ ਚੌਕੀ ਦੇ ਇੰਚਾਰਜ ਥਾਣੇਦਾਰ ਰਾਜਵੰਤ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਕਰਨਪ੍ਰੀਤ ਸਿੰਘ ਉਰਫ ਕਰਨ ਵਾਸੀ ਪਿੰਡ ਹਰਲਾਲਪੁਰ, ਮਹਿੰਦਰ ਸਿੰਘ ਵਾਸੀ ਪਿੰਡ ਧਤੌਂਦਾ, ਸੋਨੂੰ ਪ੍ਰੈੱਸ ਵਾਲਾ ਵਾਸੀ ਪ੍ਰੋਫੈਸਰ ਕਲੋਨੀ ਸਰਹਿੰਦ, ਗੁਰਪ੍ਰੀਤ ਸਿੰਘ ਤੇ ਸੰਦੀਪ ਸਿੰਘ ਵਾਸੀਆਨ ਜੱਟਪੁਰਾ ਮੁਹੱਲਾ ਸਰਹਿੰਦ, ਜੋ ਕਿ ਲੁੱਟਾਂ-ਖੋਹਾਂ ਕਰਨ ਦੇ ਆਦੀ ਹਨ, ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਖਾਨਪੁਰ ਰੋਡ 'ਤੇ ਇਕੱਠੇ ਹੋ ਕੇ ਲੁੱਟ-ਖੋਹ ਦੀ ਯੋਜਨਾ ਬਣਾ ਰਹੇ ਹਨ, ਜਿਸ 'ਤੇ ਉਨ੍ਹਾਂ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਛਾਪੇਮਾਰੀ ਕਰਦਿਆਂ ਕਰਨਪ੍ਰੀਤ ਸਿੰਘ ਉਰਫ ਕਰਨ, ਗੁਰਪ੍ਰੀਤ ਸਿੰਘ, ਸੰਦੀਪ ਸਿੰਘ ਤੇ ਮਹਿੰਦਰ ਸਿੰਘ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਇੱਕ ਦੇਸੀ ਪਿਸਟਲ, ਰਾਡ ਤੇ ਸਰੀਏ ਬਰਾਮਦ ਕੀਤੇ। ਉਪਰੋਕਤ ਵਿਅਕਤੀਆਂ ਵਿਰੁੱਧ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮੁੱਕਦਮਾ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਦੇਸੀ ਪਿਸਟਲ ਤੇ ਕਾਰਤੂਸਾਂ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਨੌਜਵਾਨ ਨੂੰ 315 ਬੋਰ ਦੇ ਦੇਸੀ ਪਿਸਟਲ ਤੇ ਦੋ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਸਾਢੇ ਨੌਂ ਵਜੇ ਦੇ ਕਰੀਬ ਸਰਹਿੰਦ ਦੇ ਪੁਰਾਣੇ ਬੱਸ ਅੱਡੇ ਨਜ਼ਦੀਕ ਥਾਣਾ ਸਰਹਿੰਦ ਦੇ ਪੁਲਸ ਕਰਮਚਾਰੀਆਂ ਨੂੰ ਚੈਕਿੰਗ ਕਰਦੇ ਦੇਖ ਕੇ ਵਿਕਾਸ ਵਾਸੀ ਡੱਡੂਮਾਜਰਾ ਕਲੋਨੀ ਚੰਡੀਗੜ੍ਹ ਕਾਹਲ ਨਾਲ ਉੱਥੋਂ ਖਿਸਕਣ ਲੱਗਾ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਸਹਾਇਕ ਥਾਣੇਦਾਰ ਸਮਸ਼ੇਰ ਸਿੰਘ ਵੱਲੋਂ ਉਸ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ ਇੱਕ ਦੇਸੀ ਪਿਸਟਲ 315 ਬੋਰ ਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਹੋਏ, ਜਿਸ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

### ਸ੍ਰੀ ਗਣੇਸ਼ ਉਤਸਵ ਮਨਾਇਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਸ਼੍ਰੀ ਦੁਰਗਾ ਮੰਦਿਰ ਕਮੇਟੀ, ਸ਼੍ਰੀ ਦੁਰਗਾ ਸੰਕੀਰਤਨ ਮਹਿਲਾ ਮੰਡਲੀ, ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਸਬਾ ਲੌਂਗੋਵਾਲ ਵਿਖੇ 10ਵਾਂ ਸ਼੍ਰੀ ਗਣੇਸ਼ ਉਤਸਵ ਦੁਰਗਾ ਮੰਦਿਰ ਵਿਖੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਰਾਧਾ ਰਾਣੀ ਦੇ ਸੇਵਕ ਕਾਲਾ ਰਾਮ ਮਿੱਤਲ, ਵਿਜੇ ਕੁਮਾਰ, ਸੰਜੇ ਕੁਮਾਰ ਤੇ ਸਮੂਹ ਸੇਵਾਦਾਰਾਂ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਪ੍ਰਾਚੀਨ ਡੇਰਾ ਬਾਬਾ ਰਾਧਿਕਾ ਦਾਸ ਦੇ ਮਹੰਤ ਹੀਰਾ ਦਾਸ ਲੌਂਗਵਾਲ ਤੇ ਗੁਣਗਾਨ ਕਥਾ ਪੂਜਾ ਸ਼ਾਹ ਪਾਣੀਪਤ ਵਾਲੇ ਅਤੇ ਐਤਵਾਰ ਸਵੇਰੇ ਸ਼ੋਭਾ ਯਾਤਰਾ ਉਪਰੰਤ ਸ਼ਾਮ ਸਮੇਂ ਸ਼੍ਰੀ ਗਣੇਸ਼ ਜੀ ਦੀ ਮੂਰਤੀ ਦਾ ਵਿਸਰਜਨ ਕੁੱਬੇ ਨਹਿਰ 'ਚ ਕੀਤਾ ਜਾਵੇਗਾ।

# ਹਲਕਾ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਬੁੱਧ ਰਾਮ ਖਿਲਾਫ ਰੋਹ ਭਰਪੂਰ ਧਰਨਾ

## ਕਿਸਾਨਾਂ ਦੀਆਂ ਜ਼ਮੀਨਾਂ ਦੀ ਹਰ ਹਾਲਤ 'ਚ ਕਰਾਂਗੇ ਰਾਖੀ : ਡਕੌਂਦਾ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਜ਼ਿਲ੍ਹਾ ਮਾਨਸਾ ਵੱਲੋਂ ਪਿੰਡ ਕੁਲਰੀਆਂ ਦੇ ਚੱਲ ਰਹੇ ਜ਼ਮੀਨੀ ਮਾਮਲੇ ਨੂੰ ਲੈ ਕੇ ਹਲਕਾ ਵਿਧਾਇਕ ਤੇ ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਦੇ ਦਫਤਰ ਸਾਹਮਣੇ ਰੋਹ ਭਰਪੂਰ ਧਰਨਾ ਦਿੱਤਾ ਗਿਆ। ਕਿਸਾਨ ਮੰਗ ਕਰ ਰਹੇ ਸਨ ਕਿ ਪਿੰਡ ਕੁਲਰੀਆਂ ਦੀ 71 ਏਕੜ ਜ਼ਮੀਨ ਤੋਂ, ਜੋ ਕਿ ਉੱਥੋਂ ਦੇ ਕਿਸਾਨ ਪੀੜੀ-ਦਰ-ਪੀੜੀ ਕਾਸ਼ਤ ਕਰਦੇ ਆ ਰਹੇ ਹਨ, ਨੂੰ ਪ੍ਰਸ਼ਾਸਨ ਵੱਲੋਂ ਬੇਦਖਲ ਕਰਨਾ ਬੰਦ ਕੀਤਾ ਜਾਵੇ। ਵਰਨਣਯੋਗ ਹੈ ਕਿ ਪਿੰਡ ਕੁਲਰੀਆਂ ਦੀ 71 ਏਕੜ ਜ਼ਮੀਨ, ਜੋ ਜੁਮਲਾ ਮੁਸ਼ਤਰਕਾ ਮਾਲਕਾਨ ਖਾਤੇ ਦੀ ਜ਼ਮੀਨ ਹੈ ਅਤੇ ਮੁਰੱਬਾਬੰਦੀ ਵਿਭਾਗ ਵੱਲੋਂ ਕਿਸਾਨਾਂ ਨੂੰ ਅਲਾਟ ਕੀਤੀ ਹੋਈ ਹੈ ਅਤੇ ਮਾਲ ਰਿਕਾਰਡ ਵਿੱਚ ਵੀ ਕਿਸਾਨਾਂ ਦੇ ਨਾਮ ਉੱਤੇ ਹੀ ਕਬਜ਼ਾ ਕਾਸ਼ਤ ਦਰਜ ਹੈ, ਪ੍ਰੰਤੂ ਜ਼ਿਲ੍ਹਾ ਪ੍ਰਸ਼ਾਸਨ, ਪੰਚਾਇਤੀ ਵਿਭਾਗ ਤੇ ਸਰਕਾਰ ਜਬਰੀ ਕਿਸਾਨਾਂ ਨੂੰ ਜ਼ਮੀਨ ਤੋਂ ਬਾਹਰ ਕਰਨਾ ਚਾਹੁੰਦੇ ਹਨ। ਪਿਛਲੇ ਦਿਨੀਂ ਕਿਸਾਨਾਂ ਵੱਲੋਂ ਆਪਣੀ ਜ਼ਮੀਨ 'ਤੇ ਵਾਹ ਵਹਾਈ ਕਰਨ ਤੋਂ ਬਾਅਦ ਸੰਬੰਧਤ ਕਿਸਾਨਾਂ ਤੇ ਆਗੂਆਂ ਖਿਲਾਫ ਝੂਠੇ ਪਰਚੇ ਦਰਜ ਕੀਤੇ ਗਏ ਹਨ ਅਤੇ ਕਿਸਾਨਾਂ ਦੇ ਟ੍ਰੈਕਟਰ ਤੇ ਮਸ਼ੀਨਰੀ ਵੀ ਜਬਤ ਕੀਤੀ ਗਈ ਹੈ, ਜੋ ਕਿ ਕਿਸਾਨਾਂ ਨਾਲ ਸਰਾਸਰ ਧੱਕਾ ਹੈ। ਆਗੂਆਂ ਨੇ ਐਲਾਨ ਕੀਤਾ ਕਿ ਅਜਿਹਾ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਜ਼ਮੀਨ ਦੀ ਹਰ ਹਾਲਤ ਰਾਖੀ ਕੀਤੀ ਜਾਵੇਗੀ। ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ 'ਤੇ ਪਾਏ ਝੂਠੇ ਕੇਸ ਰੱਦ ਕੀਤੇ ਜਾਣ, ਜ਼ਮੀਨ ਦੀ ਕੀਤੀ ਜਾਲ੍ਹੀ ਬੋਲੀ ਰੱਦ ਕੀਤੀ ਜਾਵੇ ਤੇ ਕਿਸਾਨਾਂ ਦੀ ਕਬਜ਼ਾ ਕਾਸ਼ਤ ਬਹਾਲ ਰੱਖੀ ਜਾਵੇ, ਮੋਟਰਾਂ ਦੀਆਂ ਤਾਰਾਂ ਚੋਰੀ ਕਰਨ ਤੇ ਮਜ਼ਦੂਰਾਂ ਦੀ ਕੁੱਟਮਾਰ ਅਤੇ ਕਿਸਾਨਾਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕੁਲਵੰਤ ਸਿੰਘ ਕਿਸਨਗੜ੍ਹ, ਲਖਵੀਰ ਸਿੰਘ ਅਕਲੀਆ, ਬਲਵਿੰਦਰ ਸ਼ਰਮਾ, ਬਲਕਾਰ ਸਿੰਘ ਚਹਿਲਾਂਵਾਲੀ, ਗੁਰਜੰਟ ਸਿੰਘ ਮਘਾਣੀਆਂ, ਦੇਵੀ ਰਾਮ ਰੰਘੜਿਆਲ, ਜਗਦੇਵ ਸਿੰਘ ਕੋਟਲੀ, ਸੱਤਪਾਲ ਸਿੰਘ ਵਰ੍ਹੇ, ਜਗਜੀਵਨ ਸਿੰਘ ਹਸਨਪੁਰ, ਗੁਰਚਰਨ ਸਿੰਘ ਅਲੀਸ਼ੇਰ, ਬਲਜੀਤ ਸਿੰਘ ਭੈਣੀ ਬਾਘਾ, ਕਾਲਾ ਸਿੰਘ ਅਕਲੀਆ, ਮਨਜੀਤ ਕੌਰ, ਮੱਖਣ ਸਿੰਘ ਉੱਡਤ, ਹਰਬੰਸ ਸਿੰਘ ਟਾਂਡੀਆਂ, ਸੁਰਜੀਤ ਸਿੰਘ ਨੰਗਲ, ਵਰਿਆਮ ਸਿੰਘ, ਸਿਕੰਦਰ ਸਿੰਘ, ਪ੍ਰਗਟ ਸਿੰਘ ਖਿਆਲਾ ਕਲਾਂ ਆਦਿ ਨੇ ਸੰਬੋਧਨ ਕੀਤਾ।

# ਅਵਤਾਰ ਸਿੰਘ ਈਲਵਾਲ ਨੇ ਚੇਅਰਮੈਨ ਮਾਰਕੀਟ ਕਮੇਟੀ ਵਜੋਂ ਅਹੁਦਾ ਸੰਭਾਲਿਆ



**ਸੰਗਰੂਰ (ਪ੍ਰਵੀਨ ਸਿੰਘ)**

ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਸਮੇਤ ਵੱਡੀ ਗਿਣਤੀ ਸਿਆਸੀ, ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਦੀ ਮੌਜੂਦਗੀ ਵਿੱਚ ਅੱਜ ਸੀਨੀਅਰ ਆਗੂ ਅਵਤਾਰ ਸਿੰਘ ਈਲਵਾਲ ਨੇ ਮਾਰਕੀਟ ਕਮੇਟੀ ਸੰਗਰੂਰ ਦੇ ਚੇਅਰਮੈਨ ਵਜੋਂ ਆਪਣਾ ਅਹੁਦਾ ਸੰਭਾਲਿਆ। ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਤੋਂ ਪਹਿਲਾਂ ਅਨਾਜ ਮੰਡੀ ਦੇ ਪੰਡਾਲ ਵਿਖੇ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸ. ਈਲਵਾਲ ਸ਼ੁਰੂ ਤੋਂ ਲੋਕ ਸੇਵਾ ਨੂੰ ਸਮਰਪਤ ਸ਼ਖ਼ਸੀਅਤ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਨ੍ਹਾਂ ਦੀ ਲੋਕ ਹਮਾਇਤੀ ਸੋਚ 'ਤੇ ਮੋਹਰ ਲਗਾਉਂਦੇ ਹੋਏ ਇਸ ਅਹਿਮ ਅਹੁਦੇ ਨਾਲ ਨਿਵਾਜਿਆ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਿਲਣਸਾਰ ਤੇ ਪਾਰਟੀ ਨੂੰ ਸਮਰਪਤ ਰਹਿਣ ਵਾਲੇ ਅਵਤਾਰ ਸਿੰਘ ਈਲਵਾਲ ਨੇ ਬਹੁਤ ਮਿਹਨਤ ਕੀਤੀ ਹੈ ਤੇ ਉਨ੍ਹਾਂ ਦੀ ਸਮਰਪਣ ਭਾਵਨਾ ਤੇ ਨਿਰਸਵਾਰਥ ਲੋਕ ਸੇਵਾ ਦੀ ਬਿਰਤੀ ਸ਼ਲਾਘਾਯੋਗ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਸਮੇਤ ਹੋਰਨਾਂ ਸ਼ਖ਼ਸੀਅਤਾਂ ਨੇ ਵੀ ਅਵਤਾਰ ਸਿੰਘ ਈਲਵਾਲ ਨੂੰ ਮੁਬਾਰਕਬਾਦ ਭੇਟ ਕਰਦਿਆਂ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਇਸ ਮੌਕੇ ਚੇਅਰਮੈਨ ਅਵਤਾਰ ਸਿੰਘ ਈਲਵਾਲ ਨੇ ਕਿਹਾ ਕਿ ਉਹ ਹਮੇਸ਼ਾ ਪਾਰਟੀ ਦੇ ਅਣਥੱਕ ਵਲੰਟੀਅਰ ਵਜੋਂ ਵਿਚਰਦੇ ਹੋਏ ਸਰਕਾਰ ਦੀਆਂ ਨੀਤੀਆਂ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲੋੜਵੰਦਾਂ ਤੱਕ ਪਹੁੰਚਾਉਣਗੇ। ਮਾਰਕੀਟ ਕਮੇਟੀ ਵਿਖੇ ਅਹੁਦਾ ਸੰਭਾਲਣ ਮੌਕੇ ਚੇਅਰਮੈਨ ਅਵਤਾਰ ਸਿੰਘ ਈਲਵਾਲ ਨੂੰ ਮੁਬਾਰਕਬਾਦ ਦੇਣ ਵਾਲਿਆਂ ਵਿੱਚ ਵੱਡੀ ਗਿਣਤੀ 'ਚ ਵੱਖ ਵੱਖ ਸ਼ਖ਼ਸੀਅਤਾਂ ਸ਼ਾਮਲ ਸਨ।

# ਸਰਕਾਰੀ ਸਕੂਲ ਕੋਟ ਸੁਖੀਆ 'ਚ ਪ੍ਰਿੰਸੀਪਲ ਸਮੇਤ ਅਧਿਆਪਕਾਂ ਦੀਆਂ ਕਈ ਆਸਾਮੀਆਂ ਖਾਲੀ

## ਸਕੂਲ ਦੇ 2 ਦਰਜਾ ਚਾਰ ਕਰਮਚਾਰੀ ਵੀ ਪਿਛਲੇ ਕਈ ਮਹੀਨਿਆਂ ਤੋਂ ਜ਼ਿਲ੍ਹਾ ਚੋਣ ਦਫਤਰ ਤੇ ਐੱਸ ਡੀ ਐੱਮ ਦਫਤਰ ਫਰੀਦਕੋਟ 'ਚ ਕਰ ਰਹੇ ਨੇ ਕੰਮ

**ਕੋਟਕਪੂਰਾ (ਰਛਪਾਲ ਭੁੱਲਰ)**-ਇੱਥੋਂ ਥੋੜ੍ਹੀ ਦੂਰ ਪਿੰਡ ਕੋਟ ਸੁਖੀਆ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪ੍ਰਿੰਸੀਪਲ ਤੇ ਡੀ ਪੀ ਦੀ ਆਸਾਮੀ ਪਿਛਲੇ ਚਾਰ ਮਹੀਨਿਆਂ ਤੋਂ, ਆਰਟ ਤੇ ਕਰਾਫਟ ਟੀਚਰ ਦੀ ਆਸਾਮੀ ਤਿੰਨ ਸਾਲਾਂ ਤੋਂ, ਕੰਪਿਊਟਰ ਅਧਿਆਪਕ ਦੀ ਇੱਕ ਆਸਾਮੀ ਡੇਢ ਸਾਲ ਤੋਂ ਅਤੇ ਇੱਕ ਆਸਾਮੀ ਪਿਛਲੇ ਪੰਜ ਮਹੀਨਿਆਂ ਤੋਂ ਖਾਲੀ ਪਈ ਹੈ ਅਤੇ ਕਲਰਕ ਦੀ ਆਸਾਮੀ ਵੀ ਪਿਛਲੇ ਪੰਜ ਮਹੀਨਿਆਂ ਤੋਂ ਖਾਲੀ ਪਈ ਹੋਣ ਕਰਕੇ ਸਕੂਲ ਦਾ ਕੰਮ ਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਇਸ ਸਕੂਲ ਵਿੱਚ ਛੇਵੀਂ ਤੋਂ 10+2 ਜਮਾਤਾਂ ਵਿੱਚ ਲਗਭਗ ਤਿੰਨ ਸੌ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਇਸ ਤੋਂ ਇਲਾਵਾ ਸਕੂਲ ਵਿੱਚ ਦਰਜਾ ਚਾਰ ਦੀਆਂ ਤਿੰਨ ਆਸਾਮੀਆਂ ਪ੍ਰਵਾਨ ਹਨ, ਜਿਨ੍ਹਾਂ ਵਿੱਚੋਂ ਮਾਲੀ ਕੰਮ ਚੌਕੀਦਾਰ ਦੀ ਆਸਾਮੀ ਪਿਛਲੇ ਪੰਜ ਸਾਲਾਂ ਤੋਂ ਖਾਲੀ ਪਈ ਹੈ ਤੇ ਬਾਕੀ ਦੋ ਦਰਜਾ ਚਾਰ ਮੁਲਾਜ਼ਮ ਭਾਵ ਸੇਵਾਦਾਰ ਹਰਵੇਲ ਸਿੰਘ ਤੇ ਸਫਾਈ ਸੇਵਕ ਛਿੰਦਰ ਕੌਰ ਪਿਛਲੇ ਕਾਫੀ ਸਮੇਂ ਤੋਂ ਜ਼ਿਲ੍ਹਾ ਪੱਧਰ ਤੇ ਸਥਿਤ ਜ਼ਿਲ੍ਹਾ ਚੋਣ ਦਫਤਰ ਅਤੇ ਐੱਸ ਡੀ ਐੱਮ ਫਰੀਦਕੋਟ ਦੇ ਦਫਤਰਾਂ ਵਿੱਚ ਆਰਜ਼ੀ ਡਿਊਟੀ 'ਤੇ ਕੰਮ ਕਰ ਰਹੇ ਹਨ ਅਤੇ ਸਕੂਲ ਵਿੱਚ ਇਸ ਸਮੇਂ ਇੱਕ ਵੀ ਦਰਜਾ ਚਾਰ ਕਰਮਚਾਰੀ ਨਾ ਹੋਣ ਕਰਕੇ ਸਕੂਲ ਦੇ ਵਾਤਾਵਰਨ ਦੀ ਸੰਭਾਲ ਅਤੇ ਸੁਰੱਖਿਆ ਰੱਬ ਭਰੋਸੇ ਜਾਪਦੀ ਹੈ। ਇਸ ਸੰਬੰਧੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਆਗੂ ਪ੍ਰੇਮ ਚਾਵਲਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਅਜਿਹੀ ਸਥਿਤੀ ਵਿੱਚ ਆਮ ਆਦਮੀ ਪਾਰਟੀ ਵੱਲੋਂ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਕੀਤੇ ਜਾ ਰਹੇ ਦਾਅਵੇ ਖੋਖਲੇ ਜਾਪਦੇ ਹਨ। ਅਧਿਆਪਕ ਆਗੂ ਪ੍ਰੇਮ ਚਾਵਲਾ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੇ ਸਪੀਕਰ ਪੰਜਾਬ ਵਿਧਾਨ ਸਭਾ ਕਲਤਾਰ ਸਿੰਘ ਸੰਧਵਾਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਤੁਰੰਤ ਨਿੱਜੀ ਦਿਲਚਸਪੀ ਲੈ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਸੁਖੀਆ ਵਿੱਚ ਪ੍ਰਿੰਸੀਪਲ ਦੀ ਆਸਾਮੀ ਸਮੇਤ ਖਾਲੀ ਪਈਆਂ ਸਾਰੀਆਂ ਆਸਾਮੀਆਂ ਨੂੰ ਤੁਰੰਤ ਭਰਵਾਉਣ ਤੇ ਆਰਜ਼ੀ ਡਿਊਟੀ 'ਤੇ ਗਏ ਦੋਵੇਂ ਦਰਜਾਚਾਰ ਕਰਮਚਾਰੀਆਂ ਨੂੰ ਤੁਰੰਤ ਜ਼ਿਲ੍ਹਾ ਦਫਤਰਾਂ ਵਿੱਚੋਂ ਵਾਪਸ ਬੁਲਾ ਕੇ ਸਕੂਲ ਵਿੱਚ ਭੇਜਿਆ ਜਾਵੇ।

# ਸਾਫ-ਸੁਥਰੀ ਪ੍ਰੈਕਟਿਸ ਕਰਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਬੇਵਜ੍ਹਾ ਪ੍ਰੇਸ਼ਾਨ ਨਾ ਕੀਤਾ ਜਾਵੇ : ਆਗੂ



**ਮਾਨਸਾ (ਆਤਮਾ ਸਿੰਘ ਪਮਾਰ)**-ਮੈਡੀਕਲ ਪਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਅਹਿਮ ਮੀਟਿੰਗ ਸੀ ਪੀ ਆਈ ਦਫਤਰ ਮਾਨਸਾ ਵਿਖੇ ਜ਼ਿਲ੍ਹਾ ਪ੍ਰਧਾਨ ਸੱਤਪਾਲ ਰਿਸ਼ੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਸੂਬਾ ਕਮੇਟੀ ਮੈਂਬਰ ਵੈਦ ਤਾਰਾ ਚੰਦ ਭਾਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਸਰਕਾਰ ਵੱਲੋਂ ਚਲਾਈ ਨਸ਼ਾ ਵਿਰੋਧੀ ਮੁਹਿੰਮ ਦੇ ਤਹਿਤ ਪਿੰਡਾਂ ਵਿੱਚ ਸਾਫ ਸੁਥਰੀ ਪ੍ਰੈਕਟਿਸ ਕਰਦੇ ਪ੍ਰੈਕਟਸ਼ਨਰਾਂ ਨੂੰ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕਰਨ ਦਾ ਗੰਭੀਰ ਨੋਟਿਸ ਲਿਆ ਗਿਆ। ਪਿਛਲੇ ਦਿਨੀਂ ਬਲਾਕ ਬੋਹਾ ਦੇ ਪਿੰਡ ਸੈਦੇਵਾਲਾ ਦੇ ਸਾਥੀ ਰਮਨਦੀਪ 'ਤੇ ਰੇਡ ਹੋਈ, ਜਿਸ ਵਿੱਚ ਪੰਜਾਬ ਪੁਲਸ ਤੇ ਡਰੱਗ ਇੰਸਪੈਕਟਰ ਮਾਨਸਾ ਨੇ ਸਾਂਝੇ ਤੌਰ 'ਤੇ ਛਾਪਾ ਮਾਰਿਆ, ਪਰ ਸਾਥੀ ਕੋਲੋਂ ਕੋਈ ਵੀ ਇਤਰਾਜ਼ਯੋਗ ਵਸਤੂ ਨਹੀਂ ਮਿਲੀ। ਉਸ ਸੰਬੰਧੀ ਮੀਟਿੰਗ ਤੋਂ ਬਾਅਦ ਜ਼ਿਲ੍ਹਾ ਡਰੱਗ ਇੰਸਪੈਕਟਰ ਮਾਨਸਾ ਨੂੰ ਜਥੇਬੰਦੀ ਦੇ ਸੰਵਿਧਾਨ ਬਾਰੇ ਜਾਣਕਾਰੀ ਦਿੱਤੀ ਕਿ ਸਾਡੀ ਜਥੇਬੰਦੀ ਦਾ ਕੋਈ ਵੀ ਮੈਂਬਰ ਨਸ਼ਾ ਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ 'ਚ ਹਿੱਸਾ ਨਹੀਂ ਲੈਂਦਾ, ਸਗੋਂ ਸਾਡੀ ਸੰਸਥਾ ਸਮਾਜ ਵਿਰੋਧੀ ਕੰਮ ਕਰਨ ਵਾਲੇ ਨੂੰ ਮੈਂਬਰ ਨਹੀਂ ਬਣਾਉਂਦੀ ਤੇ ਨਾ ਹੀ ਮੱਦਦ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਫ ਸੁਥਰੀ ਪ੍ਰੈਕਟਿਸ ਕਰਦੇ ਕਿਸੇ ਵੀ ਮੈਡੀਕਲ ਪ੍ਰੈਕਟੀਸ਼ਨਰ ਨੂੰ ਬੇਵਜ੍ਹਾ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ।

ਡਰੱਗ ਇੰਸਪੈਕਟਰ ਸ੍ਰ. ਉਂਕਾਰ ਸਿੰਘ ਵੱਲੋਂ ਵੀ ਵਿਸ਼ਵਾਸ ਦਿਵਾਇਆ ਗਿਆ ਕਿ ਸਾਫ-ਸੁਥਰੀ ਪ੍ਰੈਕਟਿਸ ਕਰਨ ਵਾਲੇ ਕਿਸੇ ਵੀ ਪ੍ਰੈਕਟੀਸ਼ਨਰ ਨੂੰ ਤੰਗ ਪਰੇਸ਼ਾਨ ਨਹੀਂ ਕੀਤਾ ਜਾਵੇਗਾ ਅਤੇ ਨਸ਼ੇ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਪਹਿਲਾਂ ਦੀ ਤਰ੍ਹਾਂ ਬਲਾਕ ਪੱਧਰੀ ਜਾਂ ਭਰਾਤਰੀ ਜਥੇਬੰਦੀ ਨਾਲ ਮਿਲ ਕੇ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ।

# ਟੀ ਐੱਸ ਯੂ ਸਬ-ਅਰਬਨ ਹਲਕਾ ਲੁਧਿਆਣਾ ਦਾ ਚੋਣ ਅਜਲਾਸ

## ਬੂਟਾ ਸਿੰਘ ਮਲਕ ਸਰਬਸੰਮਤੀ ਨਾਲ ਸਰਕਲ ਸਕੱਤਰ ਚੁਣੇ



**ਜਗਰਾਉਂ (ਸੰਜੀਵ ਅਰੋੜਾ)**-ਬਿਜਲੀ ਮੁਲਜ਼ਮਾਂ ਦੀ ਸਿਰਮੌਰ ਜੱਥੇਬੰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਸਬਅਰਬਨ ਸਰਕਲ ਲੁਧਿਆਣਾ ਦਾ ਚੋਣ ਅਜਲਾਸ ਜਗਰਾਉਂ ਦੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਯਾਦਗਾਰੀ ਹਾਲ ਵਿੱਚ ਕਰਵਾਇਆ ਗਿਆ, ਜਿਸ ਵਿੱਚ ਟੀ.ਐੱਸ.ਯੂ. ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਭਾਣਾ ਤੇ ਸੂਬਾ ਮੁੱਖ ਜਥੇਬੰਦਕ ਸਕੱਤਰ ਰਘਵੀਰ ਸਿੰਘ ਲੁਧਿਆਣਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਟੀ.ਐੱਸ.ਯੂ. ਸਬ-ਅਰਬਨ ਹਲਕਾ ਲੁਧਿਆਣਾ ਦੇ 30 ਮਈ 2023 ਨੂੰ ਖਾਲੀ ਹੋਏ ਸਰਕਲ ਸਕੱਤਰ ਦੇ ਅਹੁਦੇ ਦੀ ਚੋਣ ਕਰਵਾਈ ਗਈ ਤੇ ਹਾਜ਼ਰ ਡੈਲੀਗੇਟਾਂ ਨੇ ਟੈਕਨੀਕਲ ਸਰਵਿਸਿਜ਼ ਯੂਨੀਅਨ ਜਗਰਾਉਂ ਅਧੀਨ ਵੱਖ ਵੱਖ ਅਹੁਦਿਆਂ ਉੱਪਰ ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਬੂਟਾ ਸਿੰਘ ਮਲਕ ਨੂੰ ਸਰਬਸੰਮਤੀ ਨਾਲ ਟੀ.ਐੱਸ.ਯੂ. ਸਬ-ਅਰਬਨ ਸਰਕਲ ਲੁਧਿਆਣਾ ਦਾ ਸਰਕਲ ਸਕੱਤਰ ਚੁਣ ਲਿਆ ਗਿਆ। ਚੋਣ ਉਪਰੰਤ ਹਾਜ਼ਰ ਡੈਲੀਗੇਟਾਂ ਨੂੰ ਸੰਬੋਧਨ ਕਰਦੇ ਹੋਏ ਸੂਬਾ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਭਾਣਾ ਨੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਮੁਲਾਜ਼ਮ ਵਿਰੋਧੀ ਲਏ ਜਾ ਰਹੇ ਫੈਸਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਆਖਿਆ ਕਿ ਸਰਕਾਰ ਭਾਵੇਂ ਕੋਈ ਵੀ ਆ ਜਾਵੇ, ਮੁਲਾਜ਼ਮ ਵਿਰੋਧੀ ਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਕੋਲੋਂ ਲੋਕਾਂ ਨੂੰ ਵੱਡੀਆਂ ਆਸਾਂ ਸਨ, ਪ੍ਰੰਤੂ ਇਸ ਸਰਕਾਰ ਨੇ ਮੁਲਾਜ਼ਮਾਂ ਦਾ ਪੇਂਡੂ ਭੱਤਾ ਬੰਦ ਕਰ ਦਿੱਤਾ ਹੈ, ਮੌਜੂਦਾ ਮੁਲਾਜ਼ਮਾਂ ਦੇ ਨਾਲ ਨਾਲ ਸੇਵਾ ਮੁਕਤ ਮੁਲਾਜ਼ਮਾਂ ਕੋਲੋਂ ਵੀ 200 ਰੁਪਏ ਪ੍ਰਤੀ ਮਹੀਨਾਂ ਡਿਵੈਲਪਮੈਂਟ ਫੰਡ ਦੇ ਨਾਮ 'ਤੇ ਕਟੌਤੀ ਸ਼ੁਰੂ ਕਰ ਦਿੱਤੀ ਗਈ ਹੈ, ਮੁਲਾਜ਼ਮਾਂ ਦੇ ਹੋਰ ਭੱਤਿਆਂ ਦੇ ਨਾਲ ਲਾਈਨਮੈਨਾਂ ਦਾ ਮੋਬਾਇਲ ਭੱਤਾ ਵੀ ਬੰਦ ਕਰ ਦਿੱਤਾ ਗਿਆ ਹੈ, ਸੀ.ਆਰ.ਏ.295/19 ਅਧੀਨ ਨਿਯੁਕਤ ਸਹਾਇਕ ਲਾਈਨਮੈਨਾਂ ਨੂੰ ਰੈਗੂਲਰ ਤਨਖਾਹ ਸਕੇਲ ਦੇਣ ਦੀ ਬਜਾਏ ਦਰਜ ਮੁਕੱਦਮਿਆਂ ਵਿੱਚ ਉਲਝਾ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਚਿਤਾਵਨੀ ਦਿੰਦੇ ਹੋਏ ਬਿਜਲੀ ਮੰਤਰੀ ਪੰਜਾਬ ਤੇ ਪਾਵਰਕਾਮ ਮੈਨੇਜਮੈਂਟ ਕੋਲੋਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ, ਸੀ.ਆਰ.ਏ.295/19 ਅਧੀਨ ਨਿਯੁਕਤ ਸਹਾਇਕ ਲਾਈਨਮੈਨਾਂ ਵਿਰੁੱਧ ਦਰਜ ਮੁਕੱਦਮੇ ਵਾਪਸ ਲੈ ਕੇ ਮਿਲਵਰਤਨ ਵਾਲਾ ਮਹੌਲ ਸਿਰਜਿਆ ਜਾਵੇ।

ਇਸ ਮੌਕੇ ਸੂਬਾ ਮੁੱਖ ਜੱਥੇਬੰਦਕ ਸਕੱਤਰ ਰਘਵੀਰ ਸਿੰਘ ਲੁਧਿਆਣਾ, ਸਾਬਕਾ ਸਰਕਲ ਪ੍ਰਧਾਨ ਜਸਵੰਤ ਸਿੰਘ ਕੁਤਬਾ, ਸਾਬਕਾ ਪ੍ਰਧਾਨ ਕੁਲਵੰਤ ਸਿੰਘ ਢੋਲਣ, ਜ਼ੋਨਲ ਪ੍ਰਧਾਨ ਦਲਜੀਤ ਸਿੰਘ ਜੱਸੋਵਾਲ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਕਾਕਾ, ਹਰਵਿੰਦਰ ਸਿੰਘ ਸਵੱਦੀ, ਪਰਮਜੀਤ ਸਿੰਘ ਚੀਮਾਂ, ਅਵਤਾਰ ਸਿੰਘ ਕਲੇਰ, ਤਰਲੋਚਨ ਸਿੰਘ ਹਠੂਰ, ਅਜਮੇਰ ਸਿੰਘ ਕਲੇਰ, ਚਰਨ ਸਿੰਘ ਝੋਰੜਾਂ, ਸੁਖਚੈਨ ਸਿੰਘ ਰਾਏਕੋਟ, ਅਮ੍ਰਿਤਪਾਲ ਸਿੰਘ ਢੋਲਣ, ਗੁਰਵਿੰਦਰ ਸਿੰਘ ਲਲਤੋਂ, ਉਪਦੇਸ਼ਇੰਦਰ ਸਿੰਘ, ਦਲਜੀਤ ਸਿੰਘ ਨਾਰੰਗਵਾਲ, ਹਰਸਤਿੰਦਰ ਸਿੰਘ ਅੱਡਾ ਦਾਖਾ, ਸੁਰਜੀਤ ਸਿੰਘ ਸਕੱਤਰ, ਹਰਵਿੰਦਰ ਸਿੰਘ ਚੀਮਨਾਂ ਜੇ ਈ, ਬਲਦੇਵ ਸਿੰਘ ਮੋਰਕਰੀਮਾਂ ਜੇ ਈ ਆਦਿ ਹਾਜ਼ਰ ਸਨ।

# ਨਵ-ਨਿਯੁਕਤ ਹਲਕਾ ਇੰਚਾਰਜ ਦਾ ਪਾਤੜਾਂ ਫੇਰੀ ਦੌਰਾਨ ਭਰਵਾਂ ਸਵਾਗਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਨਵੇਂ ਨਿਯੁਕਤ ਕੀਤੇ ਗਏ ਇੰਚਾਰਜ ਕਬੀਰ ਦਾਸ ਨੇ ਹਲਕੇ ਵਿੱਚ ਆਪਣੀਆਂ ਸਰਗਰਮੀਆਂ ਦੀ ਰਸਮੀ ਸ਼ੁਰੂਆਤ ਕਰ ਦਿੱਤੀ ਹੈ। ਪਾਤੜਾਂ ਪਟਿਆਲਾ ਮੁੱਖ ਮਾਰਗ ਉੱਤੇ ਹਲਕਾ ਸ਼ੁਤਰਾਣਾ ਦੇ ਪਹਿਲੇ ਪਿੰਡ ਰੇਤਗੜ੍ਹ ਵਿਖੇ ਅਕਾਲੀ ਵਰਕਰਾਂ ਨੇ ਨਵ-ਨਿਯੁਕਤ ਹਲਕਾ ਇੰਚਾਰਜ ਕਬੀਰ ਦਾਸ ਨੂੰ ਜੀ ਆਇਆਂ ਆਖਿਆ। ਉਹ ਖੁੱਲ੍ਹੀ ਗੱਡੀ ਵਿੱਚ ਸਵਾਰ ਹੋ ਕੇ ਪਾਤੜਾਂ ਪੁੱਜੇ। ਇਸ ਦੌਰਾਨ ਜਗ੍ਹਾ ਜਗ੍ਹਾ ਅਕਾਲੀ ਦਲ ਦੇ ਵਰਕਰਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਇੰਚਾਰਜ ਲੱਗਣ ਉਪਰੰਤ ਪਹਿਲੀ ਵਾਰ ਪਾਤੜਾਂ ਆਉਣ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਪਾਤੜਾਂ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਅਕਾਲੀ ਦਲ ਦੇ ਵਰਕਰਾਂ ਨੇ ਹਿੱਸਾ ਲਿਆ। ਉਪਰੰਤ ਉਨ੍ਹਾਂ ਅਕਾਲੀ ਦਲ ਦੇ ਆਗੂਆਂ ਨਾਲ ਸ਼ਹਿਰ ਦੇ ਮਾਈਡੇਰਾ, ਖਾਟੂ ਸ਼ਿਆਮ ਮੰਦਿਰ ਤੇ ਸ਼ਿਵ ਮੰਦਰ ਵਿਖੇ ਮੱਥਾ ਟੇਕਿਆ। ਨਵ-ਨਿਯੁਕਤ ਹਲਕਾ ਇੰਚਾਰਜ ਕਬੀਰ ਦਾਸ ਦਾ ਸਵਾਗਤ ਕਰਦਿਆਂ ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਨੇ ਕਿਹਾ ਕਿ ਹਲਕਾ ਇੰਚਾਰਜ ਬੀਬੀ ਵਨਿੰਦਰ ਕੌਰ ਲੂੰਬਾ ਵੱਲੋਂ ਹਲਕਾ ਛੱਡ ਜਾਣ ਕਰਕੇ ਪਿਛਲੇ ਕਾਫੀ ਸਮੇਂ ਤੋਂ ਹਲਕੇ 'ਚ ਅਕਾਲੀ ਦਲ ਦੀਆਂ ਸਰਗਰਮੀਆਂ ਲੱਗਭਗ ਠੱਪ ਹੋਣ ਕਰਕੇ ਪਾਰਟੀ ਵਰਕਰਾਂ ਨਿਰਾਸ਼ਾ ਦੇ ਆਲਮ ਵਿੱਚ ਸਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਕਬੀਰ ਦਾਸ ਨੂੰ ਹਲਕਾ ਇੰਚਾਰਜ ਨਿਯੁਕਤ ਕੀਤੇ ਜਾਣਾ ਅਕਾਲੀ ਦਲ ਲਈ ਸ਼ੁਭ ਸ਼ਗਨ ਹੈ। ਪਾਰਟੀ ਹਾਈਕਮਾਂਡ ਤੇ ਹਲਕੇ ਨਾਲ ਸਬੰਧਤ ਅਕਾਲੀ ਵਰਕਰਾਂ ਦਾ ਧੰਨਵਾਦ ਕਰਦਿਆਂ ਹਲਕਾ ਇੰਚਾਰਜ ਕਬੀਰ ਦਾਸ ਨੇ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ 'ਚ ਉਨ੍ਹਾਂ ਦਾ ਸਾਥ ਦੇਣ।

# ਸਪੇਅਰ ਪਾਰਟਸ ਡੀਲਰ ਐਸੋ. ਦਾ ਵਫ਼ਦ ਡੀ ਐੱਸ ਪੀ ਨੂੰ ਮਿਲਿਆ

## ਪੁਲਸ ਹਰ ਵੇਲੇ ਲੋਕਾਂ ਦੀ ਜਾਨ-ਮਾਲ ਦੀ ਹਿਫਾਜਤ ਲਈ ਤੱਤਪਰ : ਤਲਵਿੰਦਰ ਗਿੱਲ



ਉੱਪ ਕਪਤਾਨ ਪੁਲਸ ਤਲਵਿੰਦਰ ਸਿੰਘ ਗਿੱਲ ਨਾਲ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਸਪੇਅਰ ਪਾਰਟਸ ਡੀਲਰ ਐਸੋਸੀਏਸ਼ਨ ਧੂਰੀ ਦੇ ਆਗੂ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਪੇਅਰ ਪਾਰਟਸ ਡੀਲਰ ਐਸੋਸੀਏਸ਼ਨ ਧੂਰੀ ਦਾ ਇੱਕ ਵਫ਼ਦ ਪ੍ਰਧਾਨ ਰਾਜੇਸ਼ ਸਚਦੇਵਾ ਦੀ ਅਗਵਾਈ ਹੇਠ ਉੱਪ ਕਪਤਾਨ ਪੁਲਸ ਤਲਵਿੰਦਰ ਸਿੰਘ ਗਿੱਲ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਮਿਲਿਆ। ਇਸ ਮੌਕੇ ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਵਿਕਾਸ ਜੈਨ ਵੀ ਹਾਜ਼ਰ ਸਨ। ਵਫ਼ਦ ਨੇ ਪੁਲਸ ਅਧਿਕਾਰੀ ਨੂੰ ਜਾਣੂ ਕਰਵਾਇਆ ਕਿ ਬੀਤੇ ਦਿਨੀਂ ਸਪੇਅਰ ਪਾਰਟਸ ਡੀਲਰ ਦੀ ਦੁਕਾਨ ਵਿੱਚ ਹੋਈ ਚੋਰੀ ਨੇ ਵਪਾਰੀਆਂ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ ਹੈ। ਉਨ੍ਹਾਂ ਵਪਾਰੀਆਂ ਦੀ ਜਾਨ ਤੇ ਮਾਲ ਦੀ ਰਾਖੀ ਯਕੀਨੀ ਬਣਾਏ ਜਾਣ ਦੀ ਮੰਗ ਕਰਦਿਆਂ ਪੁਲਸ ਨਫ਼ਰੀ ਵਧਾਉਣ ਤੇ ਰਾਤ ਵੇਲੇ ਗਸ਼ਤ ਵਧਾਉਣ ਦੀ ਮੰਗ ਵੀ ਕੀਤੀ। ਵਫ਼ਦ ਨੂੰ ਭਰੋਸਾ ਦਿਵਾਉਂਦਿਆਂ ਉੱਪ ਕਪਤਾਨ ਪੁਲਸ ਤਲਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਪੁਲਸ ਹਰ ਵੇਲੇ ਲੋਕਾਂ ਦੀ ਹਿਫ਼ਾਜਤ ਲਈ ਤੱਤਪਰ ਹੈ। ਉਨ੍ਹਾਂ ਚੋਰੀ ਦੀ ਘਟਨਾ ਸਬੰਧੀ ਕਿਹਾ ਕਿ ਪੁਲਸ ਕਈ ਪਹਿਲੂਆਂ 'ਤੇ ਕੰਮ ਕਰ ਰਹੀ ਹੈ ਤੇ ਜਲਦੀ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਆਪਣੇ ਵਪਾਰਕ ਅਦਾਰਿਆਂ ਤੇ ਘਰਾਂ ਵਿੱਚ ਸੀਸੀਟੀਵੀ ਕੈਮਰੇ ਲਗਵਾਉਣ ਦੀ ਅਪੀਲ ਕਰਦਿਆਂ ਪੁਲਸ ਦਾ ਸਾਥ ਦੇਣ ਦੀ ਗੱਲ ਵੀ ਕਹੀ।

ਇਸ ਮੌਕੇ ਧੂਰੀ ਵਪਾਰ ਮੰਡਲ ਦੇ ਜਨਰਲ ਸਕੱਤਰ ਹੰਸ ਰਾਜ ਬਜਾਜ ਤੋਂ ਇਲਾਵਾ ਸਪੇਅਰ ਪਾਰਟਸ ਡੀਲਰ ਐਸੋਸੀਏਸ਼ਨ ਦੇ ਆਗੂਆਂ 'ਚ ਅਮਨ ਸਿੰਗਲਾ ਜਨਰਲ ਸਕੱਤਰ, ਗਗਨ ਜਿੰਦਲ ਖਜ਼ਾਨਚੀ, ਦੀਪਾਂਸ਼ੂ ਗੁਪਤਾ, ਪ੍ਰਵੀਨ ਚਾਵਲਾ ਤੇ ਭੁਪਿੰਦਰ ਸਿੰਘ ਹਾਜ਼ਰ ਸਨ।

# ਸਵਾਮੀ ਰੂਪ ਚੰਦ ਜੈਨ ਸਕੂਲ 'ਚ ਗਣੇਸ਼ ਚਤੁਰਥੀ ਮਨਾਈ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਪ੍ਰਿੰਸੀਪਲ ਰਾਜਪਾਲ ਕੌਰ ਤੇ ਸਮੂਹ ਮੈਨੇਜਮੈਂਟ ਦੀ ਯੋਗ ਅਗਵਾਈ ਤੇ ਸਹਿਯੋਗ ਨਾਲ ਸ੍ਰੀ ਗਣੇਸ਼ ਚਤੁਰਥੀ ਦਾ ਉਤਸਵ ਵੀ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਵੱਲੋਂ ਉਚੇਚੇ ਤੌਰ 'ਤੇ ਪਹੁੰਚ ਕੇ ਪ੍ਰਭੂ ਚਰਨਾਂ ਵਿੱਚ ਹਾਜ਼ਰੀ ਲਗਵਾਈ ਗਈ। ਪ੍ਰਿੰਸੀਪਲ ਰਾਜਪਾਲ ਕੌਰ ਵੱਲੋਂ ਵਿਦਿਆਰਥੀਆਂ ਨੂੰ ਗਣੇਸ਼ ਚਤੁਰਥੀ ਦਾ ਮਹੱਤਵ ਦੱਸਿਆ ਗਿਆ ਤੇ ਅਧਿਆਪਕਾਂ ਵੱਲੋਂ ਵੀ ਗਣੇਸ਼ ਜੀ ਦੇ ਜਨਮ ਨਾਲ ਜੁੜੀਆਂ ਕਹਾਣੀਆਂ ਸੁਣਾਈਆਂ ਗਈਆਂ। ਬੱਚਿਆਂ ਤੇ ਅਧਿਆਪਕਾਂ ਵੱਲੋਂ ਮਿਲ ਕੇ ਭਜਨ ਤੇ ਮੰਤਰ ਵੀ ਬੋਲੇ ਗਏ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ, ਸਕੂਲ ਪ੍ਰਿੰਸੀਪਲ, ਅਧਿਆਪਕਾ ਤੇ ਬੱਚਿਆਂ ਨੇ ਮਿਲ ਕੇ ਆਰਤੀ ਕੀਤੀ। ਗਣੇਸ਼ ਜੀ ਦੇ ਭਜਨਾਂ 'ਤੇ ਨ੍ਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਭਗਵਾਨ ਸ੍ਰੀ ਗਣੇਸ਼ ਜੀ ਅੱਗੇ ਅਰਦਾਸ ਕੀਤੀ ਗਈ ਕਿ ਉਹ ਆਪਣੀ ਅਪਾਰ ਕਿਰਪਾ ਇਸ ਸਕੂਲ 'ਤੇ ਬਣਾਈ ਰੱਖਣ ਤੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਤੋਂ ਬਾਅਦ ਸਾਰਿਆਂ ਨੂੰ ਮੋਦਕ, ਫਲ, ਮਠਿਆਈਆਂ ਦਾ ਪ੍ਰਸਾਦ ਵੰਡਿਆ ਗਿਆ। ਅੰਤ ਵਿੱਚ ਪ੍ਰਿੰਸੀਪਲ ਨੇ ਗਣੇਸ਼ ਚਤੁਰਥੀ ਦੇ ਇਸ ਖੁਸ਼ੀ ਦੇ ਉਤਸਵ ਦੀਆਂ ਸਭ ਨੂੰ ਵਧਾਈਆਂ ਦਿੱਤੀਆਂ।

# ਭਾਰਤ ਸਰਕਾਰ ਕੈਨੇਡਾ ਦੇ ਨਾਗਰਿਕਾਂ ਨੂੰ ਵੀਜ਼ੇ ਬੰਦ ਕਰਨ ਦਾ ਫੈਸਲਾ ਵਾਪਸ ਲਵੇ : ਲੱਖੋਵਾਲ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ ਦੀ ਮਹੀਨੇਵਾਰ ਮੀਟਿੰਗ ਕੌਮੀ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਭਾਰਤ ਸਰਕਾਰ ਤੇ ਕੈਨੇਡਾ ਸਰਕਾਰ ਵਿੱਚ ਜੋ ਤਲਖੀ ਵਧ ਰਹੀ ਹੈ, ਉਸ ਦਾ ਨੁਕਸਾਨ ਪੰਜਾਬ ਦੇ ਲੋਕਾਂ ਨੂੰ ਹੋ ਰਿਹਾ ਹੈ। ਭਾਰਤ ਸਰਕਾਰ ਨੇ ਇੱਕ ਨਵੀਂ ਐਡਵਾਈਜ਼ਰੀ ਜਾਰੀ ਕਰ ਦਿੱਤੀ ਹੈ, ਜਿਸ ਅਨੁਸਾਰ ਹੁਣ ਕੋਈ ਵੀ ਕੈਨੇਡਾ ਦਾ ਸੀਟੀਜ਼ਨ ਭਾਰਤ ਵਿੱਚ ਅਗਲੇ ਹੁਕਮਾਂ ਤੱਕ ਆ ਨਹੀਂ ਸਕਦਾ, ਜਿਸ ਦੇ ਮਾੜੇ ਪ੍ਰਭਾਵ ਪੰਜਾਬ ਦੇ ਲੋਕਾਂ 'ਤੇ ਪੈਣਗੇ, ਜੋ ਕੈਨੇਡਾ ਦੇ ਸੀਟੀਜ਼ਨ ਹਨ, ਕਿਉਂਕਿ ਸਰਦੀਆਂ ਦੇ ਦਿਨਾਂ ਵਿੱਚ ਬਹੁਤ ਸਾਰੇ ਪ੍ਰਵਾਸੀ ਭਾਰਤੀ ਬਾਹਰੋਂ ਦੇਸ਼ ਤੇ ਪੰਜਾਬ ਵਿੱਚ ਆਉਂਦੇ ਹਨ ਤੇ ਕਈ ਲੋਕਾਂ ਨੇ ਵਿਆਹ ਸ਼ਾਦੀਆਂ ਦੇ ਪ੍ਰੋਗਰਾਮ ਵੀ ਇਨ੍ਹੀਂ ਦਿਨੀਂ ਰੱਖੇ ਹੋਏ ਹੁੰਦੇ ਹਨ ਤੇ ਕਈ ਪ੍ਰਵਾਸੀ ਪੰਜਾਬੀ ਪੰਜਾਬ ਵਿੱਚ ਵਪਾਰਕ ਮਸਲਿਆਂ ਲਈ ਵੀ ਆਉਂਦੇ ਹਨ ਤੇ ਕਈ ਖਰੀਦਦਾਰੀ ਲਈ ਵੀ ਇਹੀ ਸਮਾਂ ਚੁਣਦੇ ਹਨ, ਜਿਸ ਨਾਲ ਭਾਰਤ ਵਿਚ ਡਾਲਰ ਦੇ ਰੂਪ ਵਿੱਚ ਬਾਹਰੋਂ ਪੈਸਾ ਆਉਂਦਾ ਹੈ, ਜੋ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਂਦਾ ਹੈ। ਹਰ ਸਾਲ ਲੱਖਾਂ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਨ ਜਾਂਦਾ ਹੈ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਉਥੇ ਹੀ ਵਰਕ ਪਰਮਿਟ ਲੈ ਕੇ ਪੱਕਾ ਹੋਣ ਦੀ ਕੋਸ਼ਿਸ਼ ਕਰਦਾ ਹੈ, ਜੇਕਰ ਕੈਨੇਡਾ ਸਰਕਾਰ ਨੇ ਵੀ ਭਾਰਤ ਵਾਂਗੂ ਇਨ੍ਹਾਂ ਵਿਦਿਆਰਥੀਆਂ 'ਤੇ ਰੋਕ ਲਗਾ ਦਿੱਤੀ ਤਾਂ ਦੇਸ਼ ਵਿੱਚ ਬੇਰੋਜ਼ਗਾਰੀ ਤਾਂ ਵਧੇਗੀ ਹੀ, ਨਾਲ ਦੀ ਨਾਲ ਬੱਚਿਆਂ ਦਾ ਭਵਿੱਖ ਵੀ ਧੁੰਦਲਾ ਹੋ ਜਾਵੇਗਾ। ਸੋ ਅਸੀਂ ਦੋਨੇ ਸਰਕਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਮਿਲ ਬੈਠ ਕੇ ਕੂਟਨੀਤਕ ਗੱਲਬਾਤ ਰਾਹੀਂ ਇਹ ਮਸਲਾ ਹੱਲ ਕੀਤਾ ਜਾਵੇ। ਮੀਟਿੰਗ ਨੂੰ ਹਰਿੰਦਰ ਸਿੰਘ ਲੱਖੋਵਾਲ ਜਨਰਲ ਸਕੱਤਰ, ਅਵਤਾਰ ਸਿੰਘ ਮੇਹਲੋਂ ਮੀਤ ਪ੍ਰਧਾਨ ਪੰਜਾਬ ਤੇ ਹਰਮਿੰਦਰ ਸਿੰਘ ਖਹਿਰਾ, ਗੁਰਵਿੰਦਰ ਸਿੰਘ ਕੂੰਮ ਕਲਾਂ ਤੇ ਪ੍ਰਸ਼ੋਤਮ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ।

ਮੀਟਿੰਗ ਵਿੱਚ ਨਿਰਮਲ ਸਿੰਘ ਝੰਡੂਕੇ, ਜਸਵੰਤ ਸਿੰਘ ਬੀਜਾ, ਸੁਰਮੁੱਖ ਸਿੰਘ ਸਿੱਧੂ ਸੇਲਬਰਾਹ, ਸਿਮਰਨਜੀਤ ਸਿੰਘ ਘੁਦੂਵਾਲਾ, ਮਨਵੀਰ ਕੌਰ ਰਾਹੀ ਅਹੁਦੇਦਾਰ ਪੰਜਾਬ ਗੁਰਪ੍ਰੀਤ ਸਿੰਘ ਸਾਹਾਬਾਣਾ, ਮਨਜੀਤ ਸਿੰਘ ਢੀਂਡਸਾ, ਜੋਗਿੰਦਰ ਸਿੰਘ ਢਿੱਲੋਂ, ਦਰਸ਼ਨ ਸਿੰਘ ਜਟਾਣਾ, ਦਲਜੀਤ ਸਿੰਘ ਚਲਾਕੀ, ਜਸਵੀਰ ਸਿੰਘ ਪਟਿਆਲਾ, ਸੁਰਜੀਤ ਸਿੰਘ, ਦਿਲਬਾਗ ਸਿੰਘ, ਹਰਭਜਨ ਸਿੰਘ, ਭੁਪਿੰਦਰ ਸਿੰਘ, ਨਿਰਮਲ ਸਿੰਘ, ਸਰਬਜੀਤ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ ਬਠਿੰਡਾ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

25-Sep-PAGE-8.qxd 9/24/2023 8:59 PM Page 1



# ਨਸ਼ੇੜੀਆਂ ਤੋਂ ਅੱਕੇ ਹੋਏ ਲੋਕਾਂ ਪਿੰਡ 'ਚ ਪਹਿਰਾ ਲਾਉਣ ਦਾ ਕੀਤਾ ਫੈਸਲਾ

**ਸ਼ਾਹਕੋਟ (ਗਿਆਨ ਸੈਦਪੁਰੀ)**-ਮਾਲਵੇ ਦੇ ਕੁਝ ਪਿੰਡਾਂ ਦੇ ਲੋਕਾਂ ਵੱਲੋਂ ਨਸ਼ਿਆਂ ਦੇ ਵਿਰੁੱਧ ਵਿੱਢੀ ਮੁਹਿੰਮ ਦੀ ਤਰਜ਼ 'ਤੇ ਮਾਲਵੇ ਅਤੇ ਦੁਆਬੇ ਨੂੰ ਵੱਖ ਕਰਦੇ ਦਰਿਆ ਸਤਲੁਜ ਦੇ ਧੁੱਸੀ ਬੰਨ੍ਹ ਦੇ ਨਾਲ ਵੱਸਦੇ ਪਿੰਡ ਬਾਊਪੁਰ ਬੇਟ ਦੇ ਲੋਕਾਂ ਨੇ ਵੀ ਇੱਕ ਉਪਰਾਲਾ ਕੀਤਾ ਹੈ। ਦੱਸਣਯੋਗ ਹੈ ਕਿ ਜਲੰਧਰ ਜ਼ਿਲ੍ਹੇ ਦੀ ਸ਼ਾਹਕੋਟ ਸਬ-ਡਵੀਜ਼ਨ ਦਾ ਪਿੰਡ ਬਾਊਪੁਰ ਬੇਟ ਕਿਸੇ ਵੇਲੇ ਨਜਾਇਜ਼ ਸ਼ਰਾਬ ਦੀ ਵਿਕਰੀ ਲਈ ਮਸ਼ਹੂਰ ਰਿਹਾ ਹੈ। ਹੁਣ ਇੱਥੇ 'ਚਿੱਟੇ' ਅਤੇ ਹੋਰ ਸਿੰਥੈਟਿਕ ਨਸ਼ਿਆਂ ਦੀ ਮਾਰ ਨੇ ਕਈ ਨੌਜਵਾਨ ਸਮੇਂ ਤੋਂ ਪਹਿਲਾਂ ਜਹਾਨੋਂ ਤੋਰ ਦਿੱਤੇ ਹਨ। ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਗਿਆ ਹੈ। ਪਿੰਡ ਦੇ ਕੁਝ ਮੋਹਤਬਰ ਵਿਅਕਤੀਆਂ ਦੀ ਅਗਵਾਈ 'ਚ ਸਨਿੱਚਰਵਾਰ ਨੂੰ ਸੈਂਕੜੇ ਲੋਕ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਇਕੱਠੇ ਹੋਏ। ਨਸ਼ੇ ਦੇ ਵਧ ਰਹੇ ਰੁਝਾਨ ਦੇ ਮੱਦੇਨਜ਼ਰ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਕਾਮਰੇਡ ਹਰਜਨ ਸਿੰਘ, ਡਾ. ਬਿਚਰਜੀਤ ਸਿੰਘ, ਭਜਨ ਸਿੰਘ ਅਤੇ ਦਰਸ਼ਨ ਸਿੰਘ ਨੇ ਲੋਕਾਂ ਨੂੰ ਸੰਬੋਧਨ ਕੀਤਾ। ਉਹ ਮਤਾ ਵੀ ਪੜ੍ਹ ਕੇ ਸੁਣਾਇਆ ਗਿਆ ਜੋ ਪਿੰਡ ਦੀ ਗ੍ਰਾਮ ਸਭਾ ਨੇ ਪਾਸ ਕੀਤਾ ਹੈ। ਮਤੇ ਅਨੁਸਾਰ ਪਿੰਡ ਬਾਊਪੁਰ ਅਤੇ ਨੇੜੇ ਨੇੜੇ ਨਸ਼ਾ ਬਹੁਤ ਮਾਤਰਾ ਵਿੱਚ ਵਿਕ ਰਿਹਾ ਹੈ। ਪਿੰਡ ਵਿੱਚ ਨਸ਼ਾ ਲੈਣ ਲਈ ਹੋਰ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਇੱਥੇ ਆਉਂਦੇ ਹਨ। ਨਸ਼ੇੜੀਆਂ ਵੱਲੋਂ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਲੁੱਟਾਂ ਖੋਹਾਂ ਵੀ ਹੋ ਰਹੀਆਂ ਹਨ। ਇਸ ਨੂੰ ਰੋਕਣ ਲਈ ਪਿੰਡ ਦੇ ਆਲੇ ਦੁਆਲੇ ਦਿਨ ਰਾਤ ਪਹਿਰਾ ਲਾਇਆ ਜਾਵੇਗਾ ਤੇ ਹਰ ਸ਼ੱਕੀ ਵਿਅਕਤੀ ਦੀ ਤਲਾਸ਼ੀ ਲਈ ਜਾਵੇਗੀ। ਤਲਾਸ਼ੀ ਸਮੇਂ ਵੀਡੀਓਗ੍ਰਾਫੀ ਕੀਤੀ ਜਾਵੇਗੀ। ਪਹਿਰੇ ਦੌਰਾਨ ਜੇਕਰ ਕੋਈ ਵਿਅਕਤੀ ਪਹਿਰੇਦਾਰਾਂ ਨਾਲ ਬਦਸਲੂਕੀ ਕਰੇਗਾ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਨਸ਼ਾ ਤਸਕਰ ਦੀ ਕੋਈ ਜ਼ਮਾਨਤ ਕਰਵਾਏਗਾ ਤਾਂ ਉਸ ਦਾ ਪਿੰਡ ਵੱਲੋਂ ਬਾਈਕਾਟ ਕੀਤਾ ਜਾਵੇਗਾ। ਇਕੱਤਰ ਹੋਏ ਸੈਂਕੜੇ ਲੋਕ ਜਿਨ੍ਹਾਂ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ, ਪਿੰਡ ਦੇ ਹਰੇਕ ਘਰ ਗਏ। ਘਰ ਵਿੱਚ ਹਾਜ਼ਰ ਵਿਅਕਤੀਆਂ ਨੂੰ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ। ਘਰ-ਘਰ ਜਾਣ ਦੇ ਸਿਲਸਿਲੇ ਦੌਰਾਨ ਨਸ਼ੇ ਵਾਲੀਆਂ ਗੋਲੀਆਂ ਸਮੇਤ ਇੱਕ ਵਿਅਕਤੀ ਫੜ ਲਿਆ ਗਿਆ ਤੇ ਉਸ ਨੂੰ ਸ਼ਾਹਕੋਟ ਦੀ ਪੁਲਸ ਦੇ ਹਵਾਲੇ ਕੀਤਾ ਗਿਆ। ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਪੁਲਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠਾਏ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਵਿੱਚ ਤਿੰਨ ਵਿਅਕਤੀਆਂ ਨੇ ਚੋਰੀ ਕੀਤੀ ਸੀ। ਉਨ੍ਹਾਂ ਤਿੰਨਾਂ ਵਿੱਚੋਂ ਇੱਕ ਵਿਅਕਤੀ ਨੂੰ ਛੱਡ ਦਿੱਤਾ ਗਿਆ।



# ਨਿਊ ਡੈਮੋਕਰੇਸੀ ਵੱਲੋਂ ਵੀਜ਼ੇ ਮੁਅੱਤਲ ਦਾ ਹੁਕਮ ਵਾਪਸ ਕਰਨ ਦੀ ਮੰਗ

**ਜਲੰਧਰ (ਰਾਜੇਸ਼ ਥਾਪਾ)**-ਸੀ.ਪੀ.ਆਈ. (ਐਮ-ਐਲ) ਦੀ ਕੇਂਦਰੀ ਕਮੇਟੀ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾ ਕਮੇਟੀ ਪੰਜਾਬ ਨੇ ਕਿਹਾ ਕਿ ਕੇਂਦਰੀ ਸਰਕਾਰ ਨੇ ਭਾਰਤੀ ਪਿਛੋਕੜ ਵਾਲੇ ਕੈਨੇਡੀਅਨਾਂ ਸਮੇਤ ਕੈਨੇਡੀਅਨਾਂ ਨੂੰ ਸਮੂਹਿਕ ਵੀਜ਼ੇ ਦੇਣਾ ਬੰਦ ਕਰ ਦਿੱਤਾ ਹੈ। ਭਾਰਤੀ ਕੂਟਨੀਤਕ/ਸਫਾਰਤੀ ਸਟਾਫ ਨੂੰ ਧਮਕੀਆਂ ਦੇਣਾ ਇਸ ਦਾ ਇੱਕ ਕਾਰਨ ਦੱਸਿਆ ਗਿਆ ਹੈ। ਇਹ ਪਾਬੰਦੀ ਭਾਰਤੀ ਪਿਛੋਕੜ ਵਾਲੇ ਕੈਨੇਡੀਅਨਾਂ ਲਈ ਮੁਸ਼ਕਲਾਂ ਅਤੇ ਸਮੱਸਿਆਵਾਂ ਪੈਦਾ ਕਰੇਗੀ। ਕੈਨੇਡਾ 'ਚ 20 ਲੱਖ ਦੇ ਕਰੀਬ ਭਾਰਤੀ ਪਿਛੋਕੜ ਵਾਲੇ ਕੈਨੇਡੀਅਨ ਰਹਿੰਦੇ ਹਨ, ਜਿਨ੍ਹਾਂ 'ਚ ਵੱਡੀ ਗਿਣਤੀ ਪੰਜਾਬ 'ਤੋਂ ਹੈ। ਉਨ੍ਹਾਂ ਦੇ ਰਿਸ਼ਤੇਦਾਰ, ਸਾਕ-ਸਬੰਧੀ ਭਾਰਤ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਮਿਲਣ ਦੀ ਲੋੜ ਲਗਾਤਾਰ ਬਣੀ ਰਹਿੰਦੀ ਹੈ। ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਮਾਨਸਿਕ ਪੀੜਾ ਅਤੇ ਤੰਗੀ-ਪ੍ਰੇਸ਼ਾਨੀ ਅਸਾਨੀ ਨਾਲ ਸਮਝੀ ਜਾ ਸਕਦੀ ਹੈ। ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਪਾਬੰਦੀ ਲਾਉਣ ਦੀ ਨਿਖੇਧੀ ਕਰਦੀ ਹੈ ਅਤੇ ਇਸ ਨੂੰ ਫੌਰੀ ਤੌਰ 'ਤੇ ਵਾਪਸ ਲੈਣ ਦੀ ਮੰਗ ਕਰਦੀ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਇਹ ਹੁਕਮ ਕੈਨੇਡਾ ਸਰਕਾਰ ਵੱਲੋਂ ਖਾਲਿਸਤਾਨੀਆਂ ਖਿਲਾਫ ਸਪੱਸ਼ਟ ਤੌਰ 'ਤੇ ਢੁੱਕਵੀਂ ਕਾਰਵਾਈ ਨਾ ਕੀਤੇ ਜਾਣ ਨਾਲ ਜੋੜਦੀ ਹੈ। ਪ੍ਰੰਤੂ ਕੈਨੇਡਾ 'ਚ ਪੰਜਾਬੀ ਭਾਈਚਾਰੇ ਦੀ ਛੋਟੀ ਜਿਹੀ ਗਿਣਤੀ ਹੀ ਖਾਲਿਸਤਾਨੀਆਂ ਦੀਆਂ ਸਰਗਰਮੀਆਂ ਦੀ ਹਮਾਇਤ ਕਰਦੀ ਹੈ। ਇਸ ਲਈ ਸਾਰੇ ਭਾਰਤੀ ਪਿਛੋਕੜ ਵਾਲੇ ਕੈਨੇਡੀਅਨਾਂ ਖਿਲਾਫ ਕਾਰਵਾਈ ਕਰਨਾ ਗਲਤ ਹੈ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਮੰਗ ਕਰਦੀ ਹੈ ਕਿ ਬੇਤੁਕਿਆਂ ਸਿਆਸੀ ਲਾਭਾਂ ਲਈ ਅਜਿਹੀਆਂ ਭੈੜੀਆਂ ਸਾਜਿਸ਼ਾਂ ਨਹੀਂ ਰਚਣੀਆਂ ਚਾਹੀਦੀਆਂ। ਸਾਡੇ ਦੇਸ਼, ਖਾਸ ਤੌਰ 'ਤੇ ਪੰਜਾਬ 'ਚ ਜਮਹੂਰੀ ਲਹਿਰ ਉਭਰਦੀ ਦਿਖ ਰਹੀ ਹੈ। ਇਸ ਮਹੌਲ ਨੂੰ ਖਰਾਬ ਕਰਨ ਵਾਲੇ ਹਰ ਕਦਮ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

# ਪਰਾਲੀ ਨੂੰ ਅੱਗ ਨਾ ਲਗਾ ਕੇ ਸੁਚਾਰੂ ਪ੍ਰਬੰਧਨ ਲਈ ਸਹਿਯੋਗ ਕਰਨ ਕਿਸਾਨ : ਬੈਂਸ

**ਟਾਂਡਾ (ਓਂਕਾਰ ਸਿੰਘ, ਜਸਵਿੰਦਰ ਸੰਧੂ)**-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਐਸ.ਡੀ.ਐਮ ਦਸੂਹਾ ਅਤੇ ਟਾਂਡਾ ਪ੍ਰਦੀਪ ਸਿੰਘ ਬੈਂਸ ਵਲੋਂ ਬਲਾਕ ਦਸੂਹਾ ਤੇ ਟਾਂਡਾ ਦੇ ਪਿੰਡਾਂ 'ਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਲਈ ਵੱਖ-ਵੱਖ ਵਿਭਾਗਾਂ ਦੇ ਲਗਾਏ ਗਏ ਕਲੱਸਟਰ ਅਤੇ ਨੋਡਲ ਅਫ਼ਸਰਾਂ, ਕਿਸਾਨ ਯੂਨੀਅਨਾਂ ਦੇ ਪ੍ਰਤੀਨਿਧੀਆਂ ਦੇ ਨਾਲ-ਨਾਲ ਬੇਲਰ ਮਾਲਕਾਂ, ਪਰਾਲੀ ਐਗਰੀਗੇਟਰਜ਼ ਅਤੇ ਉਦਯੋਗਪਤੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਐਗਰੀਗੇਟਰਜ਼ ਅਮਰਿੰਦਰ ਗਿੱਲ, ਰਜੀਵ ਰਾਣਾ, ਹਰਕਿਰਤ ਸਿੰਘ, ਬੇਲਰ ਮਾਲਕ ਕੁਲਵੀਰ ਸਿੰਘ, ਮਲਦੀਪ ਸਿੰਘ, ਸੰਨ੍ਹੀ ਤੇ ਉਦਯੋਗਪਤੀ ਠਾਕੁਰ ਦਾਸ ਸ਼ਹਿਜ਼ਾਦਪੁਰ ਪੇਪਰ ਮਿੱਲ ਅਤੇ ਅਮਿਤ ਜੈਨ ਈਕੋ ਊਰਜਾ ਵੈਂਚਰਜ਼ ਲਿਮਟਿਡ ਨੇ ਹਿੱਸਾ ਲਿਆ। ਟਾਂਡਾ 'ਚ ਜਾਗਰੂਕਤਾ ਕੈਂਪ ਦੌਰਾਨ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਅਤੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ। ਮੀਟਿੰਗ 'ਚ ਐਸ.ਡੀ.ਐਮ ਵਲੋਂ ਉਦਯੋਗਪਤੀਆਂ ਨਾਲ ਪਰਾਲੀ ਦੀ ਵਰਤੋਂ ਦਾ ਟੀਚਾ ਪੁੱਛਦੇ ਹੋਏ ਵੱਖ-ਵੱਖ ਐਗਰੀਗੇਟਰਜ਼ ਤੇ ਬੇਲਰ ਮਾਲਕਾਂ ਨਾਲ ਉਨ੍ਹਾਂ ਦੇ ਬਲਾਕ ਟਾਂਡਾ ਅਤੇ ਦਸੂਹਾ ਦੇ ਪਿੰਡਾਂ ਵਿਚ ਪਰਾਲੀ ਇਕੱਤਰ ਕਰਨ ਦਾ ਟੀਚਾ ਅਤੇ ਉਸ ਟੀਚੇ ਨੂੰ ਪੂਰਾ ਕਰਨ ਲਈ ਬੇਲਰਾਂ ਦੀ ਗਿਣਤੀ ਬਾਰੇ ਜਾਣਕਾਰੀ ਹਾਸਲ ਕੀਤੀ। ਐਗਰੀਗੇਟਰਜ਼ ਅਤੇ ਬੇਲਰ ਮਾਲਕਾਂ ਵਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਨ੍ਹਾਂ ਨੂੰ ਖੇਤਾਂ ਤੋਂ ਪਰਾਲੀ ਚੁੱਕਣ ਲਈ 7-8 ਦਿਨ ਦਾ ਸਮਾਂ, ਖੇਤ ਤੱਕ ਪਹੁੰਚਾਉਣ ਲਈ 1-2 ਦਿਨ, ਪਰਾਲੀ 'ਤੇ ਕਟਰ ਚਲਾਉਣ ਲਈ 1 ਦਿਨ, ਪਰਾਲੀ ਸੁੱਕਣ ਲਈ 2 ਦਿਨ, ਗੱਠਾਂ ਬਣਾਉਣ ਲਈ 1 ਦਿਨ ਤੇ ਪਰਾਲੀ ਦੀਆਂ ਗੱਠਾਂ ਚੁੱਕਣ ਲਈ 2 ਦਿਨ ਚਾਹੀਦੇ ਹਨ। ਇਸ ਲਈ ਕਿਸਾਨ ਉਨ੍ਹਾਂ ਨੂੰ ਐਨੇ ਸਮੇਂ ਲਈ ਸਹਿਯੋਗ ਕਰਨ।



ਐਸ.ਡੀ.ਐਮ ਵਲੋਂ ਵੱਖ-ਵੱਖ ਵਿਭਾਗਾਂ ਦੇ ਕਲੱਸਟਰ ਅਤੇ ਨੋਡਲ ਅਫ਼ਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਅਧੀਨ ਆਉਂਦੇ ਪਿੰਡਾਂ ਵਿਚ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਸੁਚੱਜੇ ਪ੍ਰਬੰਧਨ ਕਰਨ ਲਈ ਖੇਤੀ ਅਤੇ ਕਿਸਾਨ ਭਲਾਈ ਵਿਭਾਗ ਦਾ ਸਹਿਯੋਗ ਕਰਨ। ਖੇਤੀ ਵਿਭਾਗ ਵਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਸੰਦੇਸ਼ ਦੇਣ ਲਈ ਚਲਾਈ ਜਾ ਰਹੀ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦਿਖਾਉਂਦੇ ਹੋਏ ਐਸ.ਡੀ.ਐਮ ਦਸੂਹਾ ਵਲੋਂ ਕਿਸਾਨ ਯੂਨੀਅਨਾਂ ਰਾਹੀਂ ਕਿਸਾਨਾਂ ਨੂੰ ਹਵਾ ਅਤੇ ਧਰਤੀ ਨੂੰ ਬਚਾਉਣ ਲਈ ਪੁਰਜ਼ੋਰ ਕੋਸ਼ਿਸ਼ ਕਰਦੇ ਹੋਏ ਕਿਸਾਨਾਂ ਵਲੋਂ ਸਬਸਿਡੀ 'ਤੇ ਦਿੱਤੀਆਂ ਮਸ਼ੀਨਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ, ਬੇਲਰਾਂ ਦਾ ਕੰਮ ਕਰਨ ਲਈ ਜ਼ਰੂਰੀ ਸਮਾਂ ਦਿੱਤਾ ਜਾਵੇ ਅਤੇ ਜਲਦਬਾਜ਼ੀ ਵਿਚ ਅੱਗ ਲਗਾਉਣ ਦਾ ਕਦਮ ਨਾ ਉਠਾਇਆ ਜਾਵੇ। ਇਸ ਦੌਰਾਨ ਖੇਤੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਣਕ ਦੀ ਅਕਤੂਬਰ ਦੇ ਆਖਰੀ ਹਫਤੇ ਵਿਚ ਬਿਜਾਈ ਕਰਨ ਦੀ ਬਜਾਏ ਨਵੰਬਰ ਦੇ ਪਹਿਲੇ ਜਾਂ ਦੂਜੇ ਹਫਤੇ ਵਿਚ ਬਿਜਾਈ ਕਰਨ ਦੀ ਅਪੀਲ ਕੀਤੀ ਗਈ।

# ਸੂਬੇ ਦੇ ਸ਼ਹਿਰਾਂ 'ਚ ਸਫਾਈ ਵਿਵਸਥਾ ਨੂੰ ਹੋਰ ਪੁਖਤਾ ਬਣਾਇਆ ਜਾਵੇਗਾ : ਬਲਕਾਰ

**ਜਲੰਧਰ ( ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅੱਜ ਸ਼ਹਿਰ 'ਚ ਚੱਲ ਰਹੇ ਸਫਾਈ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸੂਬੇ ਦੇ ਸ਼ਹਿਰਾਂ 'ਚ ਸਫਾਈ ਵਿਵਸਥਾ ਨੂੰ ਹੋਰ ਪੁਖਤਾ ਬਣਾਇਆ ਜਾਵੇਗਾ, ਜਿਸ ਦੇ ਲਈ ਪੰਜਾਬ ਸਰਕਾਰ ਵੱਲੋਂ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰਾਂ ਨੂੰ ਸਾਫ-ਸੁਥਰਾ ਅਤੇ ਪ੍ਰਦੂਸ਼ਣ ਮੁਕਤ ਬਣਾਉਣਾ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ ਹੈ, ਜਿਸ ਲਈ ਨਗਰ ਨਿਗਮਾਂ/ਕੌਂਸਲਾਂ ਨੂੰ ਮਸ਼ੀਨਰੀ ਆਦਿ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੂੜੇ ਦੇ ਢੇਰਾਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਕੂੜੇ ਦੀ ਪ੍ਰੋਸੈਸਿੰਗ ਲਈ ਹੋਰ ਪਲਾਂਟ ਲਗਾਏ ਜਾਣਗੇ ਤਾਂ ਜੋ ਸ਼ਹਿਰਾਂ ਨੂੰ ਕੂੜੇ ਦੇ ਢੇਰਾਂ ਤੋਂ ਮੁਕਤ ਕੀਤਾ ਜਾ ਸਕੇ। ਇਥੇ ਚੁਗਿੱਟੀ ਬਾਈਪਾਸ ਵਿਖੇ ਨਗਰ ਨਿਗਮ ਕਮਿਸ਼ਨਰ ਰਿਸ਼ੀਪਾਲ ਸਿੰਘ ਸਮੇਤ ਨਿਗਮ ਦੇ ਹੋਰਨਾਂ ਅਧਿਕਾਰੀਆਂ ਨਾਲ ਕੂੜੇ ਦੇ ਡੰਪ ਦੀ ਸਫਾਈ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਕੂੜੇ ਦੇ ਢੇਰਾਂ ਨੂੰ ਚੁੱਕਵਾਉਣ ਦਾ ਕੰਮ ਜੰਗੀ ਪੱਧਰ 'ਤੇ ਚਲਾਇਆ ਜਾਵੇ ਤਾਂ ਜੋ ਸ਼ਹਿਰ ਦੇ ਲੋਕਾਂ ਨੂੰ ਜਲਦ ਰਾਹਤ ਦਿਵਾਈ ਜਾ ਸਕੇ। ਇਸ ਤੋਂ ਪਹਿਲਾਂ ਨਗਰ ਨਿਗਮ ਦਫਤਰ ਵਿਖੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਸ਼ਹਿਰ ਅੰਦਰ ਸਫਾਈ ਵਿਵਸਥਾ, ਸੜਕਾਂ ਦੇ ਦੁਆਲੇ ਸਫਾਈ, ਪਾਰਕਾਂ ਦੀ ਸਫਾਈ, ਕੂੜੇ ਦੀ ਨਿਯਮਿਤ ਲਿਫਟਿੰਗ ਨੂੰ ਯਕੀਨੀ ਬਣਾਉਣ ਲਈ ਪੂਰੀ ਸਰਗਰਮੀ ਨਾਲ ਕੰਮ ਕਰਨ ਲਈ ਕਿਹਾ। ਸ਼ਹਿਰ 'ਚ ਨਗਰ ਨਿਗਮ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੇ ਬਾਰੇ ਜਾਣਕਾਰੀ ਹਾਸਲ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪਣੀ ਨਿਗਰਾਨੀ ਹੇਠ ਵਿਕਾਸ ਕਾਰਜਾਂ ਨੂੰ ਪੂਰੀ ਗੁਣਵੱਤਾ ਤਹਿਤ ਸਮੇਂ ਸਿਰ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਇਆ ਜਾਵੇ। ਸੜਕਾਂ ਦੀ ਹਾਲਤ ਸੁਧਾਰਨ ਲਈ ਜਲਦ ਕੰਮ ਸ਼ੁਰੂ ਕਰਨ ਦੀਆਂ ਹਦਾਇਤਾਂ ਦਿੰਦਿਆਂ ਮੰਤਰੀ ਨੇ ਕਿਹਾ ਕਿ ਇਸ ਵਾਰ ਬਰਸਾਤ ਕਾਰਨ ਸੜਕਾਂ ਦਾ ਜ਼ਿਆਦਾ ਨੁਕਸਾਨ ਹੋਇਆ ਹੈ, ਜਿਨ੍ਹਾਂ ਨੂੰ ਗੁਣਵੱਤਾ ਦਾ ਪੂਰਾ ਧਿਆਨ ਰੱਖਦੇ ਹੋਏ ਤੇਜ਼ੀ ਨਾਲ ਬਣਾ ਕੇ ਲੋਕਾਂ ਲਈ ਆਵਾਜਾਈ ਨੂੰ ਆਸਾਨ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਵਾਟਰ ਟ੍ਰੀਟਮੈਂਟ ਪਲਾਂਟ ਦੇ ਚੱਲ ਰਹੇ ਕੰਮ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਪ੍ਰਾਜੈਕਟ ਤਹਿਤ ਪਾਈਪਾਂ ਪਾਉਣ ਦੇ ਕੰਮ ਤੋਂ ਬਾਅਦ ਸੜਕ ਦੀ ਭਰਵਾਈ ਦਾ ਕੰਮ ਨਾਲੋ-ਨਾਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਆਉਣ-ਜਾਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਕੈਬਨਿਟ ਮੰਤਰੀ ਨੇ ਸ਼ਹਿਰਾਂ ਵਿੱਚ ਸਫਾਈ ਵਿਵਸਥਾ ਯਕੀਨੀ ਬਣਾਉਣ ਲਈ ਲੋਕਾਂ ਤੋਂ ਵੀ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਵਧੀਕ ਕਮਿਸ਼ਨਰ ਨਗਰ ਨਿਗਮ ਸ਼ਿਖਾ ਭਗਤ, ਜੁਆਇੰਟ ਕਮਿਸ਼ਨਰ ਨਗਰ ਨਿਗਮ ਪੁਨੀਤ ਸ਼ਰਮਾ ਅਤੇ ਨਗਰ ਨਿਗਮ ਜਲੰਧਰ ਦੇ ਹੋਰ ਅਧਿਕਾਰੀ ਮੌਜੂਦ ਸਨ।



# ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਕਲਸਟਰ ਪੱਧਰੀ ਖੇਡਾਂ (ਪ੍ਰਾਇਮਰੀ ਵਿੰਗ) ਸੈਂਟਰ ਸ.ਪ੍ਰਾ.ਸ.ਸ੍ਰੀ ਅਨੰਦਪੁਰ ਸਾਹਿਬ ਦੀਆਂ ਖੇਡਾਂ ਸ.ਆ.ਸੀਨੀ.ਸੈਕੰ. ਸਕੂਲ ਲੋਦੀਪੁਰ ਵਿਖੇ ਕਰਵਾਈਆਂ ਗਈਆਂ, ਜਿਸ ਵਿਚ ਸ.ਪ੍ਰਾ.ਸ. ਨਾਨੋਵਾਲ ਦੇ ਖਿਡਾਰੀਆਂ ਨੇ ਵਿਸ਼ੇਸ਼ ਸਥਾਨ ਹਾਸਲ ਕੀਤੇ। ਸਕੂਲ ਮੁਖੀ ਸੁਰਜੀਤ ਸਿੰਘ ਰਾਣਾ ਨੇ ਦੱਸਿਆ ਕਿ ਕਬੱਡੀ ਲੜਕੇ 'ਚ ਪਹਿਲਾ ਸਥਾਨ, ਕਬੱਡੀ ਲੜਕੀਆਂ 'ਚ ਦੂਜਾ ਸਥਾਨ, ਲੰਬੀ ਛਾਲ ਲੜਕੇ ਵਿਸ਼ਾਲ ਧੀਮਾਨ ਨੇ ਪਹਿਲਾ ਸਥਾਨ, 200 ਮੀਟਰ ਦੌੜ ਲੜਕੇ ਨਵਜੋਤ ਸਿੰਘ ਨੇ ਦੂਜਾ ਸਥਾਨ, ਕੁਸ਼ਤੀਆਂ ਲੜਕੇ 'ਚ 25 ਕਿਲੋਗ੍ਰਾਮ ਭਾਰ 'ਚ ਵਿਕਰਮਜੀਤ ਸਿੰਘ ਨੇ ਪਹਿਲਾ ਸਥਾਨ, 28 ਕਿਲੋਗ੍ਰਾਮ 'ਚ ਜਸਪ੍ਰੀਤ ਸਿੰਘ ਨੇ ਪਹਿਲਾ ਸਥਾਨ, 30 ਕਿਲੋਗ੍ਰਾਮ 'ਚ ਨਵਜੋਤ ਸਿੰਘ ਨੇ ਦੂਜਾ ਸਥਾਨ, ਰਿਲੇਅ ਦੌੜ 400 ਮੀਟਰ ਲੜਕੇ ਵਿੱਚ ਦੂਜਾ ਸਥਾਨ, ਸ਼ਤਰੰਜ (ਪੰਜ ਮੈਂਬਰੀ ਟੀਮ) ਪਹਿਲਾ ਸਥਾਨ, 100 ਮੀਟਰ ਦੌੜ ਲੜਕੀਆਂ 'ਚ ਵੰਸ਼ਿਕਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰ.ਅਵਤਾਰ ਸਿੰਘ, ਪਵਨ ਕੁਮਾਰ, ਰੋਹਿਮ ਸ਼ਰਮਾ, ਸ਼ਾਂਤੀ ਦੇਵੀ, ਸੁਨੀਤਾ, ਗੁਰਮੇਲ ਕੌਰ, ਗੁਰਮੁੱਖ ਸਿੰਘ, ਬੁੱਧ ਸਿੰਘ, ਕਮਲੇਸ਼ ਕੁਮਾਰੀ, ਰੇਖਾ ਰਾਣੀ, ਸਪਨਾ ਕੁਮਾਰੀ, ਰਾਜ ਕੌਰ ਤੇ ਸਟਾਫ ਮੈਂਬਰ ਹਾਜ਼ਰ ਸਨ।




## ਬੀਬੀ ਨਿੰਮੋ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀ



**ਮੇਹਲੀ ( ਗੁਰਨਾਮ)**-ਉੱਘੇ ਸਮਾਜ ਸੇਵਕ ਪ੍ਰਕਾਸ਼ ਰਾਮ ਵਾਸੀ ਪਿੰਡ ਚੱਕ ਮੰਡੇਰ ਦੀ ਪਤਨੀ ਨਿੰਮੋ ਜੋ ਕਿ ਪਿਛਲੇ ਦਿਨੀਂ ਸੰਖੇਪ ਬਿਮਾਰੀ ਉਪਰੰਤ ਅਕਾਲ ਚਲਾਣਾ ਕਰ ਗਏ ਸਨ, ਨਮਿਤ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਗ੍ਰੰਥੀ ਸਿੰਘ ਵਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਰਾਗੀ ਭਾਈ ਹਰਦੀਪ ਸਿੰਘ ਚੱਕ-ਮੰਡੇਰ ਵਾਲਿਆਂ ਦੇ ਕੀਰਤਨੀ ਜਥੇ ਵਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਵੱਖ-ਵੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸ਼ਖਸੀਅਤਾਂ ਵਲੋਂ ਬੀਬੀ ਨਿੰਮੋ ਨੂੰ ਸ਼ਰਧਾਂਜਲੀ ਦਿੱਤੀ ਗਈ, ਜਿਨ੍ਹਾਂ ਵਿੱਚ ਸਾਬਕਾ ਸਰਪੰਚ ਗੁਰਦਿਆਲ ਸਿੰਘ, ਜਗਦੀਸ਼ ਰਾਮ, ਚਮਨ ਲਾਲ, ਪ੍ਰਕਾਸ਼ ਰਾਮ, ਗੁਰਨਾਮ ਅਤੇ ਸੁਰਿੰਦਰ ਕੁਮਾਰ ਨੇ ਕਿਹਾ ਕਿ ਬੀਬੀ ਨਿੰਮੋ ਇੱਕ ਨੇਕ ਦਿਲ ਇਨਸਾਨ ਸਨ, ਜਿਨ੍ਹਾਂ ਦਾ ਵਿਛੋੜਾ ਪਰਵਾਰ ਲਈ ਨਾ ਭੁੱਲਣਯੋਗ ਹੈ। ਇਸ ਮੌਕੇ ਜਰਨੈਲ ਸਿੰਘ, ਹਰਮੇਸ਼ ਲਾਲ, ਗਿਆਨ ਚੰਦ, ਚੈਨ ਰਾਮ, ਸ਼ੀਤਲ ਸਿੰਘ, ਬਲਵਿੰਦਰ ਸਿੰਘ, ਮੁਖਤਿਆਰ, ਮਦਨ ਲਾਲ ਆਦਿ ਤੋਂ ਇਲਾਵਾ ਨਗਰ ਨਿਵਾਸੀ ਹਾਜ਼ਰ ਸਨ।

## ਮਹਿਲਾ ਬਿੱਲ ਸਰਕਾਰ ਦਾ ਇਤਿਹਾਸਕ ਫੈਸਲਾ : ਰਾਏ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਕੇਂਦਰ ਦੀ ਮੋਦੀ ਸਰਕਾਰ ਵਲੋਂ ਲਿਆਂਦਾ ਗਿਆ ਮਹਿਲਾ ਰਾਖਵਾਂਕਰਨ ਬਿੱਲ ਇੱਕ ਇਤਿਹਾਸਕ ਫੈਸਲਾ ਹੈ ਅਤੇ ਇਸ ਵਿਚ ਮਹਿਲਾ ਸਸ਼ਕਤੀਕਰਨ ਲਈ ਹੁਣ ਤੱਕ ਕੀਤੇ ਗਏ ਕਾਰਜਾਂ ਵਿਚੋਂ ਸਭ ਤੋਂ ਅਹਿਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕੇ ਤੋਂ ਭਾਜਪਾ ਦੀ ਸੀਨੀਅਰ ਆਗੂ ਬੀਬਾ ਅਮਨਪ੍ਰੀਤ ਕੌਰ ਰਾਏ ਨੇ ਕੀਤਾ । ਉਨ੍ਹਾਂ ਮਹਿਲਾ ਰਾਖਵਾਂਕਰਨ ਬਿੱਲ ਲਿਆਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਦੇਸ਼ ਲਈ ਇੱਕ ਇਤਿਹਾਸਕ ਪਲ ਹੈ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੁਆਰਾ ਬਹੁਤ ਮਹੱਤਵਪੂਰਨ ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਸੰਸਦ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਲੋਕ ਸਭਾ ਵਿਚ ਇਸ ਬਿੱਲ ਦਾ ਪਾਸ ਹੋਣਾ ਮਹਿਲਾਵਾਂ ਦੀ ਸਭ ਤੋਂ ਵੱਡੀ ਜਿੱਤ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਉੱਚ ਪੱਧਰ 'ਤੇ ਲਿੰਗ ਸਮਾਨਤਾ ਨੂੰ ਉਤਸ਼ਾਹਤ ਕਰਨ ਵੱਲ ਇਹ ਬਹੁਤ ਜ਼ਰੂਰੀ ਕਦਮ ਹੈ । ਉਨ੍ਹਾਂ ਅੱਗੇ ਕਿਹਾ "ਇਸ ਇਤਿਹਾਸਕ ਬਿੱਲ ਦੇ ਪਾਸ ਹੋਣ ਨਾਲ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਨਾਲ-ਨਾਲ ਲੋਕ ਸਭਾ ਦੀਆਂ 33 ਫ਼ੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਹੋ ਜਾਣਗੀਆਂ ।

## ਕੈਬਨਿਟ ਮੰਤਰੀ ਨੇ ਬਾਬਾ ਸੋਢਲ ਮੇਲੇ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



**ਜਲੰਧਰ, ( ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ 28 ਸਤੰਬਰ ਨੂੰ ਲੱਗਣ ਵਾਲੇ ਸ੍ਰੀ ਸਿੱਧ ਬਾਬਾ ਸੋਢਲ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਮੇਲੇ ਸਬੰਧੀ ਸਮੁੱਚੇ ਲੋੜੀਂਦੇ ਇੰਤਜ਼ਾਮ ਸਮੇਂ ਸਿਰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ। ਅੱਜ ਇਥੇ ਮੰਦਰ ਵਿਖੇ ਪਹੁੰਚ ਕੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਕਿਹਾ ਕਿ ਮੇਲੇ 'ਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਦੀ ਸੁਵਿਧਾ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਿਆ ਜਾਵੇ ਤਾਂ ਜੋ ਮੇਲੇ ਦੌਰਾਨ ਸ੍ਰੀ ਸਿੱਧ ਬਾਬਾ ਸੋਢਲ ਮੰਦਰ ਵਿਖੇ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂਆਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਨਗਰ ਨਿਗਮ ਜਲੰਧਰ ਦੇ ਅਧਿਕਾਰੀਆਂ ਨੂੰ ਕਿਹਾ ਕਿ ਮੇਲੇ ਦੌਰਾਨ ਮੰਦਰ ਦੇ ਆਲੇ-ਦੁਆਲੇ ਦੀ ਸਾਫ-ਸਫਾਈ ਯਕੀਨੀ ਬਣਾਉਣ ਲਈ ਲੋੜੀਂਦਾ ਸਟਾਫ ਤਾਇਨਾਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੂੜੇ ਲਈ ਬਾਕਾਇਦਾ ਡਸਟਬਿਨ ਰੱਖੇ ਜਾਣ ਅਤੇ ਕੂੜਾ ਚੁੱਕਣ ਲਈ ਕਰਮਚਾਰੀ ਤਾਇਨਾਤ ਕੀਤੇ ਜਾਣ। ਇਸ ਦੌਰਾਨ ਉਨ੍ਹਾਂ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਢੁੱਕਵੇਂ ਪ੍ਰਬੰਧ ਕਰਨ, ਆਰਜ਼ੀ ਪਖਾਨਿਆਂ ਦੀ ਸਥਾਪਨਾ, ਸਟ੍ਰੀਟ ਲਾਈਟਾਂ ਦੀ ਮੁਰੰਮਤ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਤੋਂ ਇਲਾਵਾ ਮੰਤਰੀ ਨੇ ਮੇਲੇ ਦੌਰਾਨ ਸੁਚਾਰੂ ਟ੍ਰੈਫਿਕ ਵਿਵਸਥਾ ਅਤੇ ਸੁਰੱਖਿਆ ਪ੍ਰਬੰਧ ਯਕੀਨੀ ਬਣਾਉਣ ਲਈ ਵੀ ਕਿਹਾ। ਇਸ ਦੌਰਾਨ ਕੈਬਨਿਟ ਮੰਤਰੀ ਨੇ ਸ੍ਰੀ ਸਿੱਧ ਬਾਬਾ ਸੋਢਲ ਮੰਦਿਰ ਵਿਖੇ ਮੱਥਾ ਵੀ ਟੇਕਿਆ।

# ਸਰਵਿਸ ਕਰਦੇ ਰਿਟਾਇਰਡ ਪਟਵਾਰੀ ਵਾਧੂ ਹਲਕਿਆਂ ਦਾ ਕੰਮ ਕਰਨਗੇ : ਢਿੱਲੋਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਦੀ ਰਿਟਾਇਰਡ ਰੈਵੀਨਿਊ ਕਾਂਨੂਗੋ ਪਟਵਾਰੀ ਵੈਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਢਿੱਲੋ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਜਨਰਲ ਸਕੱਤਰ ਜਸਵਿੰਦਰ ਸਿੰਘ ਰਾਗੀ ਹੁਸ਼ਿਆਰਪੁਰ, ਸੁਲੱਖਣ ਸਿੰਘ ਖਜਾਨਚੀ ਮੁਕੇਰੀਆਂ, ਕੇਵਲ ਸਿੰਘ ਤਹਸੀਲ ਪ੍ਰਧਾਨ ਗੜ੍ਹਸ਼ੰਕਰ, ਜੁਗਿੰਦਰ ਪਾਲ ਪ੍ਰਧਾਨ ਮੁਕੇਰੀਆਂ, ਰਾਮ ਸਰੂਪ ਤਹਿਸੀਲ ਪ੍ਰਧਾਨ ਹੁਸ਼ਿਆਰਪੁਰ, ਜਗਦੀਸ਼ ਸਿੰਘ ਪ੍ਰਧਾਨ ਦਸੂਹਾ ਤੇ ਹੋਰ ਰਿਟਾਇਰਡ ਪਟਵਾਰੀ ਹਾਜਰ ਸਨ। ਪ੍ਰਧਾਨ ਜਸਵਿੰਦਰ ਸਿੰਘ ਢਿੱਲੋਂ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਾਡੇ ਰਿਟਾਇਰਡ ਪਟਵਾਰੀ ਜੋ ਹੁਣ ਸੇਵਾ ਨਿਭਾਅ ਰਹੇ ਹਨ ਉਹ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਾਧੂ ਹਲਕਿਆਂ ਵਿੱਚ ਕੰਮ ਕਰਨ ਲਈ ਤਿਆਰ ਹਨ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਮਤਾ ਪਾਸ ਹੋਇਆ ਹੈ ਕਿ ਜੋ ਖਬਰ ਇਕ ਅਖਬਾਰ ਵਿੱਚ ਪਟਵਾਰ ਯੂਨੀਅਨ ਹੁਸ਼ਿਆਰਪੁਰ ਵੱਲੋਂ ਲਗਾਈ ਗਈ ਸੀ ਉਸ ਨਾਲ ਸਾਡੀ ਐਸੋਸੀਏਸ਼ਨ ਦਾ ਕੋਈ ਵੀ ਵਾਸਤਾ ਨਹੀਂ ਹੈ ਅਤੇ ਜੋ ਰਿਟਾਇਰ ਪਟਵਾਰੀ ਹੁਣ ਦੁਬਾਰਾ ਨੌਕਰੀ ਕਰਦੇ ਹਨ ਉਹ ਪਟਵਾਰੀ ਕਿਸੇ ਵੀ ਹੋਰ ਜੱਥੇਬੰਦੀ ਦੀ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਏ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਦੂਸਰਾ ਮਤਾ ਪਾਸ ਹੋਇਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜੋ ਵੀ ਖਾਲੀ ਪਟਵਾਰ ਸਰਕਲ ਹਨ ਰਿਟਾਇਰ ਪਟਵਾਰੀ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਾਧੂ ਹਲਕਿਆਂ ਵਿੱਚ ਆਪਣੀ ਯਥਾਸ਼ਕਤੀ ਅਨੁਸਾਰ ਕੰਮ ਕਰਨ ਨੂੰ ਤਿਆਰ ਹਨ। ਇਸ ਲਈ ਕਿਸੇ ਦੂਜੀ ਯੂਨੀਅਨ ਨਾਲ ਸਾਡੀ ਕੋਈ ਸਹਿਮਤੀ ਨਹੀਂ ਹੈ।

# ਸੜੋਆ 'ਚ ਦਿਵਿਆਂਗਜਨਾਂ ਲਈ ਅਸੈੱਸਮੈਂਟ ਕੈਂਪ ਲੱਗਿਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਮਾਜਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਦਿਵਿਆਂਗਜਨ ਸਸ਼ਕਤੀਕਰਨ ਤੇ ਸਮਾਜਕ ਨਿਆਂ ਅਧਿਕਾਰਤਾ ਵਿਭਾਗ ਵਲੋਂ ਅਡਿਪ ਯੋਜਨਾ ਤਹਿਤ ਦਿਵਿਆਂਗ ਵਿਅਕਤੀਆਂ ਨੂੰ ਨਕਲੀ ਅੰਗ ਅਤੇ ਸਹਾਇਤਾ ਸਮੱਗਰੀ ਪ੍ਰਦਾਨ ਕਰਨ ਹਿੱਤ ਅਸੈਸਮੈਂਟ ਕੈਂਪ ਅੱਜ ਸ਼ਿਵ ਮੰਦਰ ਸੜੋਆ ਵਿਖੇ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਜਸਬੀਰ ਕੌਰ ਬਲਾਕ ਵਿਕਾਸ ਪ੍ਰੋਜੈਕਟ ਅਫਸਰ ਸੜੋਆ ਵਲੋਂ ਕੀਤਾ ਗਿਆ। ਇਸ ਸਬੰਧੀ ਜਸਵੀਰ ਕੌਰ ਬਲਾਕ ਵਿਕਾਸ ਪ੍ਰੋਜੈਕਟ ਅਫਸਰ ਸੜੋਆ ਨੇ ਦੱਸਿਆ ਕਿ ਦਿਵਆਂਗਜਨਾਂ ਲਈ ਆਰਟੀਫਿਸ਼ੀਅਲ ਲਿਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ (ਅਲਿਮਕੋ) ਵਲੋਂ ਨਕਲੀ ਅੰਗ /ਸਹਾਇਤਾ ਪ੍ਰਦਾਨ ਕੀਤੀ ਜਾ ਰਹੇ ਹਨ। ਇਸ ਲਈ ਬਲਾਕ ਸੜੋਆ ਅਧੀਨ ਆਉਂਦੇ ਪਿੰਡਾਂ ਅਤੇ ਕਸਬਿਆਂ ਵਿੱਚ ਜਿੰਨੇ ਵੀ ਲੋੜਵੰਦ ਦਿਵਿਆਂਗ ਹਨ ਅਤੇ ਜਿਨ੍ਹਾਂ ਨੂੰ ਨਕਲੀ ਅੰਗਾਂ/ਸਹਾਇਤਾ ਦੀ ਲੋੜ ਹੈ, ਉਨ੍ਹਾਂ ਦੀ ਅਸੈਸਮੈਂਟ ਲਈ ਅੱਜ ਇਹ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਜਿੰਨੇ ਵੀ ਵਿਅਕਤੀਆਂ ਦੀ ਅਸੈਸਮੈਂਟ ਕੀਤੀ ਗਈ ਹੈ ਉਨ੍ਹਾਂ ਨੂੰ ਜੋ ਵੀ ਨਕਲੀ ਅੰਗ/ਸਹਾਇਤਾ ਦੀ ਲੋੜ ਹੈ ਉਹ ਅਲਿਮਕੋ ਵਲੋਂ ਜਲਦੀ ਹੀ ਕੈਂਪ ਲਗਾ ਕੇ ਦਿੱਤੀ ਜਾਵੇਗੀ। ਅੱਜ ਦੇ ਇਸ ਅਸੈਸਮੈਂਟ ਕੈਂਪ ਦੌਰਾਨ ਅਲਿਮਕੋ ਵਲੋਂ ਡਾ.ਪੁਨੀਤ ਸਰਦੂਬੇ, ਡਾ. ਰਮੇਸ਼ ਕੁਮਾਰ ਅਤੇ ਡਾ. ਰਾਹੁਲ ਸ਼ਰਮਾ ਵਲੋਂ ਦਿਵਿਆਂਗ ਵਿਅਕਤੀਆਂ ਦੀ ਨਕਲੀ ਅੰਗਾਂ/ ਸਹਾਇਤਾ ਦੀ ਜਾਂਚ ਕੀਤੀ ਗਈ। ਇਸ ਮੌਕੇ ਪ੍ਰਵੀਨ ਕੁਮਾਰ ਵਸ਼ਿਸ਼ਟ ਜੌਨੀ ਬਲਾਕ ਪ੍ਰਧਾਨ ਆਪ, ਡਾ. ਸ਼ਾਂਤੀ ਬੱਸੀ, ਗੁਰਚੈਨ ਰਾਮ, ਪਲਵਿੰਦਰ ਕੌਰ, ਬਿਮਲਾ ਰਾਣੀ, ਕਸ਼ਮੀਰ ਕੌਰ ਸਾਰੀਆਂ ਸੁਪਰਵਾਈਜਜ਼ਰ ਆਦਿ ਸਮੇਤ ਸਮੂਹ ਪਿੰਡ ਵਾਸੀ ਹਾਜ਼ਰ ਸਨ।




# ਏਕਮ ਪਬਲਿਕ ਸਕੂਲ ਦੀਆਂ ਬਾਕਸਿੰਗ ਖਿਡਾਰਨਾਂ ਨੇ ਸਟੇਟ ਲੈਵਲ ਟੂਰਨਾਮੈਂਟ 'ਚ ਕੀਤਾ ਆਪਣਾ ਸਥਾਨ ਪੱਕਾ



**ਮਹਿਤਪੁਰ (ਰਾਜਾ)**- ਏਕਮ ਪਬਲਿਕ ਸਕੂਲ ਮਹਿਤਪੁਰ ਦੀਆਂ ਬਾਕਸਿੰਗ ਦੀਆਂ ਖਿਡਾਰਨਾਂ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਗੋਲਡ ਮੈਡਲ ਹਾਸਲ ਕਰਕੇ ਸਟੇਟ ਲੈਵਲ ਟੂਰਨਾਮੈਂਟ ਵਿੱਚ ਆਪਣਾ ਸਥਾਨ ਪੱਕਾ ਕੀਤਾ। ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਵਲੋਂ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਸਕੂਲ ਦੀ ਵਿਦਿਆਰਥਣ ਮਲਵੀਰ ਕੌਰ ਨੇ ਅੰਡਰ 17 ਹੋਏ ਮੁਕਾਬਲੇ ਦੌਰਾਨ ਭਾਰ 60 ਕਿੱਲੋ ਕੈਟੇਗਰੀ ਵਿੱਚ ਗੋਲਡ ਮੈਡਲ ਹਾਸਲ ਕੀਤਾ। ਇਸੇ ਪ੍ਰਕਾਰ ਜੈਸਮੀਨ ਕੌਰ ਨੇ ਭਾਰ 40 ਕਿੱਲੋ ਕੈਟੇਗਰੀ ਵਿੱਚ ਗੋਲਡ ਮੈਡਲ ਅਤੇ ਅਰਸ਼ਦੀਪ ਕੌਰ ਨੇ ਭਾਰ 50 ਕਿੱਲੋ ਕੈਟੇਗਰੀ ਵਿੱਚ ਸਿਲਵਰ ਮੈਡਲ ਜਿੱਤ ਕੇ ਆਪਣੀ ਕਲਾ ਦਾ ਹੁਨਰ ਦਿਖਾਇਆ। ਇਸ ਮੌਕੇ ਸਕੂਲ ਡਾਇਰੈਕਟਰ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਅਤੇ ਸਕੂਲ ਮੈਨੇਜਮੈਂਟ ਤੋਂ ਦਲਜੀਤ ਸਿੰਘ ਨੇ ਜੇਤੂ ਖਿਡਾਰਨਾਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਸਟੇਟ ਪੱਧਰੀ ਟੂਰਨਾਮੈਂਟ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਦੇ ਨਾਲ ਹੀ ਮੁੱਖ ਕੋਚ ਪਰਮਿੰਦਰ ਸਿੰਘ, ਕੋਚ ਕੁਲਦੀਪ ਸਿੰਘ ਅਤੇ ਸੰਦੀਪ ਅਲੀ ਨੂੰ ਵਧਾਈ ਦੇ ਪਾਤਰ ਦੱਸਿਆ।

# ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਬ੍ਰਾਂਚ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ

**ਬਹਿਰਾਮ (ਅਵਤਾਰ ਕਲੇਰ)**- ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਬ੍ਰਾਂਚ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕਾਮਰੇਡ ਦਲਜੀਤ ਸਿੰਘ ਸੁੱਜੋਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਹੱਥੋਂ ਸ਼ਹੀਦ ਹੋਏ ਜਵਾਨਾਂ, ਭਗਤ ਰਾਮ ਰੱਕੜ, ਰਾਣਾ ਰਣਬੀਰ ਸਿੰਘ ਕਲਰਕ, ਮਰਾਕੋ, ਲੀਬੀਆ ਆਦਿ ਦੇਸ਼ ਵਿਦੇਸ਼ ਵਿੱਚ ਕੁਦਰਤੀ ਆਫਤਾਂ 'ਚ ਮਾਰੇ ਗਏ ਲੋਕਾਂ ਅਤੇ ਮੁਕਤਸਰ ਲਾਗੇ ਬੱਸ ਹਾਦਸੇ ਵਿੱਚ ਜਾਨਾਂ ਗੁਆ ਚੁੱਕੇ ਨਾਗਰਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਬਾਅਦ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਯੂਨੀਅਨ ਦੇ ਸੰਵਿਧਾਨ ਅਨੁਸਾਰ ਚੋਣ ਕਰਨ ਲਈ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ ਨੇ ਆਪਣੀ ਪਿਛਲੇ ਸਮੇਂ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਤੋਂ ਬਾਅਦ ਸਰਬਸੰਮਤੀ ਨਾਲ ਹਾਊਸ ਵਲੋਂ ਅਗਲੇ ਤਿੰਨ ਸਾਲਾਂ ਦੀ ਪਾਰੀ ਲਈ ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਨਵਾਂਸਹਿਰ ਲਈ ਜਨਰਲ ਸਕੱਤਰ ਦੇ ਅਹੁਦੇ ਲਈ ਕਾਮਰੇਡ ਮੁਕੰਦ ਲਾਲ, ਪ੍ਰਧਾਨ ਕਾਮਰੇਡ ਦਲਜੀਤ ਸਿੰਘ ਸੁੱਜੋਂ ਅਤੇ ਪ੍ਰੇਮ ਕੁਮਾਰ ਨੂੰ ਕੈਸ਼ੀਅਰ ਚੁਣ ਲਿਆ ਗਿਆ। ਇਸ ਤੋਂ ਅਗਲੇ ਪੜਾਅ 'ਚ 65 ,70 ਦੀ ਉਮਰ ਹੱਦ ਪਾਰ ਕਰ ਚੁੱਕੇ ਮੈਂਬਰਾਂ ਮੇਹਰ ਸਿੰਘ, ਜਸਵਿੰਦਰ ਸਿੰਘ ਭੰਗਲ, ਸੋਹਣ ਸਿੰਘ ਮਹਿਤਪੁਰ, ਮਹਿੰਦਰ ਸਿੰਘ ਡਰਾਈਵਰ ਫਗਵਾੜਾ, ਕਲਿਆਣ ਸਿੰਘ ਇੰਸਪੈਕਟਰ, ਸ਼ਾਮ ਲਾਲ ਯਾਰਡ, ਮਾਸਟਰ ਦਰਸ਼ਨ ਸਿੰਘ ਘਮੌਰ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਮਰੇਡ ਮੁਕੰਦ ਲਾਲ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਚਾਰ ਮੰਤਰੀਆਂ ਦੇ ਘਿਰਾਓ ਦਾ ਜੋ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਵਿੱਚ ਪੰਜਾਬ ਪੈਨਸ਼ਨਰ ਯੂਨੀਅਨ ਦੇ ਪੈਨਸ਼ਨਰ ਵੱਧ ਚੜ੍ਹ ਕੇ ਹਿੱਸਾ ਲੈਣਗੇ। ਉਨ੍ਹਾਂ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ 6ਵੇਂ ਤਨਖਾਹ ਕਮਿਸਨ ਦੇ ਫੈਸਲੇ ਅਨੁਸਾਰ 2.59 ਦਾ ਗੁਣਾਂਕ ਪੈਨਸ਼ਨਰਾਂ 'ਤੇ ਤੁਰੰਤ ਲਾਗੂ ਕੀਤਾ ਜਾਵੇ। ਜਿਸ ਸਬੰਧੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਆਪਣੇ ਹੁਕਮਾਂ ਰਾਹੀਂ ਪਟੀਸ਼ਨਰਾਂ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ ਗਿਆ ਹੈ। ਡੀ.ਏ. ਦੇ ਰਹਿੰਦੇ ਬਕਾਏ ਤੁਰੰਤ ਜਾਰੀ ਕੀਤੇ ਜਾਣ ਅਤੇ ਜੁਲਾਈ 2022 ਅਤੇ ਜਨਵਰੀ 2023 ਦੀਆਂ ਡੀ.ਏ. ਦੀਆਂ 8% ਕਿਸ਼ਤਾਂ ਤੁਰੰਤ ਜਾਰੀ ਕਰਕੇ ਕੇਂਦਰ ਦੇ ਮੁਲਾਜ਼ਮਾਂ ਦੇ ਡੀ.ਏ.ਦੇ ਬਰਾਬਰ ਕੀਤਾ ਜਾਵੇ। ਮੈਡੀਕਲ ਭੱਤਾ ਵਧਾ ਕੇ 2000 ਪ੍ਰਤੀ ਮਹੀਨਾ ਕੀਤਾ ਜਾਵੇ। ਜਨਵਰੀ 2016 ਤੋਂ ਜੂਨ 2021 ਤੱਕ 66 ਮਹੀਨੇ ਦਾ ਪੇ ਕਮਿਸ਼ਨ ਦਾ ਬਕਾਇਆ ਪੈਨਸ਼ਨਰਾਂ ਨੂੰ ਯਕਮੁਸ਼ਤ ਦਿੱਤਾ ਜਾਵੇ। ਬਹੁਤ ਸਾਰੇ ਪੈਨਸ਼ਨਰਾਂ ਨੂੰ ਟਰੈਵਲ ਰਾਹਤ (ਟੀ.ਸੀ.) ਦਾ ਲਾਭ ਹਾਲੇ ਤੱਕ ਨਹੀਂ ਮਿਲਿਆ, ਕੁਝ ਬੈਂਕਾਂ ਵੱਲੋਂ ਅਜੇ ਤੱਕ ਜੁਲਾਈ 2015 ਤੋਂ ਦਸੰਬਰ 2015 ਤੱਕ ਪੈਨਸ਼ਨਰਾਂ ਦਾ ਮਹਿੰਗਾਈ ਭੱਤੇ ਦਾ ਬਕਾਇਆ ਪੈਨਸਨਰਾਂ ਦੇ ਖਾਤਿਆਂ ਵਿੱਚ ਅਜੇ ਤੱਕ ਨਹੀਂ ਪਾਇਆ, ਪੈਨਸ਼ਨਰਾਂ ਦੇ ਖਾਤਿਆਂ ਵਿਚ ਤੁਰੰਤ ਪਾਇਆ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾਕਟਰ ਇੰਦਰਵੀਰ ਸਿੰਘ ਗਿੱਲ ਨੇ ਕਿਹਾ ਕਿ ਮਹਾਲੇਖਾਕਾਰ ਪੰਜਾਬ ਚੰਡੀਗੜ੍ਹ ਦੇ ਦਫਤਰ ਵਿਚ ਪਏ ਪੈਨਸ਼ਨਰਾਂ ਦੇ ਕੇਸਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ, ਮੈਡੀਕਲ ਰਿਬਰਸਮੈਂਟ ਦੇ ਕੇਸ ਦੋ ਤਿੰਨ ਸਾਲ ਤੋਂ ਰੁਲ ਰਹੇ ਹਨ ਉਨ੍ਹਾਂ ਲਈ ਬਜਟ ਜਾਰੀ ਕੀਤਾ ਜਾਵੇ ਅਤੇ ਬਜਟ ਲੈਪਸ ਹੋਏ ਕੇਸਾਂ ਦਾ ਬਜਟ ਜੋ ਰੀਵੈਲੀਡੇਟ ਹੋ ਗਿਆ ਹੈ ਉਹ ਤੁਰੰਤ ਪਾਸ ਕਰਕੇ ਪੈਨਸ਼ਨਰਾਂ ਨੂੰ ਪੇਮੈਂਟ ਕੀਤੀ ਜਾਵੇ। ਉਨ੍ਹਾਂ ਵੱਲੋਂ ਮੰਗ ਕੀਤੀ ਕਿ ਆਰਮੀ ਪੈਟਰਨ 'ਤੇ ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ। ਮੁਲਾਜ਼ਮਾਂ 'ਤੇ ਲਗਾਏ ਐਸਮਾ ਕਾਨੂੰਨ ਨੂੰ ਤੁਰੰਤ ਰੱਦ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੈਨਸਨਰਾਂ ਨੂੰ ਛੇਵੇਂ ਪੇ ਕਮਿਸ਼ਨ ਦੀਆਂ ਸਿਫਾਰਸਾਂ ਅਨੁਸਾਰ 2.59 ਦੇ ਫੈਕਟਰ ਅਨੁਸਾਰ ਦੇਣ ਦੇ ਫੈਸਲੇ ਨੂੰ ਜਰਨਲਾਇਜ਼ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਤਾਰ ਸਿੰਘ, ਗੁਰਮੇਲ ਚੰਦ, ਦਸੌਂਧਾ ਸਿੰਘ, ਸੁਰਿੰਦਰ ਕੁਮਾਰ ਗਰਚਾ,ਦੇਸ ਰਾਜ, ਗੁਰਪਾਲ ਸਿੰਘ, ਉਮਰਾਓ ਸਿੰਘ, ਸੁਰਜੀਤ ਸਿੰਘ ਮਾਣਕ ਦਰਸ਼ਨ ਰਾਮ ਨੰਗਲਾ , ਸੋਹਣ ਸਿੰਘ ਸੋਨਾ, ਕਸ਼ਮੀਰ ਸਿੰਘ, ਜੀਵਨ ਦਾਸ ਮਾਣਕ, ਅਜਮੇਰ ਸਿੰਘ, ਪ੍ਰੇਮ ਸਿੰਘ ਬਘੌਰਾਂ, ਸੋਹਣ ਸਿੰਘ ਮਾਣਕ ਆਦਿ ਹਾਜ਼ਰ ਸਨ।



# ਮੁਸਲਿਮ ਭਾਈਚਾਰੇ ਨੂੰ ਕਬਰਸਤਾਨ ਮੁਹੱਈਆ ਕਰਵਾਇਆ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**-ਪੰਜਾਬ 'ਚ ਵਕਫ ਬੋਰਡ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਮੁਸਲਿਮ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਜਮੀਨੀ ਪੱਧਰ 'ਤੇ ਹੱਲ ਕਰਨ ਲਈ ਕੰਮ ਕਰ ਰਿਹਾ ਹੈ। ਪਹਿਲੀ ਵਾਰ ਪੰਜਾਬ ਵਕਫ ਬੋਰਡ ਨੇ ਆਪਣੇ ਫੰਡਾਂ ਵਿੱਚੋਂ ਮੁਸਲਿਮ ਭਾਈਚਾਰੇ ਨੂੰ ਕਬਰਸਤਾਨ ਦੀ ਜਗ੍ਹਾ ਮੁਹੱਈਆ ਕਰਵਾਈ ਹੈ। ਸਰਕਲ ਰਾਜਪੁਰਾ ਅਤੇ ਮੋਹਾਲੀ ਦੇ ਅਸਟੇਟ ਅਫਸਰ ਅਮਿਤ ਵਾਲੀਆ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਮੋਹਾਲੀ ਦੀ ਤਹਿਸੀਲ ਖਰੜ ਦੇ ਪਿੰਡ ਬਜਹੇੜੀ ਵਿੱਚ ਨੈਸ਼ਨਲ ਹਾਈਵੇਅ 205 ਏ ਦੇ ਤਹਿਤ ਪੰਜਾਬ ਵਕਫ ਬੋਰਡ ਦੀ ਕਬਰਿਸਤਾਨ ਦੀ ਜਗ੍ਹਾ ਐਕਵਾਇਰ ਕੀਤੀ ਗਈ ਸੀ, ਜਿਸ ਕਾਰਨ ਪਿੰਡ ਦੇ ਮੁਸਲਿਮ ਭਾਈਚਾਰੇ ਲਈ ਕਬਰਿਸਤਾਨ ਦੀ ਕੋਈ ਥਾਂ ਨਹੀਂ ਬਚੀ ਸੀ। ਹਾਲ ਹੀ ਵਿੱਚ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਜਲੰਧਰ ਵਿੱਚ ਵਕਫ ਬੋਰਡ ਦੇ ਪ੍ਰਸ਼ਾਸਕ ਐਮ.ਐਫ ਫਾਰੂਕੀ ਆਈ.ਪੀ.ਐਸ., ਏ.ਡੀ.ਜੀ.ਪੀ. ਨੂੰ ਮਿਲ ਕੇ ਆਪਣੀ ਇਸ ਵੱਡੀ ਸਮੱਸਿਆ ਬਾਰੇ ਦੱਸਿਆ, ਜਿਸ 'ਤੇ ਏ.ਡੀ.ਜੀ.ਪੀ ਐਮ.ਐਫ.ਫਾਰੂਕੀ ਨੇ ਤੁਰੰਤ ਹਦਾਇਤਾਂ ਦਿੰਦਿਆਂ ਕਿਹਾ ਕਿ ਪੰਜਾਬ ਵਕਫ ਬੋਰਡ ਆਪਣੇ ਫੰਡਾਂ 'ਚੋਂ ਪਿੰਡ ਵਾਸੀਆਂ ਨੂੰ ਕਬਰਿਸਤਾਨ ਦੀ ਜਗ੍ਹਾ ਮੁਹੱਈਆ ਕਰਵਾਏਗਾ। ਇਸ ਦੇ ਲਈ ਪਿੰਡ ਵਿੱਚ ਹੀ ਜਗ੍ਹਾ ਦੀ ਭਾਲ ਕਰਨ ਤੋਂ ਬਾਅਦ ਮੁਸਲਿਮ ਭਾਈਚਾਰੇ ਨਾਲ ਤਾਲਮੇਲ ਬਣਾ ਕੇ, ਉਨ੍ਹਾਂ ਨੂੰ ਜਗ੍ਹਾ ਦਿਖਾਈ ਗਈ ਅਤੇ ਉਨ੍ਹਾਂ ਦੀ ਸਹਿਮਤੀ ਤੋਂ ਬਾਅਦ ਇੱਕ ਕਨਾਲ ਪੰਜ ਮਰਲੇ ਰਕਬੇ ਚ ਕਬਰਿਸਤਾਨ ਬਣਾਇਆ ਗਿਆ। ਇਸ ਜਗ੍ਹਾ ਲਈ ਪੰਜਾਬ ਵਕਫ ਬੋਰਡ ਵੱਲੋਂ 18 ਲੱਖ 81 ਹਜਾਰ 737 ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਹੁਣ ਕਬਰਿਸਤਾਨ ਮਿਲ ਗਿਆ ਹੈ, ਜਿਸ ਨਾਲ ਉਨ੍ਹਾਂ ਦੀ ਵੱਡੀ ਸਮੱਸਿਆ ਹੱਲ ਹੋ ਗਈ ਹੈ।

# ਸਕੂਲ ਨਿਰਮਾਣ 'ਚ ਰੁਕਾਵਟ ਪਾਉਣ ਵਾਲਿਆਂ ਦੇ ਮਨਸੂਬੇ ਪੂਰੇ ਨਹੀਂ ਹੋਣ ਦਿਆਂਗੇ : ਅਸ਼ੋਕ ਸੰਧੂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**-ਸਕੂਲ ਬਣਵਾਉਣ ਦਾ ਵਾਅਦਾ ਕਰਕੇ ਐਮ.ਐਲ.ਏ ਬਣੀ ਇੰਦਰਜੀਤ ਕੌਰ ਮਾਨ ਨੂੰ ਨਿਰਮਾਣ ਅਧੀਨ ਸਰਕਾਰੀ ਸਕੂਲ ਨੂੰ ਮੁਕੰਮਲ ਕਰਵਾਉਣ ਦੀ ਕੋਈ ਫਿਕਰ ਨਹੀਂ ਹੈ। ਜਦੋਂ ਕਦੇ ਯਾਦ ਆ ਜਾਂਦੀ ਹੈ ਤਾਂ ਉਨ੍ਹਾਂ ਵਲੋਂ ਇਲੈਕਟ੍ਰੋਨਿਕ / ਪ੍ਰਿੰਟ / ਸੋਸ਼ਲ ਮੀਡੀਆ ਨੂੰ ਨਾਲ ਲੈ ਕੇ ਸਕੂਲ ਬਣਵਾਉਣ ਦਾ ਵਾਅਦਾ ਕਰਕੇ ਫੋਕੀ ਟੋਹਰ ਬਣਾ ਲਈ ਜਾਂਦੀ ਹੈ ਅਤੇ ਇਲਾਕੇ ਦੇ ਲੋਕਾਂ ਦੀਆਂ ਅੱਖਾਂ ਵਿੱਚ ਧੂਲ ਝੋਂਕ ਦਿੱਤੀ ਜਾਂਦੀ ਹੈ।

ਇੰਦਰਜੀਤ ਕੌਰ ਮਾਨ ਵੱਲੋਂ 28 ਫਰਵਰੀ ਤੱਕ ਸਕੂਲ ਚਾਲੂ ਕਰਵਾਉਣ ਦਾ ਠੋਸ ਵਾਅਦਾ ਕੀਤਾ ਸੀ ਅਤੇ ਜੋ ਸਕੂਲ ਬਣਿਆ ਉਹ ਲੋਕਾਂ ਦੇ ਸਾਹਮਣੇ ਹੀ ਹੈ। ਇਨ੍ਹਾਂ ਰੋਸ ਭਰੀਆਂ ਗੱਲਾਂ ਦਾ ਪ੍ਰਗਟਾਵਾ ਨੰਬਰਦਾਰ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਵੱਲੋਂ ਲਗਾਏ ਧਰਨੇ 'ਚ ਸ਼ਾਮਲ ਹੁੰਦਿਆਂ ਕੀਤਾ। ਸਕੂਲ ਨੂੰ ਮੁਕੰਮਲ ਕਰਵਾਉਣ ਲਈ ਲਗਾਏ ਗਏ ਧਰਨੇ ਦਾ ਅੱਜ 13ਵਾਂ ਦਿਨ ਹੈ। ਪੰਜਾਬ ਸਰਕਾਰ ਦਾ ਕੋਈ ਮੰਤਰੀ ਕਿਸੇ ਤਰ੍ਹਾਂ ਦੀ ਕੋਈ ਸਾਰ ਲੈਣ ਨਹੀਂ ਪੁੱਜਿਆ। ਇਹ ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਦਾ ਨਿਵਾਸ ਅਸਥਾਨ ਧਰਨੇ ਵਾਲੀ ਜਗ੍ਹਾ ਤੋਂ ਲਗਭਗ 25 ਕਿਲੋਮੀਟਰ ਦੂਰ ਹੈ ਜਦਕਿ ਧਰਨੇ ਵਿੱਚ ਸ਼ਾਮਲ ਹੋਣ ਵਾਸਤੇ ਪੰਜਾਬ ਲੇਬਲ ਦੀਆਂ ਜਥੇਬੰਦੀਆਂ ਸ਼ਾਮਲ ਹੋ ਰਹੀਆਂ ਹਨ। ਬੜੇ ਅਫਸੋਸ ਦੀ ਗੱਲ ਹੈ ਕਿ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਅਕਸਰ ਨੂਰਮਹਿਲ ਦੇ ਇਰਦ ਗਿਰਦ ਰਹਿੰਦੇ ਹਨ ਪਰ ਨਾ ਹੀ ਉਹ ਸਕੂਲ ਦੇਖਣ ਆਏ ਨਾ ਹੀ ਧਰਨਾਕਾਰੀਆਂ ਨੂੰ। ਉਧਰ ਧਰਨੇ 'ਤੇ ਬੈਠੇ ਬਾਲ ਕ੍ਰਿਸ਼ਨ ਬਾਲੀ ਦੀ ਕਹਿਣਾ ਹੈ ਕਿ ਭਾਵੇਂ ਅੱਜ ਮੀਂਹ ਹਨੇਰੀ ਰੱਜ ਕੇ ਪਿਆ, ਭਾਵੇਂ ਕਿ ਉਨ੍ਹਾਂ ਦੇ ਵਸਤਰ ਭਿੱਜ ਗਏ ਪਰ ਉਹ ਲੋਕਾਂ ਦੇ ਅਸ਼ੀਰਵਾਦ ਸਦਕਾ ਧਰਨੇ 'ਤੇ ਬੈਠੇ ਹੀ ਰਹਿਣਗੇ ਅਤੇ ਸਕੂਲ ਮੁਕੰਮਲ ਨਾ ਹੋਣ ਵਾਲਿਆਂ ਦੇ ਮਨਸੂਬੇ ਪੂਰੇ ਨਹੀਂ ਹੋਣ ਦੇਣਗੇ। ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ ਨੇ ਕਿਹਾ ਕਿ ਜਿਵੇਂ ਸਕੂਲ ਦੇ ਚਾਰੇ ਪਾਸੇ ਜੰਗਲ ਬਣਿਆ ਹੋਇਆ ਹੈ ਉਨ੍ਹਾਂ ਨੂੰ ਡਰ ਹੈ ਕਿ ਕੋਈ ਵਿਸ਼ੈਲਾ ਜਾਨਵਰ ਧਰਨੇ 'ਤੇ ਬੈਠੇ ਪ੍ਰਦਰਸ਼ਨਕਾਰੀਆਂ ਦਾ ਕੋਈ ਜਾਨੀ ਨੁਕਸਾਨ ਨਾ ਕਰ ਦੇਵੇ।



# ਬੀ ਟੀ ਐੱਫ ਨੇ ਫਿਲਮ 'ਬੂਹੇ ਬਾਰੀਆਂ' ਦੇ ਡਾਇਰੈਕਟਰ ਤੇ ਅਦਾਕਾਰਾ 'ਤੇ ਕਾਨੂੰਨੀ ਕਾਰਵਾਈ ਲਈ ਕੀਤੀ ਸ਼ਿਕਾਇਤ

**ਹੁਸ਼ਿਆਰਪੁਰ (ਓ ਪੀ ਰਾਣਾ )**- ਪੰਜਾਬੀ ਫਿਲਮ ਬੂਹੇ ਬਾਰੀਆਂ ਦੇ ਡਾਇਰੈਕਟਰ ਉਦੈ ਪ੍ਰਤਾਪ ਸਿੰਘ, ਲੇਖਕ ਜਗਦੀਪ ਅਤੇ ਅਦਾਕਾਰਾ ਨੀਰੂ ਬਾਜਵਾ 'ਤੇ ਸਖਤ ਕਾਨੂੰਨੀ ਕਾਰਵਾਈ ਕਰਨ ਲਈ ਬੇਗਮਪੁਰਾ ਟਾਈਗਰ ਫੋਰਸ ਨੇ ਐਸ ਐਸ ਪੀ ਸਰਤਾਜ ਸਿੰਘ ਚਾਹਲ ਦਫਤਰ ਵਿੱਚ ਨਾ ਹੋਣ ਕਰਕੇ ਐਸ ਪੀ ਡੀ ਸਰਬਜੀਤ ਸਿੰਘ ਬਾਹੀਆ ਨੂੰ ਫੋਰਸ ਦੇ ਸੂਬਾ ਪ੍ਰਧਾਨ ਵੀਰਪਾਲ ਠਰੋਲੀ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਹਾਜ਼ਰੀ 'ਚ ਸ਼ਿਕਾਇਤ ਕੀਤੀ। ਆਗੂਆਂ ਦੱਸਿਆ ਕਿ ਕੁਝ ਦਿਨ ਪਹਿਲਾਂ ਰਿਲੀਜ਼ ਹੋਈ ਪੰਜਾਬੀ ਫਿਲਮ ਬੂਹੇ ਬਾਰੀਆਂ 'ਚ ਐਸ ਸੀ ਸਮਾਜ ਨਾਲ ਸਬੰਧਤ ਔਰਤਾਂ ਦਾ ਫਿਲਮ ਬੂਹੇ ਬਾਰੀਆਂ ਵਿੱਚ ਰੱਜ ਕੇ ਮਜ਼ਾਕ ਉਡਾਇਆ ਗਿਆ ਹੈ, ਜਿਹੜੀ ਕਿ ਬਹੁਤ ਹੀ ਸੰਵੇਦਨਸ਼ੀਲ ਅਤੇ ਮਾੜੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਭਾਰਤੀ ਕਾਨੂੰਨ, ਸੱਭਿਆਚਾਰ ਅਤੇ ਧਰਮ ਦੇ ਬਿਲਕੁੱਲ ਵਿਰੁੱਧ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਕਾਨੂੰਨ ਰਾਹੀਂ ਔਰਤਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਔਰਤਾਂ ਨੂੰ ਸਨਮਾਨ ਦੇਣ ਦੀ ਗੱਲ ਆਖੀ ਹੈ। ਪਰ ਪੰਜਾਬੀ ਫਿਲਮ ਬੂਹੇ ਬਾਰੀਆਂ 'ਚ ਐਸ ਸੀ ਸਮਾਜ ਦੀਆਂ ਔਰਤਾਂ ਦਾ ਅਪਮਾਨ ਕਰਕੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਇਸ ਫਿਲਮ 'ਚ ਸਰਪੰਚ ਦਾ ਰੋਲ ਨਿਭਾਅ ਰਹੇ ਵਿਅਕਤੀ ਨੇ ਔਰਤ ਨੂੰ ਪੈਰ ਦੀ ਜੁੱਤੀ ਕਹਿ ਕੇ ਜੱਗ ਜਣਨੀ ਔਰਤ ਨੂੰ ਬੇਇੱਜ਼ਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਖੌਤੀ ਉੱਚੀ ਜਾਤ ਦੇ ਮਰਦਾਂ ਦੁਆਰਾ ਬਲਾਤਕਾਰ ਦੀ ਸ਼ਿਕਾਰ ਹੋਈ ਐਸ ਸੀ ਸਮਾਜ ਨਾਲ ਸਬੰਧ ਰੱਖਣ ਵਾਲੀ ਕ੍ਰਾਂਤੀਕਾਰੀ ਔਰਤ ਫੂਲਨ ਦੇਵੀ ਬਾਰੇ ਵੀ ਇਸ ਫਿਲਮ 'ਚ ਅਪਮਾਨਜਨਕ ਸ਼ਬਦ ਬੋਲੇ ਗਏ ਹਨ, ਜਿਸ ਕਾਰਨ ਐਸ ਸਮਾਜ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੇਗਮਪੁਰਾ ਟਾਈਗਰ ਫੋਰਸ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬੀ ਫਿਲਮ ਬੂਹੇ ਬਾਰੀਆਂ ਦੇ ਡਾਇਰੈਕਟਰ ਉਦੈ ਪ੍ਰਤਾਪ ਸਿੰਘ, ਲੇਖਕ ਜਗਦੀਪ ਅਤੇ ਅਦਾਕਾਰਾ ਨੀਰੂ ਬਾਜਵਾ 'ਤੇ ਸਖਤ ਕਾਨੂੰਨੀ ਕਾਰਵਾਈ ਨਾ ਕੀਤੀ ਗਈ ਤਾਂ ਐਸ ਸੀ ਸਮਾਜ ਸਹਿਯੋਗੀ ਜਥੇਬੰਦੀਆਂ ਸਮੇਤ ਸੜਕਾਂ 'ਤੇ ਆ ਜਾਵੇਗਾ। ਉਨ੍ਹਾ ਕਿਹਾ ਕਿ ਇਸ ਫਿਲਮ ਦੇ ਲੇਖਕ ਡਾਇਰੈਕਟਰ ਪ੍ਰੋਡਿਊਸਰ ਤੇ ਅਦਾਕਾਰ ਦੇ ਨਾਲ ਨਾਲ ਸੈਂਸਰ ਬੋਰਡ ਵੀ ਪੂਰਾ ਕਸੂਰਬਾਰ ਹੈ । ਬੇਗਮਪੁਰਾ ਟਾਈਗਰ ਫੋਰਸ ਪੁਰਜ਼ੋਰ ਮੰਗ ਕਰਦੀ ਹੈ ਕਿ ਪੰਜਾਬੀ ਫਿਲਮ ਬੂਹੇ ਬਾਰੀਆਂ ਦੇ ਡਾਇਰੈਕਟਰ ਉਦੈ ਪ੍ਰਤਾਪ ਸਿੰਘ, ਲੇਖਕ ਜਗਦੀਪ ਅਤੇ ਅਦਾਕਾਰਾ ਨੀਰੂ ਬਾਜਵਾ 'ਤੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਕੁਮਾਰ ਸ਼ੇਰਗੜ੍ਹ ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ, ਰਾਜ ਕੁਮਾਰ ਬੱਧਣ ਪ੍ਰਧਾਨ ਬਲਾਕ 2, ਵਿੱਕੀ ਸਿੰਘ ਪੁਰਹੀਰਾਂ, ਨਾਨਕ ਚੰਦ, ਅਮਨਦੀਪ ਸਿੰਘ, ਰਵੀ ਸੁੰਦਰ ਨਗਰ, ਸਾਬੀ ਡੀ ਜੇ ਵਾਲਾ ਆਦਿ ਹਾਜ਼ਰ ।



25-Sep-PAGE-9.qxd 9/24/2023 8:58 PM Page 1



# ਪਰਾਲੀ ਦੇ ਯੋਗ ਪ੍ਰਬੰਧਨ ਸੰਬੰਧੀ ਕਿਸਾਨਾਂ ਨੂੰ ਕੀਤਾ ਜਾਗਰੂਕ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀਆਂ ਹਦਾਇਤਾਂ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਯਤਨਾ ਸਦਕਾ ਝੋਨੇ ਦੀ ਪਰਾਲੀ ਦੇ ਸਹੀ ਪ੍ਰਬੰਧਨ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪੰਚਾਇਤ ਸਕੱਤਰ ਅਜੇ ਕੁਮਾਰ ਨੇ ਦੱਸਿਆ ਕਿ ਕਿਸਾਨਾਂ ਨੂੰ ਕੈਂਪਾਂ ਰਾਹੀਂ ਤਕਨੀਕੀ ਸ਼ੈਸਨ ਦੌਰਾਨ ਪਰਾਲੀ ਦੇ ਯੋਗ ਪ੍ਰਬੰਧਨ ਦੇ ਵੱਖ-ਵੱਖ ਤਰੀਕਿਆਂ ਅਤੇ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਸਬੰਧੀ ਜਿਵੇਂ ਨਾਈਟਰੋਜਨ, ਫਾਸਫੋਰਸ, ਪੋਟਾਸ਼, ਸਲਫਰ ਆਦਿ ਤੱਤ ਪਰਾਲੀ ਦੇ ਨਾਲ ਖਤਮ ਹੋ ਜਾਣ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਜੇਕਰ ਪਰਾਲੀ ਨੂੰ ਜ਼ਮੀਨ ਵਿੱਚ ਮਿਲਾ ਦਿੱਤਾ ਜਾਵੇ ਤਾਂ ਇਨ੍ਹਾਂ ਤੱਤਾਂ ਰਾਹੀਂ ਅਗਲੀ ਫਸਲ ਵਿੱਚ ਘੱਟ ਮਾਤਰਾ ਵਿੱਚ ਖਾਦਾਂ ਪਾਉਣ ਦੀ ਲੋੜ ਪੈਂਦੀ ਹੈ। ਇਸ ਦੇ ਨਾਲ-ਨਾਲ ਆਉਣ ਵਾਲੀ ਕਣਕ ਦੀ ਫਸਲ ਵਿੱਚ ਪਾਣੀ ਦੀ ਵੀ ਬੱਚਤ ਕੀਤੀ ਜਾ ਸਕਦੀ ਹੈ। ਇਲਾਕੇ ਦੇ ਪਰਾਲੀ ਨੂੰ ਲੰਮੇ ਸਮੇਂ ਤੋਂ ਨਾਲ ਸਾੜਨ ਵਾਲੇ ਕਿਸਾਨਾਂ ਨੇ ਆਪਣੇ ਤਜਰਬੇ ਸਾਝੇ ਕਰਨ ਉਪਰੰਤ ਅਪੀਲ ਕਰਦਿਆਂ ਕਿਹਾ ਕਿ ਆਪਣੇ ਖੇਤਾਂ ਵਿੱਚ ਘੱਟ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਜਿਵੇ ਕਿ ਪੀ.ਆਰ. 126 ਅਤੇ ਬਾਸਮਤੀ ਆਦਿ ਦਾ ਖੇਤ ਵਿੱਚ ਹੈਪੀ ਸੀਡਰ, ਸੁਪਰ ਸੀਡਰ ਸਮਾਰਟ ਸੀਡਰ, ਮਲਚਰ ਜਾਂ ਸਰਫੇਸ ਸੀਡਰ ਵਰਤਕੇ ਪਰਾਲੀ ਦਾ ਸੁਚੱਜਾ ਹੱਲ ਕੀਤਾ ਜਾ ਸਕਦਾ ਹੈ ਅਤੇ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਲਈ ਬੇਲਰ ਦੀ ਵਰਤੋਂ ਕਰਕੇ ਪਰਾਲੀ ਨੂੰ ਖੇਤ ਵਿੱਚੋ ਬਾਹਰ ਕੱਢ ਕੇ ਜੀਰੋ ਡਰਿੱਲ ਨਾਲ ਵੀ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉਥੇ ਹੀ ਸਾਹ ਰੋਗ ਬਿਮਾਰੀਆਂ ਵਿੱਚ ਵੀ ਵਾਧਾ ਹੁੰਦਾ ਹੈ। ਇਸ ਦੇ ਨਾਲ ਹੀ ਇਹਨਾਂ ਕੈਂਪਾਂ ਵਿੱਚ ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਦੇ ਸਬੰਧ ਵਿੱਚ ਹਾਂ ਪੱਖੀ ਹੁੰਗਾਰਾ ਦਿੱਤਾ ਗਿਆ। ਇਸ ਮੌਕੇ ਕਿਸਾਨਾਂ ਨੂੰ ਸਵੱਛਤਾ ਹੀ ਸੇਵਾ ਮਿਸ਼ਨ ਤਹਿਤ ਖੇਤਾਂ ਦੀ ਰਹਿੰਦ ਖੂੰਹਦ ਨੂੰ ਸਹੀ ਤਰੀਕੇ ਨਾਲ ਨਿਪਟਾਉਣ ਅਤੇ ਘਰਾਂ ਤੇ ਘਰੇਲੂ ਬਗੀਚਿਆਂ ਦਾ ਆਲਾ ਦੁਆਲਾ ਸਵੱਛ ਰੱਖਣ, ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਅਤੇ ਘੱਟ ਕੀਟਨਾਸ਼ਕ ਦੀ ਵਰਤੋਂ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਇਹਨਾਂ ਕੈਂਪਾਂ ਦੌਰਾਨ ਸਰਪੰਚ ਸਰੋਜ ਰਾਣੀ, ਪਵਨ ਕੁਮਾਰ, ਮਹਿੰਦਰ ਸਿੰਘ, ਰਾਮ ਕੁਮਾਰ, ਸਤਨਾਮ ਸਿੰਘ, ਰਮੇਸ਼ ਚੰਦ, ਹਰੀ ਰਾਮ, ਦੌਲਤ ਰਾਮ, ਸਰਵਨ, ਤਾਰਾ ਚੰਦ, ਆਸ਼ਾ ਰਾਣੀ, ਨਿਰਮਲਾ ਦੇਵੀ ਅਤੇ ਪਿੰਡਾਂ ਦੇ ਅਗਾਂਹਵਧੂ ਕਿਸਾਨ ਮੌਜੂਦ ਸਨ।

# ਹਰਿਆਣਾ ਪੰਚਾਇਤਾਂ ਲਈ ਵਿਆਪਕ ਪੈਕਸ ਕਵਰੇਜ ਹਾਸਲ ਕਰ ਲਵੇਗਾ : ਮੁੱਖ ਸਕੱਤਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਕਿਹਾ ਹੈ ਕਿ ਹਰਿਆਣਾ ਇਕ ਪਖਵਾੜੇ ਦੇ ਅੰਦਰ ਪ੍ਰਾਥਮਿਕ ਖੇਤੀਬਾੜੀ ਸਹਿਕਾਰੀ ਸਮਿਤੀਆਂ (ਪੀਏਸੀਏਸ) ਰਾਹੀਂ ਸਾਰੀ ਪੰਚਾਇਤਾਂ ਦਾ ਵਿਆਪਕ ਕਵਰੇਜ ਹਾਸਲ ਕਰ ਲਵੇਗਾ। ਇਹ ਜਾਣਕਾਰੀ ਮੁੱਖ ਸਕੱਤਰ ਨੇ ਰਾਜ ਸਹਿਕਾਰਤਾ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰਨ ਦੇ ਬਾਅਦ ਦਿੱਤੀ। ਉਨ੍ਹਾਂ ਨੇ ਦਸਿਆ ਕਿ 99 ਫੀਸਦੀ ਪੰਚਾਇਤਾਂ ਪਹਿਲਾਂ ਹੀ ਪੈਕਸ ਰਾਹੀਂ ਕਵਰ ਹੋ ਚੁੱਕੀਆਂ ਹਨ ਅਤੇ ਸੂਬਾ ਸਹਿਕਾਰਤਾ ਵਿਭਾਗ ਨੂੰ ਇਥ ਪਖਵਾੜੇ ਦੇ ਅੰਦਰ ਬਾਕੀ 18 ਪਿੰਡਾਂ ਨੂੰ ਵੀ ਸ਼ਾਮਿਲ ਕਰਨ ਦੇ ਯਤਨਾਂ ਵਿਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ। 15 ਸਹਿਕਾਰੀ ਸਮਿਤੀਆਂ ਸਰਕਾਰੀ ਈ-ਮਾਰਕਿਟਪਲੇਸ (ਜੀਈਐਮ) ਪੋਰਟਲ ਵਿਚ ਖਰੀਦਾਰਾਂ ਵਜੋ ਸਫਲਤਾਪੂਰਵਕ ਸ਼ਾਮਿਲ ਹੋ ਗਈਆਂ ਹਨ। ਸਹਿਕਾਰਤਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ ਨੇ ਰਾਜ ਵਿਚ ਵੱਖ-ਵੱਖ ਸਹਿਕਾਰੀ ਪਹਿਲਾਂ ਦੀ ਪ੍ਰਗਤੀ ਦੇ ਬਾਰੇ ਵਿਚ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ ਇਹ ਵੀ ਦਸਿਆ ਗਿਆ ਕਿ ਹਿਸਾਰ ਜ਼ਿਲ੍ਹੇ ਵਿਚ ਮਾਢਾ ਪ੍ਰਾਥਮਿਕ ਖੇਤੀਬਾੜੀ ਸਹਿਕਾਰੀ ਸਮਿਤੀ (ਪੀਏਸੀਏਸ) ਨੂੰ ਵਿਸ਼ਵ ਦੀ ਸੱਭ ਤੋਂ ਵੱਡੀ ਅਨਾਜ ਭੰਡਾਰਨ ਯੋਜਨਾ ਦੇ ਹਿੱਸੇ ਵਜੋਂ ਪਹੁੰਚਾਉਣਾ ਹੈ।

# ਬਾਬੂ ਗੁਰਦੀਪ ਸ਼ਾਹ ਦਾ ਬਰਸੀ ਸਮਾਗਮ ਸ਼ਰਧਾ ਨਾਲ ਮਨਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਪਾਕ ਪਵਿੱਤਰ ਅਸਥਾਨ-ਸੂਫੀ ਦਰਗਾਹ ਅਸਤਾਨਾਂ ਔਲੀਆ ਹਜ਼ਰਤ ਸ਼ਾਹ ਬਾਬਾ ਮੁੱਲਾਹ ਬਦਰ ਸਾਹਿਬ ਪਿੰਡ ਹਰਦੋ ਸ਼ੇਖਾਂ ਨੇੜੇ ਨੂਰਮਹਿਲ (ਜਲੰਧਰ) ਵਿਖੇ ਦਰਬਾਰ ਦੇ ਸੱਚਖੰਡ ਵਾਸੀ ਬਾਬੂ ਗੁਰਦੀਪ ਸ਼ਾਹ ਜੀ ਦੀ ਚੌਥੀ ਬਰਸੀ 'ਤੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਦਰਬਾਰ ਗੱਦੀ ਨਸ਼ੀਨ ਮੁੱਖ ਸੇਵਾਦਾਰ ਨਿਹਾਲ ਸਿੰਘ ਮਾਹਲ ਦੀ ਰਹਿਨੁਮਾਈ ਹੇਠ ਅਤੇ ਸਿੱਧਮ ਦਵਾਖਾਨਾ ਤੇ ਜੋਤਿਸ਼ ਖੋਜ ਕੇਂਦਰ (ਰਜਿ:) ਪੰਜਾਬ ਦੇ ਸੰਚਾਲਕ ਤੇ ਪ੍ਰਬੰਧਕ ਡਾ. ਵਿਜੇ ਕੁਮਾਰ ਸਿੱਧਮ ਦੀ ਯੋਗ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਸਵੇਰੇ ਸੂਫੀ ਦਰਗਾਹਾਂ ਤੇ ਅਤਿ ਸੁੰਦਰ ਚਾਦਰਾਂ ਝੜਾਈਆਂ ਗਈਆਂ। ਨਵਾਜ-ਵੰਦਨਾ ਕਰ ਸ਼ੁਕਰਾਨਾ ਕੀਤਾ ਗਿਆ। ਉਪਰੰਤ ਪ੍ਰਸਿੱਧ ਸੰਮੀ ਅਲੀ ਕਵਾਲ ਪਾਰਟੀ ਤੇ ਸਿੱਧਮ ਸਿਸਟਰਜ਼ (ਨਿੱਧੀ-ਫਿਜ਼ਾ) ਨੇ ਆਪੋ ਆਪਣੇ ਕਵਾਲੀਆਂ ਤੇ ਧਾਰਮਿਕ ਗੀਤਾਂ ਰਾਹੀਂ ਸਾਂਈ ਗੁਰਦੀਪ ਸ਼ਾਹ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸੂਬੇਦਾਰ ਸਾਂਈ ਚਮਨ ਲਾਲ ਜੀ ਮਹਿਮੀ ਗੱਦੀ ਨਸ਼ੀਨ ਦਰਬਾਰ ਬਾਬਾ ਨੌਂਗੱਜਾ ਪੀਰ ਨੂਰਮਹਿਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਾਂਈ ਹਰਬੰਸ ਲਾਲ ਬੱਧਣ, ਗੀਤਕਾਰ ਰਾਮ ਲਾਲ ਪ੍ਰਦੇਸੀ, ਗਾਇਕ ਸੁੱਖਾ ਜੌਹਲ, ਮਨੋਹਰ ਸਿੰਘ ਰਾਣਾ, ਨਰਿੰਦਰਪਾਲ ਸਿੰਘ ਨਿੰਦੀ, ਦਵਿੰਦਰ ਸਿੰਘ ਲਾਂਬੜਾ, ਵਰਿੰਦਰ ਕੁਮਾਰ ਵਿੱਕੀ, ਸੁਭਾਸ਼ ਕੁਮਾਰ ਕਾਲਾ, ਸੋਹਣ ਸਿੰਘ ਸ਼ੇਖਾ, ਹਰਮੇਸ਼ ਲਾਲ, ਬਿੰਦਰ ਆਦਿ ਤੇ ਹੋਰ ਅਨੇਕਾਂ ਸ਼ਖ਼ਸੀਅਤਾਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਗਮ ਦੇ ਆਖਰ 'ਚ ਆਈਆਂ ਸ਼ਖ਼ਸੀਅਤਾਂ, ਸਹਿਯੋਗੀ ਸੱਜਣਾਂ ਨੂੰ ਸ਼ਾਲ (ਲੋਈ) ਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਪ੍ਰਸਿੱਧ ਮੰਚ ਸੰਚਾਲਨ ਤੇ ਗੀਤਕਾਰ ਬੀਰਬਲ ਨਾਹਰ ਵੱਲੋਂ ਅਦਾ ਕੀਤੀ ਗਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਪੰਕਜ ਰਾਣੀ, ਮਨਦੀਪ ਕੌਰ, ਸੁਖਦੇਵ ਕੌਰ ਬਾਸੀ, ਮਹਿੰਦਰ ਸਿੰਘ, ਲਖਵਿੰਦਰ ਕੁਮਾਰ, ਦੀਪਾ ਸ਼ੇਖਾਂ ਹਾਜ਼ਰ ਸਨ।

# ਸਰਕਾਰੀ ਕਾਲਜ ਟਾਂਡਾ ਵਿਖੇ ਸਿੰਗਲ ਯੂਜ਼ ਪਲਾਸਟਿਕ 'ਤੇ ਸੈਮੀਨਾਰ




**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਸਰਕਾਰੀ ਕਾਲਜ ਟਾਂਡਾ ਵਿਖੇ ਪ੍ਰਿੰਸੀਪਲ ਡਾ: ਸ਼ਸ਼ੀ ਬਾਲਾ ਦੀ ਯੋਗ ਅਗਵਾਈ ਹੇਠ 'ਸਿੰਗਲ ਯੂਜ਼ ਪਲਾਸਟਿਕ' 'ਤੇ ਸੈਮੀਨਾਰ ਐਨ. ਐੱਸ.ਐੱਸ ਯੂਨਿਟ ਦੇ ਇੰਚਾਰਜ ਪ੍ਰੋ: ਦਕਸ਼ ਸੋਹਲ ਅਤੇ ਪ੍ਰੋ: ਸ਼ੈਫਾਲੀ ਵਾਲੀਆ ਵਲੋਂ ਆਯੋਜਿਤ ਕੀਤਾ ਗਿਆ। ਏ ਪ੍ਰੋ:ਦਕਸ਼ ਸੋਹਲ ਨੇ ਪਲਾਸਟਿਕ ਦੀ ਵਰਤੋਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ।ਉਨ੍ਹਾਂ ਦੱਸਿਆ ਕਿ ਸਾਨੂੰ ਵਾਤਾਵਰਨ ਦੀ ਸੁਰੱਖਿਆ ਲਈ ਪਲਾਸਟਿਕ ਦੀ ਵਰਤੋਂ ਨੂੰ ਖਤਮ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ ਕਿਉਂਕਿ ਇਸ ਦੀ ਵਰਤੋਂ ਮਨੁੱਖੀ ਜੀਵਨ ਅਤੇ ਧਰਤੀ ਤੇ ਰਹਿ ਰਹੇ ਹੋਰ ਜੀਵ-ਜੰਤੂਆਂ ਲਈ ਵੀ ਹਾਨੀਕਾਰਕ ਹੈ ।ਸੈਮੀਨਾਰ ਵਿਚ ਵਾਈਸ ਪ੍ਰਿੰਸੀਪਲ ਪ੍ਰੋ: ਰਮਿੰਦਰਜੀਤ ਕੌਰ, ਸਮੂਹ ਸਟਾਫ ਮੈਂਬਰ ਤੋਂ ਇਲਾਵਾ ਵਿਦਿਆਰਥੀਆਂ ਸੰਦੀਪ ਕੌਰ, ਕੁਲਦੀਪ ਸਿੰਘ,ਹਿਮਾਂਸ਼ੀ,ਗੁਰਜੀਤ ਕੌਰ ਅਤੇ ਜਸ਼ਨ ਕੁਮਾਰ ਨੇ ਵੀ ਵਾਤਾਵਰਨ ਸੰਭਾਲ ਲਈ ਪਲਾਸਟਿਕ ਦੀ ਰੋਕਥਾਮ ਲਈ ਵਿਚਾਰ ਪੇਸ਼ ਕੀਤੇ ।

## ਮਿੱਠੜੇ ਦਾ ਨੌਜਵਾਨ ਵਿਦੇਸ਼ 'ਚ ਲਾਪਤਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਮਿੱਠੜੇ ਦਾ ਨੌਜਵਾਨ ਨਰੇਸ਼ ਕੁਮਾਰ ਸੁਨਹਿਰੀ ਭਵਿੱਖ ਲਈ ਵਿਦੇਸ਼ ਗਿਆ ਸੀ, ਜਿਸ ਦਾ ਪਿਛਲੇ 2 ਮਹੀਨਿਆਂ ਤੋਂ ਕੁਝ ਵੀ ਪਤਾ ਨਹੀਂ ਲੱਗ ਰਿਹਾ ਕਿ ਉਹ ਕਿੱਥੇ ਹੈ। ਨਰੇਸ਼ ਕੁਮਾਰ ਦੀ ਪਤਨੀ ਰਜਨੀ ਨੇ ਦੱਸਿਆ ਕਿ 2 ਮਹੀਨੇ ਪਹਿਲਾਂ ਉਸ ਨਾਲ ਗੱਲ ਕੀਤੀ ਸੀ, ਇਸ ਤੋਂ ਬਾਅਦ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਹੋਇਆ, ਉਨ੍ਹਾਂ ਪੰਜਾਬ ਸਰਕਾਰ ਸਰਕਾਰ ਤੋਂ ਮਦਦ ਦੀ ਅਪੀਲ ਕੀਤੀ ਹੈ। ਪਿੰਡ ਦੇ ਸਰਪੰਚ ਜੀਤ ਰਾਮ ਨੇ ਕਿਹਾ ਕਿ ਨਰੇਸ਼ ਕੁਮਾਰ ਦੀ ਪਤਨੀ ਰਜਨੀ ਤੇ ਪਰਵਾਰ ਦਾ ਰੋ-ਰੋ ਬੁਰਾ ਹਾਲ ਹੈ। ਸਾਊਦੀ ਅਰਬ ਦੀ ਕੰਪਨੀ ਨੇ ਨਰੇਸ਼ ਕੁਮਾਰ ਨੂੰ ਬੰਦੀ ਬਣਾ ਕੇ ਰੱਖਿਆ ਹੋਇਆ ਹੈ ਜਿਸ ਨਾਲ ਕੋਈ ਵੀ ਸੰਪਰਕ ਨਹੀਂ ਹੋ ਰਿਹਾ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਨਰੇਸ਼ ਕੁਮਾਰ ਬਾਰੇ ਪਤਾ ਲਗਾਇਆ ਜਾਵੇ ਅਤੇ ਉਸ ਨੂੰ ਵਾਪਸ ਆਪਣੇ ਘਰ ਆਉਣ ਲਈ ਮਦਦ ਕੀਤੀ ਜਾਵੇ।

## ਸਮਾਜ ਭਲਾਈ ਮੋਰਚੇ ਵੱਲੋਂ ਚੱਬੇਵਾਲ 'ਚ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਮਾਜ ਭਲਾਈ ਮੋਰਚਾ ਦੀ ਅਹਿਮ ਮੀਟਿੰਗ ਸਰਕਾਰੀ ਕਾਲਜ ਰੋਡ ਹੁਸ਼ਿਆਰਪੁਰ ਵਿਖੇ ਸਮਾਜ ਭਲਾਈ ਮੋਰਚਾ ਦੇ ਮੁੱਖ ਦਫਤਰ ਵਿਖੇ ਕੀਤੀ ਗਈ ਜਿਸ ਦੀ ਪ੍ਰਧਾਨਗੀ ਜਤਿੰਦਰ ਕੁਮਾਰ ਹੈਪੀ ਹਰਮੋਇਆ ਨੇ ਕੀਤੀ, ਨਾਲ ਹੀ ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਨੇ ਪਾਰਟੀ ਦੀਆਂ ਗਤੀਵਿਧੀਆਂ ਤੇਜ਼ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਹਰ ਇਕ ਵਿਧਾਨ ਸਭਾ ਵਿੱਚ ਹਲਕਾ ਯੂਨਿਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੀ ਸੋਚ 'ਤੇ ਪਹਿਰਾ ਦਿੱਤਾ ਜਾਵੇਗਾ। ਇਸ ਸਮੇਂ ਹਲਕਾ ਚੱਬੇਵਾਲ ਯੂਥ ਵਰਗ ਦੀ ਚੋਣ ਕੀਤੀ ਗਈ ਜਿਸ ਵਿੱਚ ਰਮਨਪ੍ਰੀਤ ਹਲਕਾ ਚੱਬੇਵਾਲ ਪ੍ਰਧਾਨ, ਗੋਪੀ ਜਨਰਲ ਸੈਕਟਰੀ, ਅਸ਼ੀਸ਼ ਵੈਦ ਉਪ ਪ੍ਰਧਾਨ (ਵਾਈਸ), ਰੋਹਿਤ ਸੈਕਟਰੀ, ਸਤਵੀਰ ਸੈਕਟਰੀ, ਹਰਸ਼ ਸੈਕਟਰੀ ਨਿਯੁਕਤ ਕੀਤੇ ਗਏ।

## ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ : ਖਹਿਰਾ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਮੈਂਬਰਾਂ ਦੀ ਮੀਟਿੰਗ ਵਿੱਚ ਬਲਾਕ ਪ੍ਰਧਾਨ ਕਰਨੈਲ ਸਿੰਘ ਰਸੀਦਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿੱਤ ਸਕੱਤਰ ਨਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਯੂਨੀਅਨ ਦੇ ਜਨਰਲ ਸਕੱਤਰ ਮਲਕੀਤ ਸਿੰਘ ਖਹਿਰਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਚਰਚਾ ਕਰਨ ਤੋਂ ਬਾਅਦ ਕੁੱਝ ਮਤੇ ਪਾਸ ਕੀਤੇ । ਉਨ੍ਹਾਂ ਦੱਸਿਆ ਕਿ ਕਿਸਾਨਾਂ ਨੇ ਮਤੇ ਪਾਸ ਕਰਕੇ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਗਿਰਦਾਵਰੀ ਕਰਵਾ ਕੇ ਬਣਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ । ਇਸ ਤੋਂ ਇਲਾਵਾ ਝੋਨੇ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਮੰਡੀਆਂ ਵਿੱਚ ਬਾਰਦਾਨੇ ਦੇ ਅਗਾਊਂ ਪ੍ਰਬੰਧ ਕੀਤੇ ਜਾਣ ਤਾਂ ਜੋ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਪ੍ਰੇਸ਼ਾਨ ਨਾ ਹੋਣਾ ਪਵੇ । ਇਸ ਮੌਕੇ ਅਮਰਜੀਤ ਸਿੰਘ, ਜਸਬੀਰ ਸਿੰਘ, ਜਸਵਿੰਦਰ ਸਿੰਘ, ਅਜੈਬ ਸਿੰਘ, ਜਗੀਰ ਸਿੰਘ, ਕੁਲਵੰਤ ਸਿੰਘ ਅਤੇ ਧਰਮ ਸਿੰਘ ਆਦਿ ਹਾਜ਼ਰ ਸਨ।

## ਬੱਚਿਆਂ ਲਈ ਪੁਸਤਕ ਪ੍ਰਦਰਸ਼ਨੀ ਲਗਾਈ




**ਖਰੜ (ਹਰਨਾਮ ਸਿੰਘ ਡੱਲਾ)** ਸਾਹਿਤ ਸਭਾ ਰਜਿ. ਬਹਿਰਾਮਪੁਰ ਬੇਟ ਵੱਲੋਂ ਬੱਚਿਆਂ ਅੰਦਰ ਸਕੂਲੀ ਸਲੇਬਸ ਤੋਂ ਇਲਾਵਾ ਸਾਹਿਤਕ ਪੁਸਤਕਾਂ ਪੜ੍ਹਨ ਦੀ ਰੁੱਚੀ ਪੈਦਾ ਕਰਨ ਦੇ ਮਨੋਰਥ ਨੂੰ ਲੈ ਕੇ ਸ਼੍ਰੀ ਗੁਰੂ ਰਾਮ ਰਾਇ ਪਬਲਿਕ ਸਕੂਲ ਬਹਿਰਾਮ ਪੁਰ ਬੇਟ ਵਿਚ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੀ ਪਸੰਦੀਦਾ ਲੇਖਕਾਂ ਦੀਆਂ 150 ਪੁਸਤਕਾਂ ਪੜ੍ਹਨ ਵਿਚ ਰੁੱਚੀ ਵਿਖਾਈ। ਸਕੂਲ ਦੇ ਪ੍ਰਿੰਸੀਪਲ ਜਗਮੋਹਣ ਸਿੰਘ ਬੇਲਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਕੂਲੀ ਗਿਆਨ ਦੇਣ ਦੇ ਨਾਲ ਨਾਲ ਸਾਹਿਤਕ ਗਿਆਨ ਦੇਣਾ ਸਮੇਂ ਦੀ ਮੁੱਖ ਮੰਗ ਹੈ। ਇਸ ਨਾਲ ਉਨ੍ਹਾਂ ਅੰਦਰ ਪੁਸਤਕਾਂ ਪੜ੍ਹਨ ਦੀ ਰੁੱਚੀ ਪੈਦਾ ਹੋਵੇਗੀ ਅਤੇ ਉਹ ਸਾਹਿਤਕ ਸਮਾਗਮਾਂ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਣ ਦੇ ਸਮੱਰਥ ਹੋ ਸਕਣਗੇ। ਪੁਸਤਕ ਪ੍ਰਦਰਸ਼ਨੀ ਵਿਚ ਸਕੂਲ ਸਟਾਫ ਦੇ ਯਾਕੂਬ ਅਲੀ ਤੋਂ ਇਲਾਵਾ ਮੈਡਮ ਅਮਨਦੀਪ ਕੌਰ, ਮੈਡਮ ਪਰਮਜੀਤ ਕੌਰ, ਮੈਡਮ ਰਣਜੀਤ ਕੌਰ ਅਤੇ ਮੈਡਮ ਵਸ਼ਿਸ਼ਟ ਨੇ ਸਾਹਿਤ ਸਭਾ ਦੇ ਇਸ ਉਪਰਾਲੇ ਲਈ ਸਹਿਯੋਗ ਕੀਤਾ।

# ਆਸਟ੍ਰੇਲੀਅਨ ਕੌਂਸਲ ਫ਼ਾਰ ਐਜੂਕੇਸ਼ਨ ਰਿਸਰਚ ਵੱਲੋਂ ਦੋ ਰੋਜ਼ਾ ਕਾਰਜਸ਼ਾਲਾ



**ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁੱਖ ਦਫ਼ਤਰ ਵਿੱਚ ਆਸਟ੍ਰੇਲੀਅਨ ਕੌਂਸਲ ਫ਼ਾਰ ਐਜੂਕਸ਼ਨ ਰਿਸਰਚ (ਏ.ਸੀ.ਈ.ਆਰ.) ਦੇ ਸੀ.ਈ.ਓ ਸਮੇਤ ਚਾਰ ਮਾਹਿਰਾਂ ਨੇ ਬੋਰਡ ਦੇ ਆਦਰਸ਼ ਸਕੂਲਾਂ ਦੇ ਪ੍ਰਿੰਸੀਪਲਾਂ, ਲੈਕਚਰਾਰਾਂ ਅਤੇ ਵਿਸ਼ਾ ਮਾਹਿਰਾਂ ਨੂੰ ਯੋਗਤਾ ਆਧਾਰਤ ਸਿੱਖਿਆ ਪ੍ਰਦਾਨ ਕੀਤੇ ਜਾਣ ਸਬੰਧੀ 2 ਰੋਜ਼ਾ ਕਾਰਜਸ਼ਾਲਾ ਦੇ ਪਹਿਲੇ ਦਿਨ ਆਪਣੇ ਕੌਮਾਂਤਰੀ ਪੱਧਰ ਦੇ ਤਜ਼ਰਬੇ ਵਿੱਚੋਂ ਕਈ ਨਵੇਂ ਗੁਰ ਸਿਖਾਏ। ਕਾਰਜਸ਼ਾਲਾ ਦਾ ਉਦਘਾਟਨ ਬੋਰਡ ਦੇ ਚੇਅਰਪਰਸਨ ਡਾ.ਸਤਬੀਰ ਬੇਦੀ ਆਈ.ਏ.ਐੱਸ (ਰਿਟਾ:) ਨੇ ਕੀਤਾ ਅਤੇ ਏ.ਸੀ.ਈ.ਆਰ. ਦੇ ਸੀ.ਈ.ਓ ਸ੍ਰੀ ਅਮਿਤ ਕੌਸ਼ਿਕ, ਖੋਜ ਨਿਰਦੇਸ਼ਕ ਡਾ ਪ੍ਰਿਅੰਕਾ ਸ਼ਰਮਾ, ਸੀਨੀਅਰ ਰਿਸਰਚ ਫ਼ੈਲੋ ਨੀਲਮ ਕੁਮਾਰ ਯਾਦਵ ਤੇ ਰਿਸਰਚ ਫੈਲੋ ਅਸ਼ਟਮੂਰਤੀ ਕਿਲੀਮੰਗਲਮ ਦਾ ਸਵਾਗਤ ਕੀਤਾ। ਸੀ.ਈ.ਓ ਕੌਸ਼ਿਕ ਨੇ ਦੱਸਿਆ ਕਿ ਲਗਪਗ ਇੱਕ ਸਦੀ ਪੁਰਾਣੀ ਇਹ ਸੰਸਥਾ ਏ.ਸੀ.ਈ.ਆਰ, ਕੌਮਾਂਤਰੀ ਪੱਧਰ 'ਤੇ ਸਿੱਖਿਆ ਸੰਸਥਾਵਾਂ ਵਿੱਚ ਸਿੱਖਿਆ ਨਾਲ ਸਬੰਧਤ ਯੋਜਨਾਵਾਂ ਲਾਗੂ ਕਰਨ ਤੇ ਸਹੀ ਮੁਲਾਂਕਣ ਦੇ ਢੰਗ-ਤਰੀਕਿਆਂ ਸਬੰਧੀ ਤਕਨੀਕੀ ਸਹਿਯੋਗ ਪ੍ਰਦਾਨ ਕਰਦੀ ਹੈ। ਉਨ੍ਹਾਂ ਸਾਰਕ ਦੇ ਦੇਸ਼ਾਂ ਵਿੱਚ ਕੀਤੇ ਕਾਰਜਾਂ ਦਾ ਹਵਾਲਾ ਦਿੰਦਿਆਂ ਇਸ ਗੱਲ 'ਤੇ ਖ਼ੁਸ਼ੀ ਪ੍ਰਗਟਾਈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਕਾਰਜ ਕਰਨ ਦਾ ਉਨ੍ਹਾਂ ਨੂੰ ਇੱਕ ਨਿਵੇਕਲਾ ਮੌਕਾ ਮਿਲਿਆ ਹੈ। ਕਾਰਜਸ਼ਾਲਾ ਦੇ ਪ੍ਰਥਮ ਸੈਸ਼ਨ ਵਿੱਚ ਖੋਜ ਨਿਰਦੇਸ਼ਕ ਡਾ. ਪ੍ਰਿਅੰਕਾ ਸ਼ਰਮਾ ਨੇ ਕਿਹਾ ਕਿ ਯੋਗਤਾ ਅਧਾਰਤ ਸਿੱਖਿਆ ਅਜਿਹਾ ਲਾਹੇਵੰਦ ਢੰਗ ਹੈ ਜਿਸ ਦੇ ਸਿੱਟੇ ਵਜੋਂ ਆਸਟ੍ਰੇਲੀਆ ਵਿੱਚ ਕੋਵਿਡ 19 ਦੇ ਦੌਰਾਨ ਵੀ ਵਿਦਿਆਰਥੀਆਂ ਨੂੰ ਸਿੱਖਿਆ ਖੇਤਰ ਵਿੱਚ ਕੋਈ ਨੁਕਸਾਨ ਨਹੀਂ ਸੀ ਹੋਇਆ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਲਾਗੂ ਹੋ ਰਹੀ ਨਵੀਂ ਸਿੱਖਿਆ ਨੀਤੀ ਵਿੱਚ ਇਸੇ ਵੰਨਗੀ ਦੀ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਮਗਰੋਂ ਨੀਲਮ ਕੁਮਾਰ ਯਾਦਵ ਅਤੇ ਸ਼੍ਰੀ ਅਸ਼ਟਮੂਰਤੀ ਕਿਲੀਮੰਗਲਮ ਨੇ ਵੀ ਵੱਖ-ਵੱਖ ਸਿਖਲਾਈ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਇਸ ਕਾਰਜਸ਼ਾਲਾ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਰੇ ਆਦਰਸ਼ ਸਕੂਲਾਂ ਦੇ ਪ੍ਰਿੰਸੀਪਲ ਅਤੇ ਇੱਕ-ਇੱਕ ਲੈਕਚਰਾਰ ਮੌਜੂਦ ਸਨ। ਇਸ ਤੋਂ ਇਲਾਵਾ ਉਦਘਾਟਨੀ ਸਮਾਰੋਹ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਅਵਿਕੇਸ਼ ਗੁਪਤਾ ਪੀ.ਸੀ.ਐੱਸ, ਉਪ ਸਕੱਤਰ ਗੁਰਤੇਜ ਸਿੰਘ, ਉਪ ਸਕੱਤਰ ਗੁਰਮੀਤ ਕੌਰ, ਕਾਰਜਸ਼ਾਲਾ ਕੋ-ਆਰਡੀਨੇਟਰ ਉਪਨੀਤ ਕੌਰ ਗਰੇਵਾਲ, ਵਿਸ਼ਾ ਮਾਹਿਰ ਪ੍ਰਿਤਪਾਲ ਸਿੰਘ ਅਤੇ ਵਿਸ਼ਾ ਮਾਹਿਰ ਮਨਵਿੰਦਰ ਸਿੰਘ ਵੀ ਸ਼ਾਮਿਲ ਹੋਏ।

# ਹਰਿਆਣਾ 'ਚ ਤਿੰਨ ਕਰਮ ਤੋਂ ਵੱਧ ਦੇ ਸਾਰੇ ਰਸਤੇ ਹੋਣਗੇ ਪੱਕੇ : ਮੁੱਖ ਮੰਤਰੀ

**ਚੰਡੀਗੜ੍ਹ, ( ਕ੍ਰਿਸ਼ਨ ਗਰਗ)** - ਹਰਿਆਣਾ ਵਿਚ ਪਿੰਡਾਂ ਅਤੇ ਸ਼ਹਿਰਾਂ ਦੇ ਵਿਚ ਕਨੈਕਟੀਵਿਟੀ ਨੂੰ ਬਿਹਤਰ ਬਨਾਉਣ ਲਈ ਤਿੰਨ ਕਰਮ ਤੋਂ ਵੱਧ ਚੌੜਾਈ ਵਾਲੀ ਸਾਰੇ ਰਸਤਿਆਂ ਨੂੰ ਪੱਕਾ ਕੀਤਾ ਜਾਵੇਗਾ। ਨਾਲ ਹੀ ਸੜਕ ਨੈਟਵਰਕ ਨੂੰ ਮਜਬੂਤ ਕਰਨ ਦੇ ਉਦੇਸ਼ ਨਾਲ ਮੰਜੂਰ 1647 ਸੜਕਾਂ ਵਿੱਚੋਂ 1632 ਸੜਕਾਂ ਦੇ ਟੈਂਡਰ ਹੋ ਚੁੱਕੇ ਹਨ ਅਤੇ 1378 ਸੜਕਾਂ ਦਾ ਕੰਮ ਅਲਾਟ ਕੀਤਾ ਜਾ ਚੁੱਕਾ ਹੈ।

ਇਹ ਜਾਣਕਾਰੀ ਇੱਥੇ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਪ੍ਰਸ਼ਾਸ਼ਨਿਕ ਸਕੱਤਰਾਂ ਅਤੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਦੇ ਨਾਲ ਹੋਈ ਇਕ ਅਹਿਮ ਮੀਟਿੰਗ ਵਿਚ ਦਿੱਤੀ ਗਈ। ਮੀਟਿੰਗ ਵਿਚ ਸਵਾਮਿਤਵ ਯੋਜਨਾ, ਲੋਕ ਨਿਰਮਾਣ ਵਿਭਾਗ ਦੀ ਸੜਕਾਂ, ਮੇਰੀ ਫਸਲ -ਮੇਰਾ ਬਿਉਰਾ, ਮੰਡੀਆਂ ਵਿਚ ਫਸਲ ਖਰੀਦ ਯਕੀਨੀ ਕਰਨ, ਮੁੱਖ ਮੰਤਰੀ ਐਲਾਨਾਂ , ਮੇਰੀ ਮਾਟੀ ਮੇਰਾ ਦੇਸ਼ , ਲਿੰਗਨੁਪਾਤ ਸਮੇਤ ਸਰਕਾਰ ਦੀ ਮਹਤੱਵਪੂਰਨ ਯੋਜਨਾਵਾਂ ਤੇ ਪ੍ਰੋਗ੍ਰਾਮਾਂ ਦੀ ਸਮੀਖਿਆ ਕੀਤੀ ਗਈ। ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਵੱਲੋਂ ਸੜਕਾਂ ਦੀ ਮੁਰੰਮਤ ਤੇ ਨਿਰਮਾਣ ਕੰਮ ਨੂੰ ਲੈ ਕੇ ਨਿਰਦੇਸ਼ ਦਿੱਤੇ ਕਿ ਹਰੇਕ ਵਿਧਾਨ ਸਭਾ ਖੇਤਰ ਲਈ ਵਿਧਾਇਕ ਨੂੰ 25-25 ਕਰੋੜ ਰੁਪਏ ਦੀ ਰਕਮ ਸੜਕਾਂ ਦੇ ਨਿਰਮਾਣ ਦੇ ਲਈ ਮੰਜੂਰ ਕੀਤੀ ਗਈ ਹੈ। ਉਨ੍ਹਾਂ ਨੇ 5 ਕਰਮ ਦੇ ਰਸਤਿਆਂ ਦੇ ਕੰਮ ਦੇ ਸਬੰਧ ਵਿਚ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਡਿਪਟੀ ਕਮਿਸ਼ਨਰ ਇੰਨ੍ਹਾਂ ਰਸਤਿਆਂ ਦਾ ਸੀਮਾਂਕਨ ਯਕੀਨੀ ਕਰਨ ਤਾਂ ਜੋ ਸਮੇਬੱਧ ਢੰਗ ਨਾਲ ਇਨ੍ਹਾਂ 'ਤੇ ਕੰਮ ਸ਼ੁਰੂ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਕਿ 25 ਸਤੰਬਰ ਤੋਂ ਝੋਨੇ ਤੇ ਬਾਜਰੇ ਦੀ ਖਰੀਦ ਕੀਤੀ ਜਾਵੇਗੀ। ਮੀਟਿੰਗ ਵਿਚ ਮੁੱਖ ਸਕੱਤਰ ਸੰਜੀਵ ਕੌਸ਼ਲ, ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ, ਮਾਲ ਟੀਵੀਏਸਏਨ ਪ੍ਰਸਾਦ, ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਮੁੱਖ ਮੰਤਰੀ ਦੇ ਸਲਾਹਕਾਰ (ਸਿੰਚਾਈ) ਦੇਵੇਂਦਰ ਸਿੰਘ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਵਿਜੇਂਦਰ ਕੁਮਾਰ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਅਤੇ ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਡਾ. ਅਮਿਤ ਅਗਰਵਾਲ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਕਮਿਸ਼ਨਰ ਅਤੇ ਸਕੱਤਰ ਸ੍ਰੀਮਤੀ ਅਮਨੀਤ ਪੀ. ਕੁਮਾਰ, ਮੁੱਖ ਮੰਤਰੀ ਦੇ ਉੱਪ ਪ੍ਰਧਾਨ ਸਕੱਤਰ ਕੇ ਮਕਰੰਦ ਪਾਂਡੂਰੰਗ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਆਯੂਸ਼ਮਾਨ-ਭਵ ਮੁਹਿੰਮ ਤਹਿਤ ਲਗਾਏ ਜਾ ਰਹੇ ਸਿਹਤ ਜਾਂਚ ਕੈਂਪ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਪੰਜਾਬ ਸਰਕਾਰ ਤੋਂ ਪ੍ਰਾਪਤ ਗਾਈਡਲਾਈਨ ਅਤੇ ਲੋਕਾਂ ਨੂੰ ਉਹਨਾਂ ਦੇ ਘਰਾਂ ਤੱਕ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਆਯੂਸ਼ਮਾਨ-ਭਵ ਮੁਹਿੰਮ ਤਹਿਤ ਮਨਾਏ ਜਾ ਰਹੇ 17 ਸਤੰਬਰ ਤੋਂ 2 ਅਕਤੂਬਰ "ਸੇਵਾ ਪਖਵਾੜੇ" ਤਹਿਤ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਬਲਾਕ ਦੇ ਸਾਰੇ ਸਿਹਤ ਕੇਂਦਰ ਵਿੱਚ ਕਮਿਊਨਿਟੀ ਸਿਹਤ ਅਫਸਰ ਅਤੇ ਉਹਨਾਂ ਦੀਆ ਟੀਮਾਂ ਵੱਲੋਂ ਰੋਜਾਨਾ ਸਿਹਤ ਜਾਂਚ ਕੈਂਪ ਲਗਾਏ ਜਾ ਰਹੇ ਹਨ। ਡਾ.ਵਿਧਾਨ ਚੰਦਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਰੋਜਾਨਾ ਸੈਂਕੜੇ ਮਰੀਜਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਮਰੀਜਾਂ ਨੂੰ ਅਗਲੇਰੇ ਇਲਾਜ ਲਈ ਉਚੇਰੀ ਸਿਹਤ ਸੰਸਥਾ ਵਿੱਚ ਭੇਜਿਆ ਜਾ ਰਿਹਾ ਹੈ। ਇਹਨਾਂ ਕੈਂਪਾ ਵਿੱਚ ਸਿਹਤ ਵਿਭਾਗ ਦੀਆਂ ਵੱਖ ਵੱਖ ਸਕੀਮਾਂ ਅਤੇ ਸੇਵਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਲਾਭਪਾਤਰੀਆਂ ਦੀਆਂ ਆਭਾ ਆਈ.ਡੀ.ਵੀ ਬਣਾਈਆਂ ਗਈਆਂ। ਐਨ.ਸੀ.ਡੀ. ਸਬੰਧੀ ਸਕਰੀਨਿੰਗ, ਕੈਂਸਰ ਸਕਰੀਨਿੰਗ, ਸੰਤੁਲਿਤ ਖੁਰਾਕ ,ਟੀਕਾਕਰਨ, ਟੀ .ਵੀ ਦੀ ਸਕਰੀਨਿੰਗ ,ਹੈਪੇਟਾਇਟਿਸ ਦੀ ਸਕਰੀਨਿੰਗ ਕੀਤੀ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਆਯੂਸ਼ਮਾਨ ਕਾਰਡ ਵੀ ਬਣਾਏ ਜਾ ਰਹੇ ਹਨ।

# ਹਲਕਾ ਕਰਤਾਰਪੁਰ 'ਚ ਬਸਪਾ ਆਗੂਆਂ ਤੇ ਵਰਕਰਾਂ ਵਿਰੁੱਧ ਦਰਜ ਝੂਠੇ ਪਰਚੇ ਰੱਦ ਕੀਤੇ ਜਾਣ : ਬਲਵਿੰਦਰ ਕੁਮਾਰ




**ਜਲੰਧਰ (ਸ਼ੈਲੀ ਐਲਬਰਟ)** ਬਹੁਜਨ ਸਮਾਜ ਪਾਰਟੀ ( ਬਸਪਾ) ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਕਿਹਾ ਕਿ ਹਲਕਾ ਕਰਤਾਰਪੁਰ 'ਚ ਪੁਲਸ ਤੇ ਸਿਵਿਲ ਪ੍ਰਸ਼ਾਸਨ ਵੱਲੋਂ ਸੱਤ੍ਹਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਦੀਆਂ ਵਿਰੋਧੀ ਰਾਜਨੀਤਕ ਧਿਰਾਂ ਨੂੰ ਨਿਸ਼ਾਨਾ ਬਣਾਉਣ ਦੀ ਨੀਤੀ ਨੂੰ ਪੂਰੀ ਤਰ੍ਹਾਂ ਦੇ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ 'ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਜਿਸ ਕਰਤਾਰਪੁਰ ਹਲਕੇ ਤੋਂ ਮੰਤਰੀ ਬਲਕਾਰ ਸਿੰਘ ਨੁਮਾਇੰਦਗੀ ਕਰ ਰਹੇ ਹਨ, ਉਸ ਹਲਕੇ 'ਚ ਹੀ ਉਨ੍ਹਾਂ ਸਮੇਤ ਬਸਪਾ ਦੇ 13 ਨੇਤਾਵਾਂ ਤੇ 150 ਵਰਕਰਾਂ 'ਤੇ ਝੂਠਾ ਹਾਈਵੇ ਐਕਟ ਦਾ ਪਰਚਾ (ਐਫਆਈਆਰ 85/23) ਮਿਤੀ 23 ਜੁਲਾਈ, 2023 ਨੂੰ ਥਾਣਾ ਮਕਸੂਦਾਂ 'ਚ ਨਸ਼ੇ ਦੇ ਮੁੱਦੇ 'ਤੇ ਪ੍ਰਦਰਸ਼ਨ ਕਰਨ 'ਤੇ ਕੀਤਾ ਗਿਆ। ਪੁਲਸ ਅਫਸਰਾਂ ਵੱਲੋਂ ਬਸਪਾ-ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੂੰ ਨਿਸ਼ਾਨਾ ਬਣਾਉਣ ਦੀ ਨੀਤੀ ਤਹਿਤ ਥਾਣਾ ਮੁਖੀ ਸਿਕੰਦਰ ਸਿੰਘ ਨੇ ਖੁਦ ਹੀ ਆਪਣੇ ਸਾਥੀ ਮੁਲਾਜ਼ਮਾਂ ਰਾਹੀਂ ਅੱਡਾ ਨੂਰਪੁਰ ਵਿਖੇ ਜਲੰਧਰ-ਪਠਾਨਕੋਟ ਹਾਈਵੇ 'ਤੇ ਟ੍ਰੈਫਿਕ ਰੋਕਿਆ ਅਤੇ ਜਾਮ ਦਾ ਮੁੱਦਾ ਬਣਾ ਕੇ ਸਾਡੇ 'ਤੇ ਝੂਠਾ ਪਰਚਾ ਦਰਜ ਕਰ ਦਿੱਤਾ। ਥਾਣਾ ਮੁਖੀ ਸਿਕੰਦਰ ਸਿੰਘ ਵੱਲੋਂ ਹਾਈਵੇ ਜਾਮ ਸਬੰਧੀ ਜੋ ਫੋਟੋਆਂ ਖਿੱਚ ਕੇ ਮੀਡੀਆ ਨੂੰ ਭੇਜੀਆਂ ਗਈਆਂ, ਉਨ੍ਹਾਂ ਨੂੰ ਵੀ ਧਿਆਨ ਨਾਲ ਦੇਖਣ ਨਾਲ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਅਸੀਂ ਕੋਈ ਜਾਮ ਨਹੀਂ ਕੀਤਾ। ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਇਸ ਸਬੰਧੀ ਡੀਆਈਜੀ ਜਲੰਧਰ ਰੇਂਜ ਸਵਪਨ ਸ਼ਰਮਾ ਵੱਲੋਂ ਇਨਕੁਆਰੀ ਹੁਸ਼ਿਆਰਪੁਰ ਪੁਲਸ ਨੂੰ ਮਿਤੀ 25 ਜੁਲਾਈ, 2023 ਨੂੰ ਭੇਜੀ ਗਈ ਸੀ। ਇਸ ਕੇਸ ਦੀ ਇਨਕੁਆਰੀ ਹੁਸ਼ਿਆਰਪੁਰ ਪੁਲਸ ਦੇ ਡੀਐਸਪੀ (ਐਨਡੀਪੀਐਸ) ਜਗੀਰ ਸਿੰਘ ਕੋਲ ਲੱਗੀ ਹੈ ਤੇ ਇਸਨੂੰ ਦੋ ਮਹੀਨੇ ਹੋ ਗਏ ਹਨ, ਪਰ ਉਨ੍ਹਾਂ ਦੇ ਵਾਰ-ਵਾਰ ਥਾਣਾ ਮਕਸੂਦਾਂ ਮੁਖੀ ਸਿਕੰਦਰ ਸਿੰਘ ਕੋਲ ਕੇਸ ਦੀ ਮਿਸਲ ਮੰਗਵਾਉਣ 'ਤੇ ਵੀ ਨਹੀਂ ਭੇਜੀ ਜਾ ਰਹੀ ਹੈ। ਦੂਜੇ ਪਾਸੇ ਮਿਤੀ 27 ਜੁਲਾਈ, 2023 ਨੂੰ ਆਪ ਆਗੂਆਂ ਤੇ ਵਰਕਰਾਂ ਵੱਲੋਂ ਦੋ ਘੰਟੇ ਹਲਕਾ ਫਿਲੌਰ 'ਚ ਰੋਡ ਜਾਮ ਕੀਤਾ ਗਿਆ, ਪਰ ਐਸਐਸਪੀ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਵੱਲੋਂ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਜਦਕਿ ਜਾਮ ਕਰਕੇ ਵੱਡੇ ਪੱਧਰ 'ਤੇ ਲੋਕ ਪ੍ਰੇਸ਼ਾਨ ਹੋਏ ਤੇ ਇਸ ਦੀਆਂ ਵੀਡੀਓ ਵੀ ਮੌਜੂਦ ਹਨ। ਇਸੇ ਤਰ੍ਹਾਂ ਕਈ ਹੋਰ ਬਸਪਾ ਆਗੂਆਂ ਤੇ ਵਰਕਰਾਂ ਵਿਰੁੱਧ ਝੂਠੇ ਪਰਚੇ ਦਰਜ ਕੀਤੇ ਜਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਡੀਜੀਪੀ ਪੰਜਾਬ ਨੂੰ ਅਪੀਲ ਕਰਦੇ ਹਨ ਕਿ ਉਹ ਹਲਕਾ ਕਰਤਾਰਪੁਰ 'ਚ ਜਲੰਧਰ ਦਿਹਾਤੀ ਪੁਲਸ ਵੱਲੋਂ ਲਗਾਤਾਰ ਵਿਰੋਧੀ ਧਿਰ ਖਿਲਾਫ ਕੀਤੇ ਜਾ ਰਹੇ ਝੂਠੇ ਪਰਚਿਆਂ ਦੀ ਜਾਂਚ ਕਰਾਉਣ ਤੇ ਇਨ੍ਹਾਂ ਨੂੰ ਰੱਦ ਕਰਵਾ ਕੇ ਧੱਕੇਸ਼ਾਹੀ ਨੂੰ ਰੁਕਵਾਉਣ। ਇਸ ਤੋਂ ਇਲਾਵਾ ਥਾਣਾ ਮਕਸੂਦਾਂ ਮੁਖੀ ਸਿਕੰਦਰ ਸਿੰਘ, ਜਿਸ ਵੱਲੋਂ ਮਿੱਥ ਕੇ ਸਾਜਿਸ਼ਨ ਬਸਪਾ ਆਗੂਆਂ ਤੇ ਵਰਕਰਾਂ ਖਿਲਾਫ ਝੂਠਾ ਹਾਈਵੇ ਐਕਟ ਦਾ ਪਰਚਾ ਦਰਜ ਕੀਤਾ ਗਿਆ ਹੈ, ਉਸਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ। ਇਸ ਮੌਕੇ ਬਸਪਾ ਸੂਬਾ ਸਕੱਤਰ ਇੰਜ. ਜਸਵੰਤ ਰਾਏ, ਜ਼ਿਲ੍ਹਾ ਇੰਚਾਰਜ ਸੁਖਵਿੰਦਰ ਬਿੱਟੂ ਤੇ ਮਦਨ ਲਾਲ ਮੱਦੀ, ਜ਼ਿਲ੍ਹਾ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਬਸਪਾ ਆਗੂ ਦੇਵਰਾਜ ਸੁਮਨ, ਸ਼ਾਦੀ ਲਾਲ, ਅਮਰਜੀਤ ਸਿੰਘ ਨੰਗਲ, ਪ੍ਰਭਜਿੰਦਰ ਸਿੰਘ ਪੱਤੜ, ਗਿਆਨ ਚੰਦ ਕਰਤਾਰਪੁਰ, ਜਗਦੀਸ਼ ਦੀਸ਼ਾ ਬੂਟਾ ਮੰਡੀ, ਕਮਲਦੀਪ ਬਾਦਸ਼ਾਹਪੁਰ ਆਦਿ ਵੀ ਮੌਜੂਦ ਸਨ।

# ਉਸਮਾਨਪੁਰ ਵਿਖੇ ਪੰਜਵਾਂ ਵਿਸ਼ੇਸ਼ ਗੁਰਮਤਿ ਸਮਾਗਮ ਚੜ੍ਹਦੀ ਕਲਾ ਨਾਲ ਸੰਪੂਰਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ 4, 5 ਅਤੇ 6 ਨਵੰਬਰ ਵਿਚ ਗੁਰੂ ਮਿਸ਼ਨ ਸੇਵਾ ਸੁਸਾਇਟੀ ਅਤੇ ਗੁਰੂ ਕੀ ਰਸੋਈ ਨਵਾਂਸ਼ਹਿਰ ਵੱਲੋਂ ਜ਼ਿਲ੍ਹਾ ਪੱਧਰ 'ਤੇ ਕਰਵਾਏ ਜਾ ਰਹੇ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਆਰੰਭ ਕੀਤੇ ਗਏ ਵਿਸ਼ੇਸ਼ ਗੁਰਮਿਤ ਸਮਾਗਮਾਂ ਦੀ ਲੜੀ ਦਾ ਪੰਜਵਾਂ ਸਮਾਗਮ ਗੁਰਦੁਆਰਾ ਸਿੰਘ ਸਭਾ ਉਸਮਾਨਪੁਰ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੜੀ ਸ਼ਰਧਾ, ਉਤਸਾਹ ਅਤੇ ਚੜ੍ਹਦੀ ਕਲਾ ਨਾਲ ਸੰਪੂਰਨ ਹੋਇਆ। ਸੋ ਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਸਮਾਗਮ ਦੀ ਆਰੰਭਤਾ ਭਾਈ ਸੁਖਜੀਤ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ ਵਾਲਿਆਂ ਦੇ ਜਥੇ ਦੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਨਾਲ ਕੀਤੀ। ਉਪਰੰਤ ਸਿੱਖ ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਜਸਵਿੰਦਰ ਸਿੰਘ ਦਰਦੀ ਨੇ ਗੁਰੂ ਨਾਨਕ ਸਾਹਿਬ ਜੀ ਵਲੋਂ ਰਚਿਤ ਗੁਰਬਾਣੀ ਦੇ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਮਨੁਖਤਾ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਨਾਲ ਅਮਨ, ਸ਼ਾਂਤੀ, ਭਾਈਚਾਰੇ ਦਾ ਸੰਦੇਸ਼ ਦਿੱਤਾ। ਉਨਾ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਸਰਬੱਤ ਦੇ ਭਲੇ ਦਾ ਮਾਰਗ ਸਭ ਤੋਂ ਉੱਤਮ ਮਾਰਗ ਹੈ।ਸਮਾਗਮ ਦੀ ਸੰਪੂਰਨਤਾ 'ਤੇ ਮਹਾਨ ਕੀਰਤਨ ਦਰਬਾਰ ਦੀ ਸਫਲਤਾ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਪ੍ਰਬੰਧਕ ਕਮੇਟੀ ਵੱਲੋਂ ਰਾਗੀ ਜੱਥੇ, ਗਿਆਨੀ ਜਸਵਿੰਦਰ ਸਿੰਘ ਦਰਦੀ ਅਤੇ ਹੋਰ ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਭਾਈ ਤਰਲੋਚਨ ਸਿੰਘ ਖਟਕੜ ਕਲਾਂ ਵੱਲੋਂ ਨਿਭਾਈ ਗਈ।

ਇਸ ਮੌਕੇ ਉਸਮਾਨਪੁਰ, ਰਾਹੋਂ, ਸੋਇਤਾ, ਸ਼ਹਾਬਪੁਰ, ਸਹਿਬਾਜ਼ਪੁਰ, ਕਾਜਮਪੁਰ, ਚੜ ਮਜਾਰਾ ਅਤੇ ਆਸ ਪਾਸ ਦੇ ਹੋਰ ਪਿੰਡਾਂ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਤੋਂ ਇਲਾਵਾ ਹਰਮਿੰਦਰ ਸਿੰਘ ਪ੍ਰਧਾਨ, ਦਰਬਾਰਾ ਸਿੰਘ ਸੈਕਟਰੀ, ਸਰਬਜੀਤ ਸਿੰਘ, ਤਰਲੋਚਨ ਸਿੰਘ, ਹਕੀਕਤ ਸਿੰਘ, ਗੁਰਮੁੱਖ ਸਿੰਘ ਕੇਵਲ ਸਿੰਘ ਪਰਮਜੀਤ ਸਿੰਘ, ਭਾਈ ਬਲਵੀਰ ਸਿੰਘ ਰਾਹੋਂ, ਦਿਲਬਾਗ ਸਿੰਘ ਰਾਹੋਂ, ਮਨਜੀਤ ਸਿੰਘ ਰਾਹੋਂ, ਸੁਰਿੰਦਰ ਸਿੰਘ ਸੋਇਤਾ, ਅਮਰੀਕ ਸਿੰਘ ਗੁਰੂ ਕੀ ਰਸੋਈ, ਬਲਵੰਤ ਸਿੰਘ ਸੋਇਤਾ, ਉੱਤਮ ਸਿੰਘ ਸੇਠੀ, ਸਿੰਘ, ਦੀਦਾਰ ਸਿੰਘ, ਬਲਦੀਪ ਸਿੰਘ ਕਾਜਮਪੁਰ, , ਜਗਦੀਪ ਸਿੰਘ, ਇੰਦਰਜੀਤ ਸਿੰਘ ਬਾਹੜਾ, ਕੁਲਜੀਤ ਸਿੰਘ, ਪਰਮਿੰਦਰ ਸਿੰਘ, ਜਗਜੀਤ ਸਿੰਘ, ਦਲਜੀਤ ਸਿੰਘ ਬਡਵਾਲ, ਰਮਨੀਕ ਸਿੰਘ, ਜਸਵਿੰਦਰ ਸਿੰਘ, ਗਿਆਨ ਸਿੰਘ, ਨਵਦੀਪ ਸਿੰਘ ਵੱਡੀ ਗਿਣਤੀ ਵਿਚ ਬੀਬੀਆਂ ਵੀ ਮੌਜੂਦ ਸਨ।

# ਫੈਬਰਿਕ ਔਰਨਾਮਿਨਟੇਸ਼ਨ ਸੰਬੰਧੀ ਵਰਕਸ਼ਾਪ ਕਰਵਾਈ

**ਡੇਰਾਬੱਸੀ, (ਕ੍ਰਿਸ਼ਨ ਗਰਗ)** ਸਰਕਾਰੀ ਕਾਲਜ ਡੇਰਾਬੱਸੀ ਦੇ ਹੋਮ ਸਾਇੰਸ ਵਿਭਾਗ ਵੱਲੋ ਵਿਦਿਆਰਥੀਆਂ ਦੇ ਹੁਨਰੀ ਵਿਕਾਸ ਦੇ ਉਦੇਸ਼ ਨਾਲ ਦੋ ਰੋਜ਼ਾ ਫੈਬਰਿਕ ਔਰਨਾਮਿਨਟੇਸ਼ਨ (ਟਾਈ ਐਂਡ ਡਾਈ ਅਤੇ ਬਲਾਕ ਪ੍ਰਿੰਟਿੰਗ) ਦੀ ਵਰਕਸ਼ਾਪ ਕਰਵਾਈ ਗਈ। ਐੱਮ. ਸੀ. ਐੱਮ. ਡੀ ਏ ਵੀ ਕਾਲਜ ਸੈਕਟਰ 36 ਤੋਂ ਸਹਾਇਕ ਪ੍ਰੋਫੈਸਰ ਸ੍ਰੀਮਤੀ ਰਤੀ ਅਰੋੜਾ ਨੇ ਵਰਕਸ਼ਾਪ ਵਿਚ ਵਿਸ਼ਾ ਮਾਹਰ ਵਜੋਂ ਸ਼ਿਰਕਤ ਕੀਤੀ। ਕਾਲਜ ਦੀਆਂ ਵਿਦਿਆਰਥਣਾਂ ਨੂੰ ਅਵਰੋਧਕ ਰੰਗਾਈ ਬਾਰੇ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਨੂੰ ਬਾਨਧਨੀ ਵਿਧੀ ਬਾਰੇ ਦੱਸਿਆ ਗਿਆ। ਇਹ ਖਾਸ ਪ੍ਰਿੰਟ ਸੂਤੀ, ਜਾਰਜਟ ਅਤੇ ਸ਼ਿਫੋਨ ਕੱਪੜੇ 'ਤੇ ਕੀਤਾ ਜਾਂਦਾ ਹੈ। ਵਿਦਿਆਰਥਣਾਂ ਨੂੰ ਸੂਤੀ ਕੱਪੜੇ ਉੱਪਰ ਬਾਨਧਨੀ ਰੰਗਾਈ ਦਾ ਅਭਿਆਸ ਕਰਵਾਇਆ ਗਿਆ। ਵਰਕਸ਼ਾਪ ਵਿੱਚ ਬੀ.ਏ. ਦੇ ਲਗਪਗ 50 ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਿੰਸੀਪਲ ਕਾਮਨਾ ਗੁਪਤਾ ਨੇ ਵਿਦਿਆਰਥਣਾਂ ਨੂੰ ਵਰਕਸਾਪ ਵਿਚ ਸਿੱਖੇ ਹੁਨਰ ਨੂੰ ਅਮਲ ਵਿਚ ਲਿਆਉਣ ਅਤੇ ਕਿੱਤੇ ਵਜੋਂ ਅਪਨਾਉਣ ਲਈ ਪ੍ਰੇਰਿਤ ਕੀਤਾ।

# ਸੀਚੇਵਾਲ ਦੇ ਯਤਨਾਂ ਸਦਕਾ ਪੰਜ ਲੜਕੀਆਂ ਮਸਕਟ 'ਚੋਂ ਆਈਆਂ ਵਾਪਸ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਰੋਜ਼ੀ ਰੋਟੀ ਕਮਾਉਣ ਦੇ ਇਰਾਦੇ ਨਾਲ ਮਸਕਟ ਗਈਆਂ ਲੜਕੀਆਂ ਨੂੰ ਟਰੈਵਲ ਏਜੰਟਾਂ ਨੇ ਉੱਥੇ ਮੋਟੀਆਂ ਤਨਖਾਹਾਂ ਦੇਣ ਦਾ ਝਾਂਸਾ ਦੇ ਕੇ ਫਸਾ ਦਿੱਤਾ ਸੀ। ਪਿਛਲੇ ਕਈ ਮਹੀਨਿਆਂ ਤੋਂ ਕੁੱਟਮਾਰ ਤੇ ਹੋਰ ਦੁੱਖ ਤਕਲੀਫਾਂ ਝੱਲਦੀਆਂ ਇਹਨਾਂ ਲੜਕੀਆਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੱਕ ਪਹੁੰਚ ਕੀਤੀ ਸੀ। ਉਹਨਾਂ ਨੇ ਇਹਨਾਂ ਲੜਕੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਓਮਾਨ ਵਿਚਲੇ ਭਾਰਤੀ ਦੂਤਾਵਾਸ ਨਾਲ ਸੰਪਰਕ ਸਾਧਿਆ ਤੇ ਉਹਨਾਂ ਦੀ ਘਰ ਵਾਪਸੀ ਯਕੀਨੀ ਬਣਾਈ। ਸੰਤ ਸੀਚੇਵਾਲ ਦੇ ਯਤਨਾਂ ਸਦਕਾ ਹੁਣ ਤੱਕ ਉਹ 38 ਦੇ ਕਰੀਬ ਲੜਕੀਆਂ ਅਰਬ ਦੇਸ਼ਾਂ ਤੋਂ ਵਾਪਸ ਆ ਚੁੱਕੀਆਂ ਹਨ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿੱਚ ਆਪਣੇ ਦੁਖੜੇ ਦੱਸਦਿਆਂ ਇਹਨਾਂ 5 ਲੜਕੀਆਂ ਨੇ ਅਪੀਲ ਕੀਤੀ ਕਿ ਮਾਪੇ ਆਪਣੀਆਂ ਲੜਕੀਆਂ ਨੂੰ ਇਹਨਾਂ ਅਰਬ ਦੇਸ਼ਾਂ ਵਿੱਚ ਭੇਜਣ ਤੋਂ ਗੁਰੇਜ਼ ਕਰਨ। ਵਾਪਸ ਆਈਆਂ ਲੜਕੀਆਂ ਜਲੰਧਰ, ਫਿਰੋਜ਼ਪੁਰ, ਮੋਗਾ ਤੇ ਕਪੂਰਥਲਾ ਜ਼ਿਲ੍ਹੇ ਨਾਲ ਸੰਬੰਧਿਤ ਹਨ।

# ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 28 ਤੋਂ : ਗੁਰਪ੍ਰੀਤ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2023' ਦੇ ਬਲਾਕ ਪੱਧਰੀ ਮੁਕਾਬਲਿਆਂ ਤੋਂ ਬਾਅਦ ਹੁਣ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 28 ਸਤੰਬਰ ਤੋਂ 5 ਅਕਤੂਬਰ ਤੱਕ ਵੱਖ-ਵੱਖ ਸਥਾਨਾਂ 'ਤੇ ਕਰਵਾਏ ਜਾਣਗੇ। ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਵੱਖ-ਵੱਖ ਉਮਰ ਵਰਗਾਂ ਵਿਚ 24 ਖੇਡਾਂ ਵਿਚ ਖਿਡਾਰੀ ਆਪਣੇ ਜੌਹਰ ਵਿਖਾਉਣਗੇ। ਉਨ੍ਹਾਂ ਦੱਸਿਆ ਕਿ ਇੰਡੋਰ ਸਟੇਡੀਅਮ ਹੁਸ਼ਿਆਰਪੁਰ ਵਿਖੇ 28 ਤੋਂ 30 ਸਤੰਬਰ ਤੱਕ ਵੱਖ-ਵੱਖ ਉਮਰ ਵਰਗਾਂ ਦੇ ਜੂਡੋ ਮੁਕਾਬਲੇ, 3 ਤੋਂ 4 ਅਕਤੂਬਰ ਤੱਕ ਕੁਸ਼ਤੀ ਮੁਕਾਬਲੇ, 29 ਸਤੰਬਰ ਤੋਂ 5 ਅਕਤੂਬਰ ਤੱਕ ਬੈਡਮਿੰਟਨ ਮੁਕਾਬਲੇ ਅਤੇ 29 ਸਤੰਬਰ ਤੋਂ 2 ਅਕਤੂਬਰ ਤੱਕ ਬਾਕਸਿੰਗ ਮੁਕਾਬਲੇ ਕਰਵਾਏ ਜਾਣਗੇ।

ਮਲਟੀਪਰਪਜ਼ ਆਊਟਡੋਰ ਸਟੇਡੀਅਮ ਹੁਸ਼ਿਆਰਪੁਰ ਵਿਖੇ ਵੱਖ-ਵੱਖ ਉਮਰ ਵਰਗਾਂ ਦੇ 29 ਸਤੰਬਰ ਤੋਂ 3 ਅਕਤੂਬਰ ਤੱਕ ਕਿੱਕ ਬਾਕਸਿੰਗ, ਵਾਲੀਬਾਲ (ਸ਼ੂਟਿੰਗ) ਅਤੇ ਵਾਲੀਬਾਲ (ਸਮੈਸ਼ਿੰਗ) ਮੁਕਾਬਲੇ, 29 ਸਤੰਬਰ ਤੋਂ 2 ਅਕਤੂਬਰ ਤੱਕ ਕਬੱਡੀ (ਸਰਕਲ ਸਟਾਈਲ) ਮੁਕਾਬਲੇ, 2 ਤੋਂ 3 ਅਕਤੂਬਰ ਤੱਕ ਚੈੱਸ ਮੁਕਾਬਲੇ, 2 ਤੋਂ 5 ਅਕਤੂਬਰ ਤੱਕ ਕਬੱਡੀ ਨੈਸ਼ਨਲ ਸਟਾਇਲ, 29 ਸਤੰਬਰ ਤੋਂ 4 ਅਕਤੂਬਰ ਤੱਕ ਖੋਹ-ਖੋਹ, 3 ਤੋਂ 4 ਅਕਤੂਬਰ ਤੱਕ ਨੈਟਬਾਲ, 2 ਤੋਂ 5 ਅਕਤੂਬਰ ਤੱਕ ਹੈਂਡਬਾਲ, 29 ਸਤੰਬਰ ਤੋਂ 1 ਅਕਤੂਬਰ ਤੱਕ ਟੇਬਲ ਟੈਨਿਸ, 29 ਸਤੰਬਰ ਤੋਂ 2 ਅਕਤੂਬਰ ਤੱਕ ਬਾਸਕਟਬਾਲ ਅਤੇ 4 ਤੋਂ 5 ਅਕਤੂਬਰ ਤੱਕ ਗੱਤਕਾ ਮੁਕਾਬਲੇ ਹੋਣਗੇ। ਫੁੱਟਬਾਲ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ ਮਾਹਿਲਪੁਰ ਫੁੱਟਬਾਲ ਅਕੈਡਮੀ ਵਿਖੇ 29 ਸਤੰਬਰ ਤੋਂ 5 ਅਕਤੂਬਰ ਤੱਕ ਹੋਣਗੇ। ਅਥਲੈਟਿਕਸ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਉੜਮੁੜ ਟਾਂਡਾ ਵਿਖੇ 29 ਸਤੰਬਰ ਤੋਂ 2 ਅਕਤੂਬਰ ਤੱਕ ਕਰਵਾਏ ਜਾਣਗੇ। ਵੇਟਲਿਫਟਿੰਗ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ 29 ਤੋਂ 30 ਸਤੰਬਰ ਤੱਕ ਸਰਕਾਰੀ ਹਾਈ ਸਕੂਲ ਦੇਹਰੀਵਾਲ ਵਿਖੇ ਹੋਣਗੇ ਜਦਕਿ ਸਾਰੇ ਉਮਰ ਵਰਗਾਂ ਦੇ ਤੈਰਾਕੀ ਮੁਕਾਬਲੇ ਸਰਵਿਸ ਕਲੱਬ ਹੁਸ਼ਿਆਰਪੁਰ ਵਿਖੇ 30 ਸਤੰਬਰ ਨੂੰ ਕਰਵਾਏ ਜਾਣਗੇ। ਹਾਕੀ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ 29 ਸਤੰਬਰ ਤੋਂ 1 ਅਕਤੂਬਰ ਤੱਕ ਰੇਲਵੇ ਮੰਡੀ ਸਕੂਲ ਹੁਸ਼ਿਆਰਪੁਰ ਵਿਖੇ ਹੋਣਗੇ। ਇਸੇ ਤਰ੍ਹਾਂ ਪਾਵਰਲਿਫਟਿੰਗ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ 1 ਅਕਤੂਬਰ ਨੂੰ ਮਸਲਅੱਪ ਜਿੰਮ ਦਾਂਸੀਵਾਲ ਸੈਲਾਂ, ਸੈਲਾਂ ਖੁਰਦ, ਗੜ੍ਹਸ਼ੰਕਰ ਵਿਖੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸ਼ੂਟਿੰਗ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ ਵਿਕਟੋਰੀਆ ਸਕੂਲ ਟਾਂਡਾ ਵਿਖੇ ਅਤੇ ਲਾਅਨ ਟੈਨਿਸ ਦੇ ਸਾਰੇ ਉਮਰ ਵਰਗਾਂ ਦੇ ਮੁਕਾਬਲੇ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ 3 ਅਕਤੂਬਰ ਨੂੰ ਹੋਣਗੇ।

# ਕ੍ਰਿਸ਼ਨਾ ਰਾਇਸ ਮਿੱਲਜ਼ ਨੇ ਜੰਗਲਾਤ ਵਿਭਾਗ ਦੇ ਦਰੱਖ਼ਤ ਕੱਟੇ




**ਕਪੂਰਥਲਾ, (ਪ੍ਰੀਤ ਸੰਗੋਜਲਾ)** ਕਪੂਰਥਲਾ ਦੇ ਰਾਜਪੁਰ ਸਿੱਧਵਾਂ ਰੋਡ 'ਤੇ ਰਜਾਪੁਰ ਮੋੜ ਦੇ ਨਜ਼ਦੀਕ ਕ੍ਰਿਸ਼ਨਾ ਰਾਇਸ ਮਿੱਲਜ਼ ਪ੍ਰਾਈਵੇਟ ਲਿਮਿਟੇਡ ਵੱਲੋਂ ਜੰਗਲਾਤ ਵਿਭਾਗ ਦੇ ਦਰਖ਼ਤ ਕੱਟੇ ਗਏ ਜਿਸ ਦੌਰਾਨ ਵਣ ਗਾਰਡ ਜੌਲੀ ਮਸੀਹ ਨੇ ਮੌਕੇ 'ਤੇ ਪਹੁੰਚ ਕੇ ਸੰਬੰਧਤ ਥਾਣਾ ਸਦਰ ਕਪੂਰਥਲਾ ਵਿੱਚ ਦਰਖ਼ਾਸਤ ਦਰਜ ਕਰਵਾਈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਤਰਲੋਚਨ ਸਿੰਘ ਚਾਹਲ ਅਤੇ ਮੌਕੇ ਤੇ ਮੌਜੂਦ ਲੋਕਾਂ ਵੱਲੋਂ ਕੀਤਾ ਗਿਆ। ਉਹਨਾਂ ਦੱਸਿਆ ਕੇ ਇਹਨਾਂ ਦੇ ਕਰਿੰਦੇ ਰਾਤ ਨੂੰ ਦਰਖ਼ਤ ਵੱਢ ਰਹੇ ਸਨ ਤਾਂ ਅਸੀਂ ਮੌਕੇ 'ਤੇ ਆ ਕੇ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ, ਉਹ ਟ੍ਰੈਕਟਰ ਨਾਲ ਵੱਢੇ ਹੋਏ ਰੁੱਖ ਬੰਨ ਕੇ ਖਿੱਚ ਰਹੇ ਸਨ। ਇਹ ਦੇਖਦੇ ਹੀ ਇਹਨਾਂ ਦੇ ਕਰਿੰਦੇ ਉਥੋਂ ਭੱਜ ਗਏ ਤੇ ਟ੍ਰੈਕਟਰ ਭਜਾ ਕੇ ਸ਼ੈਲਰ ਦੇ ਅੰਦਰ ਲੈ ਗਏ। ਇਸ ਤੋਂ ਇਲਾਵਾ ਇਹਨਾਂ ਨੇ ਰੁੱਖ ਵੱਢਦੇ ਸਮੇਂ ਬਿਜਲੀ ਦੇ ਖਭੇ ਵੀ ਤੇ ਤਾਰਾਂ ਵੀ ਤੋੜੀਆਂ ਪਰ ਬਿਜਲੀ ਵਿਭਾਗ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। . ਇਸ ਮੌਕੇ ਅਸੀਂ ਵਣ ਗਾਰਡ ਜੌਲੀ ਮਸੀਹ ਨੂੰ ਇਤਲਾਹ ਕੀਤੀ ਤਾਂ ਕੁੱਝ ਮਿੰਟਾਂ ਵਿੱਚ ਹੀ ਉਹ ਘਟਨਾ ਵਾਲੀ ਜਗ੍ਹਾ 'ਤੇ ਪਹੁੰਚ ਗਿਆ ਤੇ ਸੰਬੰਧਤ ਥਾਣਾ ਸਦਰ ਕਪੂਰਥਲਾ ਵਿੱਚ ਦਰਖ਼ਾਸਤ ਦੇ ਦਿੱਤੀ ਗਈ।. ਇਥੇ ਦੱਸਣਯੋਗ ਹੈ ਕਿ ਰਾਤ ਦੀ ਦਰਖ਼ਾਸਤ ਦਿੱਤੀ ਹੋਈ ਹੈ ਪਰ ਖ਼ਬਰ ਲਿਖਣ ਤੱਕ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

# ਦੇਸ਼ ਨੂੰ ਬਚਾਉਣ ਲਈ ਫਿਰਕੂ, ਫਾਸ਼ੀ ਤੇ ਕਾਰਪੋਰੇਟ ਪੱਖੀ ਸਰਕਾਰ ਨੂੰ ਹਰਾਉਣਾ ਜ਼ਰੂਰੀ : ਦਾਊਦ




**ਬਹਿਰਾਮ (ਅਵਤਾਰ ਕਲੇਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ ) ਵੱਲੋਂ ਕਾਰਪੋਰੇਟ ਭਜਾਓ, ਮੋਦੀ ਹਰਾਓ ਮੁਹਿੰਮ ਤਹਿਤ ਪਿੰਡ ਜਗਤਪੁਰ ਵਿਖੇ ਵਿਸ਼ਾਲ ਰਾਜਨੀਤਕ ਕਾਨਫਰੰਸ ਕੀਤੀ ਗਈ। ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਗੁਰਨਾਮ ਸਿੰਘ ਦਾਊਦ ਨੇ ਕਿਹਾ ਦੇਸ਼ ਦੇ ਕੁਦਰਤੀ ਸਰੋਤਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰ ਰਹੀ ਫਿਰਕੂ ਫਾਸ਼ੀ ਮੋਦੀ ਸਰਕਾਰ ਨੂੰ ਗੱਦੀ ਤੋਂ ਹਟਾਉਣਾ ਮਜਦੂਰ ਜਮਾਤ ਦਾ ਪਹਿਲਾ ਅਤੇ ਮੁੱਖ ਕਾਰਜ ਹੈ। ਉਹਨਾਂ ਕਿਹਾ ਬੇਰੁਜਗਾਰੀ, ਮਹਿੰਗਾਈ, ਨਸ਼ਿਆਂ ਅਤੇ ਭ੍ਰਿਸ਼ਟਾਚਾਰ ਤੋਂ ਦੁੱਖੀ ਕਿਰਤੀ ਜਮਾਤ ਦੇ ਹਿੱਤਾਂ ਨਾਲ ਮੋਦੀ ਸਰਕਾਰ ਖਿਲਵਾੜ ਕਰ ਰਹੀ ਹੈ ਅਤੇ ਦੇਸ਼ ਦੇ ਖਜਾਨੇ, ਜਨਤਕ ਖੇਤਰ ਦੇ ਅਦਾਰੇ ਅਤੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਹਵਾਲੇ ਕਰ ਰਹੀ ਹੈ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤ ਕੇ ਰਾਜ ਗੱਦੀ 'ਤੇ ਕਇਮ ਰਹਿਣ ਦੇ ਮਨਸੂਬੇ ਘੜ ਰਹੀ ਹੈ। ਉਹਨਾਂ ਕਿਹਾ ਕਿ ਅਮਨ ਅਮਾਨ ਨਾਲ ਰਹਿ ਰਹੇ ਲੋਕਾਂ ਨੂੰ ਹਿੰਦੂ ਮੁਸਲਿਮ ਦੇ ਨਾਂਅ ਉੱਪਰ ਵੰਡਿਆ ਜਾ ਰਿਹਾ ਹੈ। ਦਲਿਤਾਂ ਅਤੇ ਘੱਟ ਗਿਣਤੀਆਂ ਉੱਪਰ ਹਮਲੇ ਕਰਕੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਮਸਲਿਆਂ ਪ੍ਰਤੀ ਕੇਂਦਰ ਦੀ ਮੋਦੀ ਸਰਕਾਰ ਪੰਜਾਬ ਵਿਰੋਧੀ ਨੀਤੀਆਂ 'ਤੇ ਅਮਲ ਕਰ ਰਹੀ ਹੈ। ਉਨ੍ਹਾਂ ਮਜਦੂਰ ਕਿਸਾਨ ਏਕੇ ਦੇ ਆਧਾਰਿਤ ਕਾਰਪੋਰੇਟ ਪੱਖੀ ਨੀਤੀਆਂ ਨੂੰ ਹਰਾਉਣ ਲਈ ਰਾਜਸੀ ਬਦਲ ਉਭਾਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਨੌਜਵਾਨ ਆਗੂ ਧਰਮਿੰਦਰ ਸਿੰਘ ਮੁਕੇਰੀਆਂ ਨੇ ਕਿਹਾ ਕਿ ਪੰਜਾਬ ਦੇ ਮਸਲਿਆਂ ਲਈ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੀ ਸੰਜੀਦਾ ਨਹੀਂ ਹੈ। ਸਾਥੀ ਨੇ ਕਿਹਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸਮੇਤ ਸਾਰੇ ਮਸਲੇ ਤੁਰੰਤ ਹੱਲ ਕਰਨ ਦੀ ਲੋੜ ਹੈ। ਨੌਜਵਾਨਾਂ ਨੂੰ ਰੁਜਗਾਰ ਦੇ ਮੌਕੇ ਪੈਦਾ ਕਰਨ ਵਾਲੇ ਅਦਾਰਿਆਂ ਨੂੰ ਵਿਕਸਤ ਕਰਕੇ ਅਦਾਰਿਆਂ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ। ਉਨ੍ਹਾਂ ਨੇ ਗੁਆਂਢੀ ਦੇਸ਼ਾਂ ਨਾਲ ਸੁਖਾਵੇਂ ਸਬੰਧ ਬਣਾਉਂਦਿਆਂ ਪੰਜਾਬ ਰਾਹੀਂ ਵਪਾਰ ਖੋਲ੍ਹਣ ਦੀ ਮੰਗ ਕੀਤੀ। ਲਦੇਵ ਸਿੰਘ ਨੂਰਪੁਰੀ ਨੇ ਸੰਬੋਧਨ ਕਰਦਿਆਂ ਕਿਰਤੀ ਵਰਗ ਨੂੰ ਕਾਰਪੋਰੇਟ ਪੱਖੀ ਫਿਰਕੂ-ਫਾਸ਼ੀਵਾਦ ਨੂੰ ਹਰਾਉਣ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ। ਕਾਨਫਰੰਸ ਦੀ ਪ੍ਰਧਾਨਗੀ ਹਰਪਾਲ ਸਿੰਘ ਜਗਤਪੁਰ, ਹੁਸਨ ਸਿੰਘ ਮਾਂਗਟ, ਸੋਢੀ ਸਿੰਘ, ਕਰਨੈਲ ਸਿੰਘ, ਬਹਾਦਰ ਸਿੰਘ ਬਾਰਾ, ਹਰੀ ਬਿਲਾਸ, ਸੁਰਿੰਦਰ ਭੱਟੀ, ਬਿਮਲ ਕਿਸ਼ੋਰ ਆਗੂਆਂ ਨੇ ਕੀਤੀ। ਪਾਰਟੀ ਦੇ ਜਿਲ੍ਹਾ ਸਕੱਤਰ ਕੁਲਦੀਪ ਸਿੰਘ ਦੌੜਕਾ ਨੇ ਕਿਹਾ ਕਿ ਜਨਤਕ ਸਿੱਖਿਆ ਨੂੰ ਬਚਾਉਣ ਲਈ ਆਮ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਸਰਕਾਰੀ ਸਕੂਲਾਂ ਰਾਹੀਂ ਮਿਲ ਰਹੀ ਸਿੱਖਿਆ ਨੂੰ ਕਾਇਮ ਰੱਖਿਆ ਜਾ ਸਕੇ। ਇਸ ਸਮੇਂ ਹਰਨੇਕ ਸਿੰਘ ਬੀਕਾ, ਬਲਕਾਰ ਸਿੰਘ ਸਾਬਕਾ ਸਰਪੰਚ, ਪਰਮਜੀਤ ਸਿੰਘ ਗਿੱਲ, ਬਲਿਹਾਰ ਸਿੰਘ ਬਘੌਰਾਂ, ਰੇਸ਼ਮ ਸਿੰਘ ਪੰਚ, ਬਲਵੀਰ ਰਾਮ, ਜੀਵਨ ਸਿੰਘ, ਬਲਿਹਾਰ ਸਿੰਘ ਪੰਚ, ਗਰੀਬ ਦਾਸ, ਦੇਬੀ ਰਟੈਂਡਾ, ਲਸਕਰੀ ਮਜਾਰੀ ਆਦਿ ਹਾਜ਼ਰ ਸਨ।

25-SEP-PAGE-10.qxd 9/24/2023 8:47 PM Page 1



# ਛੋਟੀ ਕਿਸਾਨੀ ਦੇ ਉਜਾੜੇ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਆਗੂ

## ਕਾਲੂਵਾਲਾ 'ਚ ਕਿਸਾਨ ਜਥੇਬੰਦੀਆਂ ਵੱਲੋਂ ਪੱਕਾ ਮੋਰਚਾ ਸ਼ੁਰੂ



ਜਲਾਲਾਬਾਦ (ਜੀਤ ਕੁਮਾਰ)- ਸੰਯੁਕਤ ਕਿਸਾਨ ਮੋਰਚੇ ਦੀਆਂ ਕੁਝ ਜਥੇਬੰਦੀਆਂ ਵੱਲੋਂ ਹਲਕਾ ਜਲਾਲਾਬਾਦ ਅਧੀਨ ਆਉਂਦੇ ਪਿੰਡ ਬੱਘੇਕੇ ਉਤਾੜ (ਕਾਲੂ ਵਾਲਾ) ਵਿਖੇ ਸਰਕਾਰ ਦੀ ਗਿਣੀ ਮਿੱਥੀ ਚਾਲ ਦੇ ਕੁਝ ਕਿਸਾਨਾਂ ਦੀ ਜ਼ਮੀਨ ਦੇ ਉਜਾੜੇ ਦੇ ਵਿਰੋਧ ਵਿੱਚ ਪੱਕਾ ਮੋਰਚਾ ਸ਼ੁਰੂ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਆਗੂ ਰੇਸਮ ਮਿੱਢਾ ਨੇ ਦੱਸਿਆ ਕਿ ਪਿੰਡ ਕਾਲੂ ਵਾਲਾ ਦਾ ਲਗਭਗ ਵੀਹ ਏਕੜ ਰਕਬਾ, ਜੋ ਰਿਕਾਰਡ ਮੁਤਾਬਿਕ ਕਿਸਾਨਾਂ ਦੀ ਮਾਲਕੀ ਹੈ, ਪਿਛਲੇ ਲੰਮੇ ਤੋਂ ਉਨ੍ਹਾਂ ਵੱਲੋਂ ਉਸ ਜ਼ਮੀਨ 'ਤੇ ਖੇਤੀ ਕੀਤੀ ਜਾ ਰਹੀ ਹੈ। ਇਸ ਜ਼ਮੀਨ ਨਾਲ ਰਿਕਾਰਡ ਵਿੱਚ ਪੰਚਾਇਤ ਦਾ ਕੋਈ ਲੈਣ ਦੇਣ ਨਹੀਂ ਤੇ ਮੌਜੂਦਾ ਵਿਧਾਇਕ ਵੱਲੋਂ ਪੰਚਾਇਤ ਨਾਲ ਗੰਢਤੁੱਪ ਕਰਕੇ ਇਹ ਸਾਰਾ ਕੁੱਝ ਕੀਤਾ ਜਾ ਰਿਹਾ ਹੈ ਅਤੇ ਇਸ ਜ਼ਮੀਨ ਵਿੱਚ ਲੋਕਾਂ ਦੇ ਰਿਹਾਇਸ਼ੀ ਮਕਾਨ ਵੀ ਹਨ ਅਤੇ ਮੋਟਰਾਂ ਦੇ ਕੁਨੈਕਸ਼ਨ ਵੀ ਲੰਮੇ ਸਮੇਂ ਤੋਂ ਉਨ੍ਹਾਂ ਦੇ ਨਾਮ 'ਤੇ ਹਨ ਅਤੇ ਇੱਥੋਂ ਤੱਕ ਕਿ ਕਈ ਅਦਾਲਤ ਵੀ ਉਨ੍ਹਾਂ ਦੀ ਮਾਲਕੀ ਮੰਨ ਚੁੱਕੀਆਂ ਹਨ, ਪਰ ਇਸ ਸਭ ਕੁਝ ਦੇ ਬਾਵਜੂਦ ਸਰਕਾਰ ਤੇ ਉਸ ਦਾ ਮੌਜੂਦਾ ਐੱਮ.ਐੱਲ.ਏ. ਮਾੜੀ ਨੀਤ ਨਾਲ ਇਨ੍ਹਾਂ ਕਿਸਾਨਾਂ ਨੂੰ ਉਜਾੜ ਕੇ ਆਪ ਜ਼ਮੀਨ ਹੜੱਪਣਾ ਚਹੁੰਦੇ ਹਨ ਜਿਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਕਿਸਾਨਾਂ ਨੂੰ ਕੋਈ ਨੋਟਿਸ ਕੱਢੇ ਬਗੈਰ ਅੱਜ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਜਿਸ ਜ਼ਮੀਨ ਦਾ ਕਬਜ਼ਾ ਲੈਣ ਲਈ ਆਉਣਾ ਸੀ, ਜਦਕਿ ਉਸ ਜ਼ਮੀਨ ਵਿੱਚ ਉਕਤ ਕਿਸਾਨਾਂ ਵੱਲੋਂ ਝੋਨੇ ਦੀ ਫਸਲ ਬੀਜੀ ਹੋਈ, ਜੋ ਪੱਕਣ ਕਿਨਾਰੇ ਖੜੀ ਹੈ। ਜਦੋਂ ਇਸ ਗੱਲ ਦਾ ਪਤਾ ਉਕਤ ਜ਼ਮੀਨ ਦੇ ਮਾਲਕਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਕਿਸਾਨ ਜਥੇਬੰਦੀਆਂ ਨਾਲ ਸੰਪਰਕ ਕੀਤਾ। ਆਗੂਆਂ ਨੇ ਦੱਸਿਆ ਕਿ ਜਦੋਂ ਸੰਬੰਧਤ ਪ੍ਰਸ਼ਾਸਨ ਅਧਿਕਾਰੀਆਂ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਕਮਿਸ਼ਨਰ ਦੇ ਆਡਰ ਹਨ ਤੇ ਇਸ ਸੰਬੰਧੀ ਤੁਸੀਂ ਮੌਜੂਦਾ ਐੱਮ.ਐੱਲ.ਏ. ਨਾਲ ਤਾਲਮੇਲ ਕਰੋ। ਆਗੂਆਂ ਨੇ ਕਿਹਾ ਕਿ ਜਿਸ ਕਰਕੇ ਸਾਨੂੰ ਮਜਬੂਰਨ ਇਹ ਧਰਨਾ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ ਤੇ ਜਿਹੜੀ ਨੀਤ ਨਾਲ ਸਰਕਾਰ ਤੇ ਉਸ ਦਾ ਮੌਜੂਦਾ ਵਿਧਾਇਕ ਇਸ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਉਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਕੁੱਲ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਹੰਸ ਰਾਜ ਗੋਲਡਨ, ਬਲਾਕ ਜਲਾਲਾਬਾਦ ਦੇ ਪ੍ਰਧਾਨ ਕ੍ਰਿਸ਼ਨ ਧਰਮੂ ਵਾਲਾ, ਬਲਵੰਤ ਚੌਹਾਨਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਸਕੱਤਰ ਬਿਸ਼ਨ ਚੌਹਾਨਾ, ਮੀਤ ਪ੍ਰਧਾਨ ਗੁਰਵਿੰਦਰ ਮੰਨੇ ਵਾਲਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਮਹਿੰਦਰ ਸਿੰਘ ਸੁਬਾਜਕੇ, ਬਲਾਕ ਪ੍ਰਧਾਨ ਰਮੇਸ਼ ਸਿੰਘ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀ ਵਾਲਾ, ਜ਼ਿਲ੍ਹਾ ਆਗੂ ਨਰਿੰਦਰ ਢਾਬਾਂ ਸਰਪੰਚ, ਸਤੀਸ਼ ਛੱਪੜੀ ਵਾਲਾ, ਨਰੇਗਾ ਵਰਕਰਾਂ ਦੇ ਜ਼ਿਲ੍ਹਾ ਆਗੂ ਜਰਨੈਲ ਢਾਬਾਂ ਤੇ ਤੇਜਾ ਸਿੰਘ ਅਮੀਰ ਖਾਸ ਨੇ ਵੀ ਸੰਬੋਧਨ ਕੀਤਾ।

# 18 ਨੂੰ ਕਾਲੇ ਚੋਲੇ ਪਾ ਕੇ ਸੰਗਰੂਰ 'ਚ ਕੀਤਾ ਜਾਵੇਗਾ ਰੋਸ ਮਾਰਚ : ਗੁਰਜੰਟ ਕੋਕਰੀ





ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)- ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਵਿੱਚ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਡਿੰਪਲ ਰੁਹੇਲਾ ਵੱਲੋਂ ਲੁਧਿਆਣਾ ਵਿਖੇ ਸਾਂਝਾ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਨੋਟੀਫਿਕੇਸ਼ਨ ਦੇ 10 ਮਹੀਨੇ ਬੀਤ ਜਾਣ ਦੇ ਬਾਵਜੂਦ ਪੰਜਾਬ ਦੇ 01-01-2004 ਤੋਂ ਬਾਅਦ ਭਰਤੀ ਇਕ ਵੀ ਮੁਲਾਜ਼ਮ ਦਾ ਜੀ ਪੀ ਐੱਫ ਖਾਤਾ ਨਹੀਂ ਖੋਲ੍ਹਿਆ, ਜਦਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਕਰਨ ਸਬੰਧੀ ਆਪਣਾ ਪ੍ਰਚਾਰ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁਲਾਜ਼ਮ ਪੰਜਾਬ ਦੀ ਦੋਗਲੀ ਨੀਤੀ ਕਾਰਨ ਰੋਸ ਤੇ ਨਿਰਾਸ਼ਾ ਵਿੱਚ ਚੱਲ ਰਹੇ ਹਨ।

ਆਗੂਆਂ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਵੱਲੋਂ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ 18 ਨਵੰਬਰ 2023 ਨੂੰ ਸੰਗਰੂਰ ਵਿਖੇ ਸਮੂਹਕ ਵਫਦ ਵੱਲੋਂ ਕਾਲੇ ਚੋਲੇ ਪਾ ਕੇ ਰੋਸ ਮਾਰਚ ਕੀਤਾ ਜਾਵੇਗਾ। ਇਸ ਦਿਨ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਪੂਰਾ ਇੱਕ ਸਾਲ ਹੋ ਜਾਣਾ ਹੈ। ਇਸ ਤੋਂ ਪਹਿਲਾਂ ਅਕਤੂਬਰ ਮਹੀਨੇ ਵਿੱਚ ਪੂਰੇ ਪੰਜਾਬ ਵਿੱਚ 'ਐੱਨ.ਪੀ.ਐੱਸ. ਕਟੌਤੀ ਬੰਦ ਕਰੋ, ਜੀ. ਪੀ. ਐੱਫ. ਕਟੌਤੀ ਸ਼ੁਰੂ ਕਰੋ।' ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਜਿਸ ਅਨੁਸਾਰ ਸਥਾਨਕ, ਬਲਾਕ, ਤਹਿਸੀਲ, ਡੀਪੂਆਂ, ਦਫਤਰਾਂਵਿੱਚ ਐਕਸ਼ਨ ਕੀਤੇ ਜਾਣਗੇ ਅਤੇ ਪੰਜਾਬ ਸਰਕਾਰ ਦੀਆਂ ਪੁਰਾਣੀ ਪੈਨਸ਼ਨ ਨਾ ਲਾਗੂ ਕਰਨ ਸਬੰਧੀ ਨੀਤੀਆਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। 22 ਅਕਤੂਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਬੱਸ ਸਟੈਂਡ ਮੋਗਾ ਵਿਖੇ ਸੂਬਾ ਕਮੇਟੀ ਦੀ ਮੀਟਿੰਗ ਕਰਕੇ 18 ਨਵੰਬਰ ਦੇ ਸੰਗਰੂਰ ਐਕਸ਼ਨ ਦੀ ਤਿਆਰੀ ਹੋਰ ਤੇਜ਼ ਕੀਤੀ ਜਾਵੇਗੀ। ਇਸ ਸਮੇਂ ਆਗੂਆਂ ਨੇ ਦੱਸਿਆ ਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਤੇ ਹਿਮਾਚਲ ਪ੍ਰਦੇਸ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਅਧੀਨ ਐੱਨ.ਪੀ.ਐੱਸ. ਦੀ ਕਟੌਤੀ ਬੰਦ ਕਰਕੇ ਜੀ.ਪੀ.ਐੱਫ. ਦੀ ਕਟੌਤੀ ਵੀ ਸ਼ੁਰੂ ਕਰ ਦਿੱਤੀ ਹੈ, ਪਰ ਪੰਜਾਬ ਸਰਕਾਰ ਬੇਵਜ੍ਹਾ ਹੀ ਟਾਲ ਮਟੋਲ ਦੀ ਨੀਤੀ ਅਪਣਾ ਕੇ ਮੁਲਾਜ਼ਮਾਂ ਨੂੰ ਗੁੰਮਰਾਹ ਕਰ ਰਹੀ ਹੈ, ਜਿਸ ਨਾਲ ਪੰਜਾਬ ਦੇ ਮੁਲਾਜ਼ਮ ਰੋਸ ਤੇ ਨਿਰਾਸ਼ਾ ਵਿੱਚ ਚੱਲ ਰਹੇ ਹਨ। ਆਗੂਆਂ ਨੇ ਕਿਹਾ ਕਿ ਜਦੋਂ ਵੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੰਦੀ ਹੈ ਤਾਂ ਪੰਜਾਬ ਦੇ ਮੁਲਾਜ਼ਮਾਂ ਦਾ ਜੀ ਪੀ ਐੱਫ ਲਗਪਗ 180 ਕਰੋੜ ਰੁਪਏ ਮਹੀਨਾ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਆਵੇਗਾ ਤੇ ਪੰਜਾਬ ਸਰਕਾਰ ਦਾ ਐੱਨ.ਪੀ.ਐੱਸ. ਕਟੌਤੀ ਦਾ 14% ਸ਼ੇਅਰ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਹੀ ਰਹੇਗਾ, ਜਿਸ ਨਾਲ ਸਾਨੂੰ ਲਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ, ਜਿਸ ਨਾਲ ਪੰਜਾਬ ਸਰਕਾਰ ਦੇ ਆਰਥਿਕ ਬਜਟ ਨੂੰ ਵੱਡਾ ਬਲ ਮਿਲੇਗਾ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਦੀ ਜੀ.ਪੀ.ਐੱਫ. ਕਟੌਤੀ ਸ਼ੁਰੂ ਨਾ ਕੀਤੀ ਤਾਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਸਖਤ ਐਕਸ਼ਨ ਕੀਤੇ ਜਾਣਗੇ। ਇਸ ਸਮੇਂ ਸੁਰਿੰਦਰ ਸਿੰਘ ਮੋਗਾ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਮਾੜੀ ਮੇਘਾ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਨਾਹਰ ਸਿੰਘ ਸਮੇਤ ਆਗੂ ਹਾਜ਼ਰ ਸਨ।

## ਕਾਤਰਾਂ

### ਅਸ਼ਵਨੀ ਬਹਾਵਲਪੁਰੀਆ ਰਾਮਲੀਲ੍ਹਾ, ਦੁਸਹਿਰਾ ਕਮੇਟੀ ਦੇ ਪ੍ਰਧਾਨ ਚੁਣੇ

ਤਪਾ ਮੰਡੀ (ਅਰੁਣ ਗੋਇਲ)-ਸ਼ੈਲਰ ਉਦਯੋਗ ਨਾਲ ਸੰਬੰਧਤ ਅਸ਼ਵਨੀ ਕੁਮਾਰ ਬਹਾਵਲਪੁਰੀਆ ਨੂੰ ਰਾਮ ਲੀਲਾ ਤੇ ਦੁਸਹਿਰਾ ਕਮੇਟੀ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਅਸ਼ਵਨੀ ਬਹਾਵਲਪੁਰੀਆ ਨੇ ਦੱਸਿਆ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਨਿਡਰ ਹੋਕੇ ਨਿਭਾਉਣਗੇ, ਜਿਥੋਂ ਤੱਕ ਰਾਮਲੀਲਾ ਦਾ ਸਵਾਲ ਹੈ ਹਰ ਸਾਲ ਦੀ ਤਰ੍ਹਾਂ ਨਾਲ ਹੋਵੇਗੀ ਤੇ ਉਨ੍ਹਾਂ ਨਵੇਂ ਕਲਾਕਾਰਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਕਿ ਉਹ ਰਾਮ ਲੀਲਾ 'ਚ ਰੋਲ ਅਦਾ ਕਰਨ ਅਤੇ ਦੁਸਹਿਰਾ ਵੀ ਟਰੱਕ ਯੂਨੀਅਨ ਦੇ ਮੈਦਾਨ 'ਚ ਕਰਾਇਆ ਜਾਵੇਗਾ, ਗਰਾਊਂਡ ਦੀ ਵੱਡੀ ਪੱਧਰ 'ਤੇ ਸਫ਼ਾਈ ਦਾ ਕੰਮ ਚੱਲ ਪਿਆ ਹੈ। ਇਸ ਮੌਕੇ ਜੀਵਨ ਭੂਤ, ਪੰਕਾ ਅਗਰਵਾਲ, ਸੁਰੇਸ਼ ਚੰਦੇਲ, ਨਾਜ ਸਿੰਗਲਾ, ਰਮੇਸ਼ ਘੋਪਾ, ਸੂਰਜ ਭਾਨ ਆਲੀਕੇ, ਬਿੱਟੂ ਭੈਣੀ, ਚੂਨੀ ਲਾਲ ਅਰੋੜਾ, ਸੱਤਪਾਲ ਅਰੋੜਾ, ਪੰਡਤ ਰਾਕੇਸ਼ ਕੁਮਾਰ ਤਪਾ ਆਦਿ ਹਾਜ਼ਰ ਸਨ।

### ਬਲਦੇਵ ਸਿਬੀਆ ਨੂੰ ਸਦਮਾ, ਭਰਾ ਦੀ ਮੌਤ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਦੇਵ ਸਿੰਘ ਸਿਬੀਆ ਨੂੰ ਉਸ ਵੇਲੇ ਭਾਰੀ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਛੋਟੇ ਭਾਈ ਕਰਮ ਸਿੰਘ ਦਾ ਦੇਹਾਂਤ ਹੋ ਗਿਆ। ਕਰਮ ਸਿੰਘ ਆਪਣੇ ਪਿੱਛੇ ਪੁੱਤਰ ਚਰਨਜੀਤ ਸਿੰਘ, ਪੋਤਰੇ ਹਰਦੀਪ ਸਿੰਘ ਤੇ ਮਨਪ੍ਰੀਤ ਸਿੰਘ ਅਤੇ ਧੀ ਪਰਮਜੀਤ ਕੌਰ ਛੱਡ ਗਏ ਹਨ। ਸ੍ਰੀ ਸਿਬੀਆ ਨੇ ਦੱਸਿਆ ਕਿ ਕਰਮ ਸਿੰਘ ਨਮਿੱਤ ਅੰਤਮ ਅਰਦਾਸ 29 ਸਤੰਬਰ ਨੂੰ ਪਿੰਡ ਮੜ੍ਹ ਮੱਲੂ (ਮੁਕਤਸਰ-ਸਾਦਿਕ) ਰੋਡ ਉੱਪਰ ਹੋਵੇਗੀ।

### ਕਤਲ ਕੇਸ 'ਚ ਲੋੜੀਂਦਾ ਭਗੌੜਾ ਕਾਬੂ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਪੁਲਸ ਥਾਣਾ ਸਮਾਲਸਰ ਦੀ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਪਿੰਡ ਸੇਖਾ ਕਲਾਂ ਦੇ ਖੇਤਾਂ ਵਿੱਚ ਸਥਿਤ ਸ਼ਰਾਬ ਦੇ ਚੜ੍ਹਾਵੇ ਵਾਲੇ ਬਾਬਾ ਰੁੱਖੜ ਦਾਸ ਦੇ ਸਥਾਨ 'ਤੇ 10 ਮਈ ਦੀ ਰਾਤ ਨੂੰ ਹੱਤਿਆ ਦੇ ਮਾਮਲੇ 'ਚ ਨਾਮਜ਼ਦ ਕੀਤੇ ਗਏ ਕਥਿਤ ਦੋਸ਼ੀ ਲਹਿੰਬਰ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਪਿੰਡ ਸੇਖਾ ਕਲਾਂ, ਜੋ ਭਗੌੜਾ ਕਰਾਰ ਦਿੱਤਾ ਗਿਆ ਸੀ, ਨੂੰ ਦਿੱਲੀ ਏਅਰਪੋਰਟ ਤੋਂ ਕਾਬੂ ਕਰ ਲਿਆ ਗਿਆ। ਥਾਣਾ ਮੁਖੀ ਦਿਲਬਾਗ ਸਿੰਘ ਬਰਾੜ ਨੇ ਦੱਸਿਆ ਕਿ ਲਹਿੰਬਰ ਸਿੰਘ, ਜੋ ਵਿਦੇਸ਼ ਜਾਣ ਦੀ ਤਾਕ ਵਿੱਚ ਦਿੱਲੀ ਦੇ ਏਅਰਪੋਰਟ 'ਤੇ ਬੈਠਾ ਸੀ, ਨੂੰ ਕਾਬੂ ਕੀਤਾ ਗਿਆ, ਜਿਸ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰ ਕੇ ਪੁਲਸ ਰਿਮਾਂਡ ਮਿਲਿਆ ਹੈ। ਉਨ੍ਹਾ ਦੱਸਿਆ ਕਿ ਦੂਸਰੇ ਭਗੌੜੇ ਸੁਖਚੈਨ ਸਿੰਘ ਉਰਫ ਰਾਜਾ ਭਗਤੇ ਵਾਲਾ ਪੁੱਤਰ ਬਲਵਿੰਦਰ ਸਿੰਘ ਦੀ ਗ੍ਰਿਫਤਾਰੀ ਅਜੇ ਬਾਕੀ ਹੈ, ਜਿਸ ਦੀ ਗ੍ਰਿਫਤਾਰੀ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

### ਬਿਨਾਂ ਕਾਗਜ਼ਾਂ ਵਾਲੇ 7 ਵਹੀਕਲ ਇੰਪਾਊਂਡ ਕੀਤੇ

ਤਪਾ ਮੰਡੀ (ਅਰੁਣ ਗੋਇਲ)-ਤਪਾ ਪੁਲਸ ਨੇ ਨਾਕਾਬੰਦੀ ਦੌਰਾਨ ਬਿਨਾਂ ਕਾਗਜ਼ਾਤ ਦੇ ਦੋ ਪਹੀਆ ਵਾਹਨ ਚਾਲਕਾਂ ਦੇ 7 ਵਹੀਕਲ ਇੰਪਾਊਂਡ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ। ਇਸ ਸੰਬੰਧੀ ਥਾਣਾ ਮੁਖੀ ਗੁਰਵਿੰਦਰ ਸਿੰਘ ਤੇ ਚੌਕੀ ਇੰਚਾਰਜ ਕਰਮਜੀਤ ਸਿੰਘ ਦੀ ਸਾਂਝੇ ਤੌਰ 'ਤੇ ਬਾਲਮੀਕ ਚੌਕ 'ਚ ਕੀਤੀ ਨਾਕਾਬੰਦੀ ਦੌਰਾਨ ਸ਼ੱਕੀ ਵਿਅਕਤੀਆਂ ਤੇ ਵਹੀਕਲਾਂ ਦੀ ਭੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਸੀ ਤਾਂ ਪੁਲਸ ਨੇ ਟ੍ਰਿਪਲ ਰਾਈਡਿੰਗ, ਬਿਨਾਂ ਨੰਬਰੀ ਤੇ ਬਿਨਾਂ ਕਾਗਜ਼ਾਤ ਵਾਲੇ 7 ਦੋ ਪਹੀਆ ਵਾਹਨਾਂ ਨੂੰ ਇੰਪਾਊਂਡ ਕੀਤਾ ਗਿਆ ਅਤੇ ਇੱਕ ਵਹੀਕਲ ਦਾ ਚਲਾਨ ਵੀ ਕੱਟਿਆ ਗਿਆ। ਨਾਕਾਬੰਦੀ ਨੂੰ ਦੇਖ ਕੇ ਬਹੁਤੇ ਮੋਟਰਸਾਈਕਲ ਸਵਾਰ ਗੁਪਤ ਰਸਤਿਆਂ ਵਿੱਚ ਦੀ ਵੀ ਲੰਘਦੇ ਦੇਖੇ ਗਏ।

### ਬੀ ਕੇ ਯੂ ਪੰਜਾਬ (ਕਾਦੀਆਂ) ਜ਼ਿਲ੍ਹਾ ਇਕਾਈ ਦੀ ਮੀਟਿੰਗ

ਮਾਨਸਾ/ਭੀਖੀ (ਆਤਮਾ ਸਿੰਘ ਪਮਾਰ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਲਾਕ ਭੀਖੀ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਾਗੋਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਭੀਖੀ ਵਿਖੇ ਕੀਤੀ ਗਈ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਚੱਕ ਭਾਈਕੇ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਕਿਸਾਨੀ ਮੰਗਾਂ ਬਾਰੇ ਗੰਭੀਰ ਵਿਚਾਰਾਂ ਕਰਨ ਤੋਂ ਬਾਅਦ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਉਣ ਵਾਲੀ ਕਣਕ ਦੀ ਬਿਜਾਈ ਨੂੰ ਧਿਆਨ ਵਿੱਚ ਰੱਖਦਿਆਂ ਕਿਸਾਨਾਂ ਨੂੰ ਕਿਸੇ ਕਿਸਮ ਦੀ ਖੱਜਲ ਖੁਆਰੀ ਤੋਂ ਬਚਾਉਣ ਲਈ ਡੀ ਏ ਪੀ ਖਾਦ ਦੇ ਬਫਰ ਸਟਾਕ ਦਾ ਅਗਾਊਂ ਪ੍ਰਬੰਧ ਕੀਤਾ ਜਾਵੇ। ਇਸ ਸਮੇਂ ਭੀਖੀ ਬਲਾਕ ਕਮੇਟੀ ਦਾ ਪੁਨਰਗਠਨ ਵੀ ਕੀਤਾ ਗਿਆ, ਜਿਸ ਅਨੁਸਾਰ ਪਿਰਥੀ ਸਿੰਘ ਢੈਪੀ ਪ੍ਰਧਾਨ, ਬਲਵੀਰ ਸਿੰਘ ਰੱਲਾ ਸੀਨੀਅਰ ਮੀਤ ਪ੍ਰਧਾਨ, ਰਣਜੀਤ ਸਿੰਘ ਭੀਖੀ ਮੀਤ ਪ੍ਰਧਾਨ, ਮਲਕੀਤ ਰਾਮ ਸ਼ਰਮਾ ਭੀਖੀ ਸਕੱਤਰ ਜਨਰਲ, ਰੂਪ ਸਿੰਘ ਫਰਮਾਹੀਂ ਪ੍ਰਚਾਰ ਸਕੱਤਰ ਤੇ ਬੂਟਾ ਸਿੰਘ ਭੀਖੀ ਨੂੰ ਖਜ਼ਾਨਚੀ ਚੁਣਿਆ ਗਿਆ।

# ਕਿਸਾਨਾਂ ਨੂੰ ਝੋਨੇ ਦੀ ਫਸਲ ਵੇਚਣ 'ਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਮਾਂਗਟ



ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ) ਅੱਜ ਮਾਰਕੀਟ ਕਮੇਟੀ ਅਮਲੋਹ ਵਿ ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਆੜ੍ਹਤੀਆ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਪਰਮਵੀਰ ਸਿੰਘ ਮਾਂਗਟ ਦੀ ਅਗਵਾਈ 'ਚ ਮੀਟਿੰਗ ਹੋਈ। ਇਸ ਮੌਕੇ ਪ੍ਰਧਾਨ ਪਰਮਵੀਰ ਸਿੰਘ ਮਾਂਗਟ ਨੇ ਕਿਹਾ ਕਿ 1 ਅਕਤੂਬਰ ਤੋਂ ਝੋਨੇ ਦੇ ਸੀਜ਼ਨ ਦੀ ਖਰੀਦ ਸ਼ੁਰੂ ਹੋਣ ਜਾ ਰਹੀ ਹੈ ਅਤੇ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਭਰੋਸਾ ਵੀ ਦਿੱਤਾ ਗਿਆ ਹੈ ਕਿ ਸੀਜ਼ਨ ਵਿੱਚ ਕਿਸਾਨਾਂ, ਆੜ੍ਹਤੀਆਂ ਅਤੇ ਮੰਡੀ ਨਾਲ ਜੁੜੇ ਵਿਅਕਤੀਆਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ । ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ 'ਚ ਆਈ ਹੈ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਗਈ। ਪ੍ਰਧਾਨ ਮਾਂਗਟ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਾਸਮਤੀ ਦੀ ਫਸਲ ਵੀ ਅਨਾਜ ਮੰਡੀ ਅਮਲੋਹ ਵਿਖੇ ਵੇਚਣ ਲਈ ਲੈ ਕੇ ਆਉਣ ਅਤੇ ਉਸ ਦੀ ਖਰੀਦ ਵੀ ਕੀਤੀ ਜਾਵੇਗੀ। ਇਸ ਮੌਕੇ ਹਰਜਿੰਦਰ ਸਿੰਘ ਪੰਮੀ, ਭਗਤ ਸਿੰਘ, ਅਜੈ ਕੁਮਾਰ, ਕੇਵਲ ਸਿੰਘ ਗੁੱਡੂ, ਰਾਜ ਸਿੰਘ ਵਿਰਕ, ਗੁਰਸੇਵਕ ਸਿੰਘ ਕੋਹਲੀ, ਆਸ਼ੂ ਜਿੰਦਲ, ਪਰਮਵੀਰ ਸਿੰਘ ਲੇਖਾਕਾਰ, ਅਮਨਦੀਪ ਸਿੰਘ ਰੈਹਿਲ, ਮੇਲਾ ਰਾਮ, ਅਵਤਾਰ ਸਿੰਘ, ਰਵੀ ਕੁਮਾਰ, ਮੋਹਨ ਸਿੰਘ ਆਦਿ ਮੌਜੂਦ ਸਨ।

# ਡੇਂਗੂ ਦੀ ਰੋਕਥਾਮ ਲਈ ਘਰ-ਘਰ ਜਾ ਕੇ ਫੌਗਿੰਗ ਯਕੀਨੀ ਬਣਾਈ ਜਾਵੇ : ਡਾ: ਅਰੁਣ ਮਿੱਤਰਾ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)- ਇੰਡੀਅਨ ਡਾਕਟਰਜ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਦੇ ਪ੍ਰਧਾਨ ਡਾ: ਅਰੁਣ ਮਿੱਤਰਾ ਨੇ ਇੱਕ ਬਿਆਨ ਵਿੱਚ ਮੰਗ ਕੀਤੀ ਹੈ ਕਿ ਡੇਂਗੂ ਬੁਖਾਰ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਨਗਰ ਨਿਗਮ ਹਰ ਘਰ ਵਿੱਚ ਮੱਛਰ ਮਾਰਨ ਵਾਲੇ ਏਜੰਟਾਂ ਦੀ ਫੌਗਿੰਗ ਨੂੰ ਯਕੀਨੀ ਬਣਾਉਣ। ਆਮ ਤੌਰ 'ਤੇ ਗਲੀਆਂ ਵਿੱਚ ਹੀ ਫੌਗਿੰਗ ਕਰਨ ਦਾ ਰਿਵਾਜ ਹੈ। ਇਸ ਨਾਲ ਘਰਾਂ ਦੇ ਡੂੰਘੇ ਖੇਤਰਾਂ ਵਿੱਚ ਫੌਗਿੰਗ ਦਾ ਅਸਰ ਮਹਿਸੂਸ ਨਹੀਂ ਹੁੰਦਾ। ਗਰੀਬ ਕਲੋਨੀਆਂ ਨੂੰ ਆਮ ਤੌਰ 'ਤੇ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ ਭਾਵੇਂ ਕਿ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਕੋਲ ਮੱਛਰ ਦੇ ਕੱਟਣ ਤੋਂ ਰੋਕਣ ਲਈ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਨਾਗਰਿਕਾਂ ਨੂੰ ਵੀ ਪੂਰੀ ਬਾਹਾਂ ਵਾਲੀਆਂ ਕਮੀਜ਼ਾਂ ਪਹਿਨਣ, ਲੱਤਾਂ ਤੇ ਪੈਰ ਢੱਕਣ, ਘਰਾਂ ਵਿੱਚ ਮੱਛਰ ਭਜਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਨ ਤੇ ਲੋੜ ਪੈਣ 'ਤੇ ਮੱਛਰਦਾਨੀ ਦੀ ਵਰਤੋਂ ਕਰਨ ਲਈ ਸਾਵਧਾਨੀਆਂ ਵਰਤਣ ਦੀ ਲੋੜ ਹੈ। ਘਰ ਵਿੱਚ ਜਾਂ ਆਲੇ ਦੁਆਲੇ ਕਿਸੇ ਥਾਂ 'ਤੇ ਪਾਣੀ ਨਾ ਖੜਾ ਰਹਿਣ ਦਿਓ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਡੇਂਗੂ ਸਤੰਬਰ ਤੋਂ ਨਵੰਬਰ ਦੇ ਅੰਤ ਤੱਕ ਵੱਡੇ ਪੱਧਰ 'ਤੇ ਫੈਲਦਾ ਹੈ। ਤੇਜ਼ ਬੁਖਾਰ ਤੇ ਸਰੀਰ ਵਿੱਚ ਦਰਦ ਹੋਣ ਦੀ ਸਥਿਤੀ ਵਿੱਚ ਲੋਕਾਂ ਨੂੰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

# ਪਹਿਲਵਾਨਾਂ ਦੇ ਸਮਰਥਨ ਲਈ ਮਾਨਸਾ ਤੋਂ ਔਰਤਾਂ ਤੇ ਮਜ਼ਦੂਰਾਂ ਦਾ ਜਥਾ ਰਵਾਨਾ



ਮਾਨਸਾ (ਪਮਾਰ)-ਆਲ ਇੰਡੀਆ ਪ੍ਰਗਤੀਸ਼ੀਲ ਇਸਤਰੀ ਸਭਾ (ਏਪਵਾ) ਦੇ ਸੱਦੇ 'ਤੇ ਮਾਨਸਾ ਰੇਲਵੇ ਸਟੇਸ਼ਨ ਤੋਂ ਏਪਵਾ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦਾ ਇਕ ਜਥਾ ਦਿੱਲੀ ਲਈ ਰਵਾਨਾ ਹੋਇਆ। ਰੇਲਵੇ ਸਟੇਸ਼ਨ 'ਤੇ ਜੁੜੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਔਰਤ ਆਗੂਆਂ ਨੇ ਦੱਸਿਆ ਕਿ ਦੇਸ਼ ਦੀਆਂ ਕੌਮਾਂਤਰੀ ਪੱਧਰ ਦੀਆਂ ਕੁਝ ਨਬਾਲਿਗ ਤੇ ਬਾਲਗ ਪਹਿਲਵਾਨ ਲੜਕੀਆਂ ਨੇ ਅਪਣੇ ਲਿਖਤੀ ਬਿਆਨਾਂ ਵਿੱਚ ਕੌਮੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਬੀਜੇਪੀ ਦੇ ਐੱਮ ਪੀ ਬ੍ਰਿਜਭੂਸ਼ਨ ਸਿੰਘ ਉਤੇ ਉਨ੍ਹਾਂ ਨਾਲ ਜਿਸਮਾਨੀ ਛੇੜਖਾਨੀ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਦੇਸ਼ ਦੀਆਂ ਉਲੰਪਿਕ ਤਮਗਾ ਜੇਤੂ ਕਈ ਪਹਿਲਵਾਨ ਲੜਕੀਆਂ ਤੇ ਲੜਕੇ, ਮੁਜਰਮਾਨਾ ਰਿਕਾਰਡ ਵਾਲੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਬੀਜੇਪੀ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਸਿੰਘ ਦੀ ਗ੍ਰਿਫਤਾਰੀ ਤੇ ਕੁਸ਼ਤੀ ਫੈਡਰੇਸ਼ਨ ਦੀ ਪ੍ਰਧਾਨਗੀ ਤੋਂ ਹਟਾਉਣ ਦੀ ਮੰਗ ਨੂੰ ਲੈ ਕੇ ਪਿਛਲੇ 24 ਦਿਨਾਂ ਤੋਂ ਦਿੱਲੀ ਜੰਤਰ ਮੰਤਰ ਉਤੇ ਦਿਨ-ਰਾਤ ਦੇ ਧਰਨੇ 'ਤੇ ਬੈਠੇ ਹੋਏ ਹਨ, ਪਰ ਮੋਦੀ-ਯੋਗੀ ਸਰਕਾਰ ਇਸ ਅਪਰਾਧੀ ਪਿਛੋਕੜ ਵਾਲੇ ਅਪਣੇ ਬਾਹੂਬਲੀ ਨੇਤਾ ਦੀ ਗ੍ਰਿਫਤਾਰੀ ਨੂੰ ਪੂਰੀ ਬੇਸ਼ਰਮੀ ਨਾਲ ਟਾਲਦੀ ਆ ਰਹੀ ਹੈ। ਇਸ ਤਾਕਤਵਰ ਵਿਅਕਤੀ ਦੇ ਸਰਕਾਰ ਤੇ ਪ੍ਰਸ਼ਾਸਨ ਉਤੇ ਸਿਆਸੀ ਦਬਦਬੇ ਦਾ ਆਲਮ ਇਹ ਹੈ ਕਿ ਪਹਿਲਵਾਨ ਲੜਕੀਆਂ ਦੀਆਂ ਤਿੰਨ ਮਹੀਨੇ ਪਹਿਲਾਂ ਦਿੱਤੀਆਂ ਲਿਖਤੀ ਸ਼ਿਕਾਇਤਾਂ ਦੇ ਬਾਵਜੂਦ ਪੁਲਸ ਨੇ ਬ੍ਰਿਜਭੂਸ਼ਨ ਸਿੰਘ ਖਿਲਾਫ ਐੱਫਆਈਆਰ ਤੱਕ ਦਰਜ ਕਰਨ ਦੀ ਜੁਰਅਤ ਨਹੀਂ ਸੀ ਕੀਤੀ, ਅਜਿਹਾ ਸਿਰਫ ਉਦੋਂ ਹੀ ਹੋਇਆ ਜਦੋਂ ਸੁਪਰੀਮ ਕੋਰਟ ਵੱਲੋਂ ਐੱਫ ਆਈ ਆਰ ਦਰਜ ਕਰਨ ਬਾਰੇ ਸਪੱਸ਼ਟ ਹਦਾਇਤਾਂ ਦੇ ਦਿੱਤੀਆਂ, ਪਰ ਇਸ ਦੇ ਬਾਵਜੂਦ ਹਾਲੇ ਵੀ ਪੜਤਾਲ ਦੇ ਨਾਂ 'ਤੇ ਪੁਲਸ ਇਸ ਦੀ ਗ੍ਰਿਫਤਾਰੀ ਨੂੰ ਤੇ ਮੋਦੀ ਸਰਕਾਰ ਉਸ ਨੂੰ ਕੁਸ਼ਤੀ ਫੈਡਰੇਸ਼ਨ ਦੀ ਪ੍ਰਧਾਨਗੀ ਤੋਂ ਹਟਾਉਣ ਨੂੰ ਲਗਾਤਾਰ ਟਾਲ ਰਹੇ ਹਨ। ਅੰਦੋਲਨਕਾਰੀਆਂ ਦੇ ਇਸ ਜਥੇ ਦੀ ਅਗਵਾਈ ਏਪਵਾ ਆਗੂ ਜਸਬੀਰ ਕੌਰ ਨੱਤ, ਬਲਵਿੰਦਰ ਕੌਰ ਬੈਰਾਗੀ, ਕਿਰਨਜੀਤ ਕੌਰ ਭੀਖੀ ਰਾਣੀ ਕੌਰ ਭੰਮੇ, ਕਮਲਪ੍ਰੀਤ ਕੌਰ ਝੁਨੀਰ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਕਾਮਰੇਡ ਦਰਸ਼ਨ ਸਿੰਘ ਦਾਨੇਵਾਲਾ ਤੇ ਬਲਵਿੰਦਰ ਸਿੰਘ ਘਰਾਂਗਣਾ ਕਰ ਰਹੇ ਸਨ।

# ਸਾਲਾਨਾ ਜੋੜ ਮੇਲੇ ਦੇ ਲੰਗਰਾਂ ਲਈ ਨਗਦ ਰਾਸ਼ੀ ਸੌਂਪੀ



ਮੁਕਤਸਰ (ਸ਼ਮਿੰਦਰਪਾਲ/ਪੂਜਾ)-ਪਿੰਡ ਚੱਕ ਬਾਜਾ ਮਰਾੜ੍ਹ ਵਾਸੀਆਂ ਵੱਲੋਂ ਪੂਰਨ ਬ੍ਰਹਮਗਿਆਨੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੌਰਾਨ 6, 7, 8 ਅਕਤੂਬਰ ਨੂੰ ਲਗਾਏ ਜਾ ਰਹੇ ਸਾਲਾਨਾ ਵਿਸ਼ਾਲ ਲੰਗਰਾਂ ਵਿੱਚ ਰਾਸ਼ਨ ਸਮੱਗਰੀ ਲਈ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ 60000/- ਨਗਦ ਰਾਸ਼ੀ ਸੇਵਾ ਦੇ ਤੌਰ 'ਤੇ ਪਿੰਡ ਵਾਸੀਆਂ ਨੂੰ ਸੌਂਪੀ ਗਈ। ਉਨ੍ਹਾਂ ਆਪਣੇ ਜੱਦੀ ਪਿੰਡ ਚੱਕ ਬਾਜਾ ਮਰਾੜ੍ਹ ਦੇ ਨੌਜਵਾਨਾਂ ਵਿੱਚ ਇਸ ਧਾਰਮਿਕ ਕਾਰਜ ਲਈ ਭਾਰੀ ਉਤਸ਼ਾਹ ਨੂੰ ਦੇਖਦਿਆਂ ਕਿਹਾ ਕਿ ਸਾਲਾਨਾ ਜੋੜ ਮੇਲੇ ਦੌਰਾਨ ਹਰ ਸਾਲ ਸੰਗਤਾਂ ਦੇਸ਼ ਵਿਦੇਸ਼ 'ਚੋਂ ਵੱਡੀ ਗਿਣਤੀ 'ਚ ਨਤਮਸਤਕ ਹੁੰਦੀਆਂ ਹਨ ਤੇ ਕੌਮ ਦੇ ਮਹਾਨ ਰਾਗੀ, ਢਾਡੀ, ਕਵੀਸ਼ਰ ਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਸ਼ਰਵਣ ਕਰਵਾਉਂਦੇ ਹਨ। ਇਸ ਮੌਕੇ ਹੀਰਾ ਸਿੰਘ, ਪ੍ਰਗਟ ਸਿੰਘ, ਹਰਜੀਤ ਸਿੰਘ, ਸਤਨਾਮ ਸਿੰਘ, ਸੁਖਚੈਨ ਸਿੰਘ, ਦਲਜੀਤ ਸਿੰਘ, ਜਸਪਾਲ ਸਿੰਘ ਪੀ ਏ, ਨਿਸ਼ਾਨ ਸਿੰਘ, ਜਸ਼ਨ ਆਦਿ ਹਾਜ਼ਰ ਸਨ।

# ਬਦਲਦੇ ਮੌਸਮ ਦੌਰਾਨ ਦਿਮਾਗ਼ ਦਾ ਦੌਰਾ ਪੈਣ ਦਾ ਖਤਰਾ ਵੱਧ : ਡਾ. ਵਿਵੇਕ ਗੁਪਤਾ



ਬਠਿੰਡਾ/ਸੰਗਤ ਮੰਡੀ (ਪਰਵਿੰਦਰਜੀਤ ਸਿੰਘ/ਰਾਜਦੀਪ ਜੋਸ਼ੀ) ਬ੍ਰੇਨ ਸਟਰੋਕ ਦੌਰਾਨ ਮਰੀਜ਼ ਲਈ ਹਰ ਸਕਿੰਟ ਮਾਇਨੇ ਰੱਖਦਾ ਹੈ, ਕਿਉਂਕਿ ਸਿਹਤ ਸੰਭਾਲ ਦੀ ਘਾਟ ਕਾਰਨ ਔਸਤਨ ਮਰੀਜ਼ ਹਰ ਮਿੰਟ ਸਟਰੋਕ ਵਿੱਚ 1.9 ਮਿਲੀਅਨ ਨਿਊਰੋਨਸ ਗੁਆ ਦਿੰਦਾ ਹੈ, ਜਿਸ ਕਾਰਨ ਹਮੇਸ਼ਾ ਅਧਰੰਗ ਜਾਂ ਮੌਤ ਦਾ ਵੱਡਾ ਕਾਰਨ ਬਣਦਾ ਹੈ, ਉਥੇ ਹੀ ਹੁਣ ਮੈਡੀਕਲ ਜਗਤ ਵਿੱਚ ਆਈ ਤਕਨੀਕੀ ਕ੍ਰਾਂਤੀ ਨਾਲ ਬ੍ਰੇਨ ਸਟਰੋਕ ਤੋਂ ਪੀੜਤ ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਸਕਦੇ ਹਨ। ਇਹ ਗੱਲ ਉੱਤਰੀ ਭਾਰਤ ਦੇ ਪ੍ਰਸਿੱਧ ਨਿਊਰੋਲੋਜਿਸਟ ਡਾ. ਵਿਵੇਕ ਗੁਪਤਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਹੀ, ਜਿਨ੍ਹਾਂ ਵੱਲੋਂ ਮਕੈਨੀਕਲ ਥਰੋਮਬੈਕਟੋਮੀ ਵਰਗੇ ਅਡਵਾਂਸ ਨਿਊਰੋ-ਇੰਟਰਵੈਂਸ਼ਨਲ ਇਲਾਜ ਰਾਹੀਂ ਬ੍ਰੇਨ ਸਟਰੋਕ ਤੋਂ ਲਕਵਾ ਗ੍ਰਸਤ ਹੋਏ ਮਰੀਜ਼ਾਂ ਨੂੰ ਪੂਰੀ ਤਰ੍ਹਾਂ ਨਾਲ ਸਿਹਤਮੰਦ ਕੀਤਾ। ਬ੍ਰੇਨ ਸਟਰੋਕ ਦੇ ਇਲਾਜ 'ਚ ਆਈ ਤਕਨੀਕੀ ਕ੍ਰਾਂਤੀ ਬਾਰੇ ਫੋਰਟਿਸ ਹਸਪਤਾਲ ਮੋਹਾਲੀ ਦੇ ਇੰਟਰਵੈਂਸ਼ਨਲ ਨਿਊਰੋਰਾਡੀਓਲੋਜੀ ਦੇ ਐਡੀਸ਼ਨਲ ਡਾਇਰੈਕਟਰ ਡਾ. ਪ੍ਰੋਫੈਸਰ ਵਿਵੇਕ ਗੁਪਤਾ ਨੇ ਦੱਸਿਆ ਕਿ ਬਦਲਦੇ ਮੌਸਮ ਦੌਰਾਨ ਦਿਮਾਗ ਦੇ ਰੋਗੀਆਂ ਦੀ ਖੂਨ ਦੀ ਸਪਲਾਈ ਘੱਟ ਜਾਂ ਬਾਧਿਤ ਹੋਣ ਕਾਰਨ ਬ੍ਰੇਨ ਸਟਰੋਕ (ਦਿਮਾਗੀ ਦੌਰਾ) ਪੈਣ ਦਾ ਵੱਧ ਖਤਰਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਬ੍ਰੇਨ ਸਟਰੋਕ ਨਾਲ ਲਕਵਾਗ੍ਰਸਤ ਹੋਏ ਮਰੀਜ਼ ਨੂੰ ਪੂਰੀ ਤਰ੍ਹਾਂ ਤੰਦਰੁਸਤ ਕੀਤਾ ਜਾ ਸਕਦਾ ਹੈ, ਬਸ਼ਰਤੇ ਮਰੀਜ਼ ਨੂੰ ਤੁਰੰਤ ਅਜਿਹੇ ਹਸਪਤਾਲ ਜਿੱਥੇ ਤਜਰਬੇਕਾਰ ਨਿਊਰੋਲੋਜਿਸਟਸ, ਇੰਟਰਵੈਂਸ਼ਨਲ ਨਿਊਰੋਰਾਡੀਓਲੋਜਿਸਟਸ, ਨਿਊਰੋ ਸਰਜਨ, ਐਮਰਜੈਂਸੀ ਫਿਜ਼ੀਸ਼ੀਅਨ, ਐਨਸਥੀਟਿਸਟ ਤੇ ਫਿਜ਼ੀਓਥੈਰੇਪਿਸਟ ਦੀ ਇਕ ਮਾਹਰ ਟੀਮ ਦੇ ਨਾਲ ਐਡਵਾਂਸਡ ਸਟਰੋਕ ਦੇਖਭਾਲ ਸਹੂਲਤਾਂ ਉਪਲਬਧ ਹੋਣ। ਡਾ. ਪ੍ਰੋਫੈਸਰ ਵਿਵੇਕ ਗੁਪਤਾ ਨੇ ਦੱਸਿਆ ਕਿ ਹਾਲ ਹੀ 'ਚ ਬ੍ਰੇਨ ਸਟਰੋਕ ਦੇ 12 ਘੰਟੇ ਬਾਅਦ ਇੱਕ 42 ਸਾਲਾ ਮਰੀਜ਼ ਬੇਹੋਸ਼ੀ ਦੀ ਹਾਲਤ ਵਿੱਚ ਉਨ੍ਹਾਂ ਕੋਲ ਪਹੁੰਚਿਆ। ਉਸ ਦੇ ਸਰੀਰ ਦਾ ਸੱਜਾ ਪਾਸਾ ਅਧਰੰਗ ਹੋ ਗਿਆ ਸੀ। ਜੇ ਡਾਕਟਰੀ ਇਲਾਜ ਵਿੱਚ ਦੇਰੀ ਹੁੰਦੀ, ਤਾਂ ਇਹ ਮਰੀਜ਼ ਨੂੰ ਘਾਤਕ ਸਥਿਤੀ ਵਿੱਚ ਪਾ ਸਕਦਾ ਸੀ। ਮਰੀਜ਼ ਦੀ ਗਰਦਨ ਤੇ ਦਿਮਾਗ ਦੇ ਸੱਜੇ ਪਾਸੇ ਖੂਨ ਦੀ ਖੂਨ ਦੀ ਸਪਲਾਈ ਨੂੰ ਮਕੈਨੀਕਲ ਥਰੋਮਬੈਕਟੋਮੀ ਦੀ ਮੱਦਦ ਨਾਲ ਧਮਨੀ ਤੋਂ ਗਤਲਾ ਹਟਾ ਕੇ ਸੁਚਾਰੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬ੍ਰੇਨ ਸਟਰੋਕਰ ਜਾਂ ਅਧਰੰਗ ਹੋਣ 'ਤੇ ਬਿਲਕੁਲ ਵੀ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਬ੍ਰੇਨ ਸਟਰੋਕ ਦੇ ਇਲਾਜ ਵਿੱਚ ਕ੍ਰਾਂਤੀਕਾਰੀ ਬਦਲਾਅ ਕਾਰਨ ਗੰਭੀਰ ਮਰੀਜ਼ ਵੀ ਠੀਕ ਹੋ ਰਹੇ ਹਨ।

# ਰਾਜਗੜ੍ਹ 'ਚ ਨਸ਼ਾ ਤਸਕਰ ਦੀ 33.27 ਲੱਖ ਦੀ ਜਾਇਦਾਦ ਜ਼ਬਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪਟਿਆਲਾ ਪੁਲਸ ਨੇ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜਬਤ ਕਰਨ ਦੀ ਕਾਰਵਾਈ ਵਿੱਚ ਤੇਜ਼ੀ ਲਿਆਂਦੀ ਹੋਈ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਦੀਆਂ ਹਦਾਇਤਾਂ ਉੱਪਰ ਜ਼ਿਲ੍ਹੇ ਦੇ ਪਿੰਡ ਰਾਜਗੜ੍ਹ ਵਿਖੇ ਨਸ਼ੇ ਵੇਚ ਕੇ ਬਣਾਈ ਗਈ ਜਾਇਦਾਦ ਜਬਤ ਕੀਤੀ ਗਈ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਐੱਸ ਪੀ ਡਿਟੈਕਟਿਵ ਹਰਵੀਰ ਸਿੰਘ ਅਟਵਾਲ ਤੇ ਐੱਸ ਪੀ ਓਪਰੇਸ਼ਨ ਸੌਰਵ ਜਿੰਦਲ ਦੀ ਦੇਖ-ਰੇਖ ਹੇਠ ਥਾਣਾ ਪਸਿਆਣਾ ਦੀ ਪੁਲਸ ਨੇ ਡੀ ਐੱਸ ਪੀ ਸਮਾਣਾ ਨੇਹਾ ਅੱਗਰਵਾਲ ਤੇ ਐੱਸ ਐੱਚ ਓ ਕਰਨਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਅੱਜ ਵਿੱਕੀ ਕੌਰ ਪਤਨੀ ਬਲਕਾਰ ਸਿੰਘ ਵਾਸੀ ਰਾਜਗੜ੍ਹ ਵੱਲੋਂ ਨਸ਼ੇ ਵੇਚ ਕੇ ਬਣਾਈ ਗਈ ਜਾਇਦਾਦ, ਜਿਸ ਦੀ ਕੀਮਤ 33 ਲੱਖ 27 ਹਜ਼ਾਰ 50 ਰੁਪਏ ਹੈ, ਨੂੰ ਨਸ਼ੀਲੇ ਪਦਾਰਥਾਂ ਦੇ ਐਕਟ ਅਧੀਨ ਕਾਰਵਾਈ ਕਰਕੇ ਹੋਏ ਇਸ ਪ੍ਰਾਪਰਟੀ ਨੂੰ ਯੋਗ ਅਥਾਰਟੀ ਤੋਂ ਜਬਤ ਕਰਨ ਦੇ ਹੁਕਮ ਹਾਸਲ ਕਰਕੇ ਕਾਇਦੇ ਅਨੁਸਾਰ ਜਬਤ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਪੁਲਸ ਨੇ ਨਸ਼ਾ ਤਸਕਰ ਦੀ ਪ੍ਰਾਪਰਟੀ ਨੂੰ ਜਬਤ ਕਰਨ ਦੇ ਹੁਕਮ ਵਿੱਕੀ ਕੌਰ ਦੇ ਘਰ ਮੂਹਰੇ ਚਿਪਕਾਅ ਕੇ ਨਸ਼ਾ ਤਸਕਰਾਂ ਨੂੰ ਸਖਤ ਚਿਤਾਵਨੀ ਦਿੱਤੀ ਗਈ ਕਿ ਉਹ ਕਾਲੇ ਕਾਰੋਬਾਰ ਨੂੰ ਛੱਡ ਕੇ ਮੁੱਖ ਧਾਰਾ ਵਿੱਚ ਸ਼ਾਮਲ ਹੋ ਜਾਣ ਨਹੀਂ ਤਾਂ ਪੁਲਸ ਵੱਲੋਂ ਭਵਿੱਖ ਵਿੱਚ ਹੋਰ ਵੀ ਅਜਿਹੀਆਂ ਜਾਇਦਾਦਾਂ ਨੂੰ ਜਬਤ ਕੀਤਾ ਜਾਵੇਗਾ।

# ਸਿਵਲ ਹਸਪਤਾਲ 'ਚ ਦੰਦ ਸਿਹਤ ਸੰਭਾਲ ਪੰਦਰਵਾੜਾ 3 ਤੋਂ



ਸਮਰਾਲਾ (ਸੁਰਜੀਤ ਸਿੰਘ)- ਸਰੀਰ ਦੇ ਵੱਖ-ਵੱਖ ਅੰਗਾਂ ਦੀ ਸਿਹਤ ਦੀ ਸੰਭਾਲ ਲਈ ਪੰਜਾਬ ਦਾ ਸਿਹਤ ਮਹਿਕਮਾ ਸਮੇਂ-ਸਮੇਂ 'ਤੇ ਸਰਕਾਰੀ ਹਸਪਤਾਲਾਂ ਰਾਹੀਂ ਲੋਕਾਂ ਦੇ ਇਲਾਜ ਲਈ ਉੱਦਮ ਕਰਦਾ ਰਹਿੰਦਾ ਹੈ। ਇਸੇ ਸਿਲਸਿਲੇ ਦੇ ਤਹਿਤ ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦੇ ਦੰਦਾਂ ਦੇ ਸਿਹਤ ਨੂੰ ਬਰਕਰਾਰ ਰੱਖਣ ਤੇ ਉਨ੍ਹਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਅਜਿਹਾ ਉੱਦਮ ਕਰਨ ਦਾ ਫੈਸਲਾ ਕੀਤਾ ਹੈ। ਇਸ ਉਪਰਾਲੇ ਤਹਿਤ ਸਥਾਨਕ ਸਿਵਲ ਹਸਪਤਾਲ ਵਿੱਚ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਤਾਰਿਕਜੋਤ ਸਿੰਘ ਦੀ ਅਗਵਾਈ ਹੇਠ ਇਸ ਹਸਪਤਾਲ ਦਾ 36ਵਾਂ ਡੈਂਟਲ ਸਿਹਤ ਪੰਦਰਵਾੜਾ 3 ਤੋਂ 18 ਅਕਤੂਬਰ ਤੱਕ ਮਨਾਇਆ ਜਾ ਰਿਹਾ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਤਾਰਕਜੋਤ ਸਿੰਘ ਨੇ ਦੱਸਿਆ ਕਿ ਇਸ ਪੰਦਰਵਾੜੇ ਵਿੱਚ ਗ਼ਰੀਬ ਤੇ ਜ਼ਰੂਰਤਮੰਦ ਲੋਕਾਂ ਨੂੰ ਦੰਦਾਂ ਦੇ ਸੈੱਟ ਵੀ ਮੁਫ਼ਤ ਦਿੱਤੇ ਜਾਣਗੇ ਅਤੇ ਦੰਦਾਂ ਸੰਬੰਧੀ ਬੀਮਾਰੀਆਂ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਆਮ ਤੌਰ 'ਤੇ ਲੋਕ ਦੰਦਾਂ ਦੀ ਸਿਹਤ ਵੱਲ ਬਹੁਤੀ ਤਵੱਜੋਂ ਨਹੀਂ ਦਿੰਦੇ, ਜਿਸਦੇ ਸਿੱਟੇ ਵਜੋਂ ਕਈ ਵਾਰੀ ਛੋਟੀ ਬਿਮਾਰੀਆਂ ਗੰਭੀਰ ਰੂਪ ਧਾਰ ਲੈਂਦੀਆਂ ਹਨ, ਜਿਸ ਨਾਲ ਮਰੀਜ਼ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਬਾਕੀ ਸਰੀਰ ਦੇ ਸਿਹਤ ਸੰਭਾਲ ਦੇ ਨਾਲ-ਨਾਲ ਦੰਦਾਂ ਦੀ ਸਿਹਤ ਦਾ ਧਿਆਨ ਰੱਖਣਾ ਵੀ ਲਾਜ਼ਮੀ ਹੈ।

ਹਸਪਤਾਲ ਦੇ ਡੈਂਟਲ ਵਿਭਾਗ ਦੇ ਇੰਚਾਰਜ ਤੇ ਦੰਦਾਂ ਦੇ ਮਾਹਿਰ ਡਾਕਟਰ ਕਰਨਵੀਰ ਸਿੰਘ ਨੇ ਦੱਸਿਆ ਕਿ ਇਸ ਪੰਦਰਵਾੜੇ ਦੌਰਾਨ ਸਕੂਲੀ ਬੱਚਿਆਂ ਨੂੰ ਦੰਦਾਂ ਦੀ ਸੰਭਾਲ ਸਬੰਧੀ ਪ੍ਰਦਰਸ਼ਨੀਆਂ ਅਤੇ ਸਕਿੱਟਾਂ ਰਾਹੀਂ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਡਾਕਟਰ ਸੰਜਨਾ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਵੱਧ ਤੋਂ ਵੱਧ ਲੋਕ ਆ ਕੇ ਆਪਣਾ ਡੈਂਟਲ ਚੈੱਕਅਪ ਕਰਾਉਣ ਤਾਂ ਜੁ ਇਸ ਪੰਦਰਵਾੜੇ ਦਾ ਵੱਧ ਤੋਂ ਵੱਧ ਫ਼ਾਇਦਾ ਲਿਆ ਜਾ ਸਕੇ।

# ਕਿਸਾਨਾਂ ਤੇ ਆੜ੍ਹਤੀਆਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿਆਂਗੇ : ਕਟਾਰੀਆ



ਮੱਖੂ (ਰਛਪਾਲ ਸਿੰਘ ਸੰਧੂ)-ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਆੜ੍ਹਤੀਆ ਐਸੋਸੀਏਸ਼ਨ ਮਖੂ ਦੀ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ ਆੜ੍ਹਤੀਆ ਐਸੋਸੀਏਸ਼ਨ ਮਖੂ ਦੇ ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ ਦੀ ਆੜ੍ਹਤ 'ਤੇ ਹੋਈ। ਇਸ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਯੂਥ ਆਗੂ ਸ਼ੰਕਰ ਕਟਾਰੀਆ ਵਿਸ਼ੇਸ਼ ਤੌਰ 'ਤੇ ਪੁੱਜੇ। ਆੜ੍ਹਤੀ ਐਸੋਸੀਏਸ਼ਨ ਮਖੂ ਦੇ ਪ੍ਰਧਾਨ ਰਾਜੀਵ ਠੁਕਰਾਲ ਨੇ ਸੰਕਰ ਕਟਾਰੀਆ ਨੂੰ ਆੜ੍ਹਤੀਆਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਗਿਆ। ਸ਼ੰਕਰ ਕਟਾਰੀਆ ਨੇ ਮੌਕੇ 'ਤੇ ਹੀ ਹੱਲ ਕਰਦੇ ਹੋਏ ਕਿਹਾ ਕਿ ਸ਼ੈਲਰਾਂ ਵਾਲੇ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚੋਂ ਲੈ ਕੇ ਜਾਣ ਲਈ ਪਾਬੰਧ ਹੋਣਗੇ। ਕੋਈ ਵੀ ਸ਼ੈਲਰ ਇੰਡਸਟਰੀ ਵਾਲਾ ਕਿਸਾਨਾਂ ਦਾ ਝੋਨਾ ਸ਼ੈਲਰ 'ਤੇ ਨਹੀਂ ਭਰੇਗਾ। ਸੰਕਰ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਝੋਨੇ ਦੀ ਫਸਲ ਦਾ ਦਾਣਾ ਦਾਣਾ ਖ਼ਰੀਦਣ ਲਈ ਸਾਰੇ ਪ੍ਰਬੰਧ ਕੀਤੇ ਹੋਏ ਹਨ। ਝੋਨੇ ਦੇ ਸੀਜ਼ਨ ਦੌਰਾਨ ਆੜ੍ਹਤੀਆਂ ਤੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਮਖੂ ਦੇ ਪ੍ਰਧਾਨ ਰਾਜੀਵ ਠੁਕਰਾਲ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਆੜ੍ਹਤੀਆਂ ਐਸੋਸੀਏਸ਼ਨ ਮਖੂ ਵੱਲੋਂ ਸਰਬੱਤ ਦੇ ਭਲੇ ਲਈ ਦਾਣਾ ਮੰਡੀ ਮਖੂ ਵਿਖੇ 2 ਅਕਤੂਬਰ ਨੂੰ ਸ੍ਰੀ ਰਮਾਇਣ ਜੀ ਦਾ ਪਾਠ ਆਰੰਭ ਕਰਵਾਇਆ ਜਾਵੇਗਾ ਅਤੇ 3 ਅਕਤੂਬਰ ਦਿਨ ਮੰਗਲਵਾਰ ਨੂੰ ਸ੍ਰੀ ਰਮਾਇਣ ਜੀ ਦੇ ਪਾਠ ਦੇ ਭੋਗ ਸੰਪੂਰਨ ਉਪਰੰਤ ਸੰਗਤ 'ਚ ਅਤੁੱਟ ਲੰਗਰ ਵਰਤਾਇਆ ਜਾਵੇਗਾ। ਇਸ ਮੌਕੇ ਰਾਜੀਵ ਠੁਕਰਾਲ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਮਖੂ, ਮਹਿੰਦਰ ਸਿੰਘ ਸੰਘੇੜਾ ਸਰਪ੍ਰਸਤ, ਰਾਜੇਸ਼ ਗਾਂਧੀ ਮਿੰਟਾ, ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਜਤਿੰਦਰ ਖੁਰਾਣਾ, ਬਲਵਿੰਦਰ ਠੁਕਰਾਲ, ਮਹਿਲ ਸਿੰਘ ਵੜ੍ਹਿਆ, ਬਲਵਿੰਦਰ ਸਿੰਘ ਕਟਾਰੀਆ, ਗਗਨ ਮੋਗਾ, ਬੱਬਲੂ ਗਰੋਵਰ ਤੇ ਸੰਦੀਪ ਠੁਕਰਾਲ ਆਦਿ ਹਾਜ਼ਰ ਸਨ।

# ਡਾ. ਬੀ ਐੱਸ ਸੰਧੂ ਸਕੂਲ ਦੇ ਮੁੰਡਿਆਂ ਨੇ ਜੂਡੋ 'ਚ ਜਿੱਤੇ ਤਮਗੇ





ਦੇਵੀਗੜ੍ਹ/ਪਟਿਆਲਾ (ਵਿਜੇ ਕੁਮਾਰ ਸ਼ਰਮਾ) ਡਾ. ਬੀ ਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ ਘੜਾਮ ਰੋਡ, ਜੁਲਾਹਖੇੜੀ ਦੇ ਵਿਦਿਆਰਥੀਆਂ ਨੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਆਪਣੇ ਜੌਹਰ ਦਿਖਾ ਕੇ ਸਕੂਲ, ਇਲਾਕੇ ਤੇ ਆਪਣੇ ਮਾਤਾ-ਪਿਤਾ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੱਕ ਰੌਸ਼ਨ ਕੀਤਾ ਹੈ। ਪਟਿਆਲਾ ਵਿਖੇ ਹੋਏ ਜ਼ਿਲ੍ਹਾ ਪੱਧਰੀ ਜੂਡੋ ਖੇਡ ਮੁਕਾਬਲੇ ਵਿੱਚ ਮੁੰਡਿਆਂ ਨੇ ਆਪਣੀ ਖੇਡ ਦਾ ਬਾ-ਕਮਾਲ ਪ੍ਰਦਰਸ਼ਨ ਕੀਤਾ। ਇੱਥੇ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੰਡਰ-17 ਜੂਡੋ ਖੇਡ ਮੁਕਾਬਲੇ 'ਚ ਸਨਮਦੀਪ ਸਿੰਘ ਨੇ ਚਾਂਦੀ ਦਾ ਤਮਗਾ ਤੇ ਹਰਮਨਪ੍ਰੀਤ ਸਿੰਘ, ਗੁਰਸ਼ਪਿੰਦਰ ਸਿੰਘ, ਦਿਲਬਾਗ਼ ਸਿੰਘ, ਦਿਪਾਂਸ਼ੂ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ, ਉਥੇ ਹੀ ਅੰਡਰ-19 ਜੂਡੋ ਖੇਡ ਮੁਕਾਬਲੇ ਵਿੱਚ ਹੁਸਨਦੀਪ ਸਿੰਘ ਨੇ ਚਾਂਦੀ ਦਾ ਤਮਗਾ ਤੇ ਰਵਿੰਦਰ ਸਿੰਘ, ਵਰਿੰਦਰ ਸਿੰਘ, ਜਸ਼ਨ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ। ਮੌਕੇ 'ਤੇ ਮੌਜੂਦ ਅਧਿਕਾਰੀਆਂ ਵੱਲੋਂ ਇਨ੍ਹਾਂ ਖਿਡਾਰੀਆਂ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ। ਸਕੂਲ ਪਹੁੰਚਣ 'ਤੇ ਸਕੂਲ ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਤੇ ਚੇਅਰਮੈਨ ਹਰਦੀਪ ਸਿੰਘ ਸੰਧੂ ਵੱਲੋਂ ਇਨ੍ਹਾਂ ਖਿਡਾਰੀਆਂ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਜੂਡੋ ਕੋਚ ਲਵਪ੍ਰੀਤ ਸਿੰਘ, ਰਵਿੰਦਰ ਸਿੰਘ ਤੇ ਸਪੋਰਟਸ ਇੰਚਾਰਜ ਅਵਤਾਰ ਸਿੰਘ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਭਵਿੱਖ ਲਈ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਡਾ. ਸਾਹਰੀ ਨੂੰ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਟਿਕਟ ਦਿੱਤੀ ਜਾਵੇ : ਕੰਬੋਜ ਤੇ ਚਹਿਲ



ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਲੋਕ ਸਭਾ 2024 ਦੀਆਂ ਚੋਣਾਂ ਨੂੰ ਲੈ ਕੇ ਹਲਕਾ ਜਲਾਲਾਬਾਦ ਦੇ ਬਲਾਕ ਅਰਨੀਵਾਲਾ ਵਿਖੇ ਟਕਸਾਲੀ ਆਪ ਵਰਕਰਾਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬੀ ਸੀ ਵਿੰਗ ਕੇਵਲ ਕੰਬੋਜ ਤੇ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਨ੍ਰਿਪਜੀਤ ਚਹਿਲ ਦੀ ਅਗਵਾਈ ਹੇਠ ਕੀਤੀ ਗਈ। ਮੀਟਿੰਗ ਵਿੱਚ ਸਾਰੇ ਅਰਨੀਵਾਲਾ ਬਲਾਕ ਦੇ ਵੱਖ ਵੱਖ ਵਿੰਗਾਂ ਦੇ ਜ਼ਿਲ੍ਹਾ ਪ੍ਰਧਾਨ, ਬਲਾਕ ਪ੍ਰਧਾਨ, ਸਰਕਲ ਪ੍ਰਧਾਨ ਤੇ ਪੁਰਾਣੇ ਟਕਸਾਲੀ ਵਰਕਰ ਹਾਜ਼ਰ ਸਨ। ਇਸ ਮੀਟਿੰਗ ਸਾਰੀਆਂ ਨੇ ਇੱਕਮੁੱਠ ਹੋ ਕੇ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਵਾਰ ਲੋਕ ਸਭਾ ਫਿਰੋਜ਼ਪੁਰ ਦੀ ਟਿਕਟ ਜ਼ਿਲ੍ਹਾ ਪ੍ਰਧਾਨ ਐੱਸ ਸੀ ਵਿੰਗ ਡਾ. ਹਰਜੀਤ ਸਿੰਘ ਸਾਹਰੀ ਨੂੰ ਦਿੱਤੀ ਜਾਵੇ ਤਾਂ ਜੋ ਅਸੀਂ ਇਹ ਸੀਟ ਭਾਰੀ ਬਹੁਮੱਤ ਨਾਲ ਜਿੱਤ ਕੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਝੋਲੀ ਵਿੱਚ ਪਾ ਸਕੀਏ। ਇਸ ਮੌਕੇ ਮੀਟਿੰਗ ਵਿੱਚ ਕੇਵਲ ਕ੍ਰਿਸ਼ਨ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ ਫਾਜ਼ਿਲਕਾ, ਨ੍ਰਿਪਜੀਤ ਚਹਿਲ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਫਾਜ਼ਿਲਕਾ, ਮਾਸਟਰ ਰਜਿੰਦਰ ਕੁਮਾਰ ਬਲਾਕ ਪ੍ਰਧਾਨ ਅਰਨੀਵਾਲਾ, ਸ਼ਹਿਰੀ ਬਲਾਕ ਪ੍ਰਧਾਨ ਛਿੰਦਰਪਾਲ ਗੋਸਾ, ਮਨਜਿੰਦਰ ਪਾਲ ਜ਼ਿਲ੍ਹਾ ਸੈਕਟਰੀ ਕਿਸਾਨ ਵਿੰਗ ਫਾਜ਼ਿਲਕਾ, ਦਵਿੰਦਰ ਸੋਨੀ, ਰਾਮ ਸਿੰਘ, ਅਮਰਜੀਤ ਸਿੰਘ, ਡਾ. ਕਿਰਪਾਲ ਸਿੰਘ, ਦੀਪੂ ਛਾਬੜਾ, ਪ੍ਰੇਮ ਸਿੰਘ, ਗੁਰਮੀਤ ਸਿੰਘ, ਮਲਕੀਤ ਸਿੰਘ, ਪ੍ਰੀਤਮ ਸਿੰਘ ਫਾਊਂਡਰ ਮੈਂਬਰ, ਡਾ. ਰਾਜ ਸਿੰਘ ਬਲਾਕ ਪ੍ਰਧਾਨ ਫਾਜ਼ਿਲਕਾ, ਕੁਲਵੰਤ ਸਿੰਘ ਜ਼ਿਲ੍ਹਾ ਸਕੱਤਰ ਵਿੰਗ ਫਾਜ਼ਿਲਕਾ, ਗੁਰਿੰਦਰਪਾਲ ਸਾਹਰੀ, ਜਗਰੂਪ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ ਫਾਜ਼ਿਲਕਾ, ਡਾ. ਦੀਪ ਸਿੰਘ ਹਲਕਾ ਕੋਆਰਡੀਨੇਟਰ ਵਿੰਗ ਫਾਜ਼ਿਲਕਾ, ਗੁਰਚਰਨ ਸਿੰਘ ਜ਼ਿਲ੍ਹਾ ਉੱਪ ਪ੍ਰਧਾਨ ਫਾਜ਼ਿਲਕਾ ਆਦਿ ਵਰਕਰ ਹਾਜ਼ਰ ਸਨ।

# ਸੂਫੀ ਸੰਤ ਬਾਬਾ ਸ਼ੇਖ ਫਰੀਦ ਦੇ ਆਗਮਨ ਪੁਰਬ 'ਤੇ ਵਿਸ਼ਾਲ ਖੂਨਦਾਨ ਕੈਂਪ



ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ) ਧੰਨ ਧੰਨ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਤ ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਫਰੀਦਕੋਟ ਵੱਲੋਂ ਮਹਾਂਕਾਲ ਸਵਰਗ ਧਾਮ ਸੇਵਾ ਸੁਸਾਇਟੀ ਫਰੀਦਕੋਟ, ਮੋਦੀਖਾਨਾ ਟੀਮ ਕੋਟਕਪੂਰਾ ਤੇ ਪੀਬੀਜੀ ਵੈੱਲਫੇਅਰ ਕਲੱਬ ਕੋਟਕਪੂਰਾ ਦੇ ਸਹਿਯੋਗ ਨਾਲ ਵਿਸ਼ਾਲ ਚਾਰ ਰੋਜ਼ਾ ਖੂਨ ਦਾਨ ਕੈਂਪ ਲਗਾਇਆ ਗਿਆ।

ਕੈਂਪ ਦੇ ਪਹਿਲੇ ਦਿਨ 14 ਸਤੰਬਰ ਨੂੰ ਸਥਾਨਕ ਟਿੱਲਾ ਬਾਬਾ ਫਰੀਦ ਜੀ ਵਿਖੇ 265 ਵਿਅਕਤੀਆਂ ਨੇ ਖੂਨ ਦਾਨ ਕੀਤਾ। ਦੂਸਰੇ, ਤੀਸਰੇ ਤੇ ਚੌਥੇ ਦਿਨ 21, 22 ਤੇ 23 ਸਤੰਬਰ ਨੂੰ ਸਥਾਨਕ ਕਿਲ੍ਹਾ ਮੁਬਾਰਕ ਚੌਕ ਵਿਖੇ ਭਾਰੀ ਗਿਣਤੀ 'ਚ ਵਿਅਕਤੀਆਂ ਵੱਲੋਂ ਖੂਨ ਦਾਨ ਕੀਤਾ ਗਿਆ। ਇਸ ਕੈਂਪ ਦੌਰਾਨ ਖੂਨਦਾਨੀਆਂ ਵਿੱਚ ਅਥਾਹ ਸ਼ਰਧਾ ਤੇ ਜੋਸ਼ ਵੇਖਣ ਨੂੰ ਮਿਲਿਆ। ਇਸ ਖੂਨਦਾਨ ਕੈਂਪ ਵਿੱਚ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਸਿਵਲ ਹਸਪਤਾਲ ਮੋਗਾ, ਸਿਵਲ ਹਸਪਤਾਲ ਕੋਟਕਪੂਰਾ, ਸਿਵਲ ਹਸਪਤਾਲ ਫਿਰੋਜ਼ਪੁਰ ਤੇ ਚੰਡੀਗੜ੍ਹ ਚੈਰੀਟੇਬਲ ਹਸਪਤਾਲ ਕੋਟਕਪੂਰਾ ਦੀਆਂ ਟੀਮਾਂ ਵੱਲੋਂ ਖੂਨ ਇਕੱਤਰ ਕੀਤਾ ਗਿਆ। ਖੂਨਦਾਨ ਕੈਂਪ ਵਿੱਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਦੇ ਬਲੱਡ ਬੈਂਕ ਦੇ ਮੁਖੀ ਡਾਕਟਰ ਨੀਤੂ ਕੁੱਕੜ ਤੇ ਉਨ੍ਹਾਂ ਦੀ ਟੀਮ ਦੇ ਡਾਕਟਰਾਂ, ਡਾਕਟਰ ਪਾਲ ਗਰਗ, ਡਾਕਟਰ ਅੰਜਲੀ ਹਾਂਡਾ, ਡਾਕਟਰ ਹਰਪ੍ਰੀਤ ਕੌਰ, ਡਾਕਟਰ ਨਵਰੀਤ ਸਿੰਘ ਦਾ ਮਹਾਕਾਲ ਸਵਰਗ ਧਾਮ ਸੇਵਾ ਸੁਸਾਇਟੀ ਫਰੀਦਕੋਟ ਦੇ ਪ੍ਰਧਾਨ ਡਾਕਟਰ ਬਲਜੀਤ ਸਰਮਾ ਗੋਲੇਵਾਲਾ, ਮੀਤ ਪ੍ਰਧਾਨ ਅਸ਼ੋਕ ਭਟਨਾਗਰ, ਸਕੱਤਰ ਡਾਕਟਰ ਪਰਮਿੰਦਰ ਸਿੰਘ ਤੱਗੜ, ਏ ਡੀ ਏ ਲਲਿਤ ਮੈਨੀ, ਗੁਰਮੀਤ ਸਿੰਘ ਬੱਗੂ, ਅਸ਼ੋਕ ਸ਼ਰਮਾ ਤੇ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ ਦੀ ਸਮੁੱਚੀ ਟੀਮ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਕੈਂਪ ਦੀ ਸਫਲਤਾ 'ਚ ਸੁਸਾਇਟੀ ਦੇ ਮੀਤ ਪ੍ਰਧਾਨ ਗੁਰਦੇਵ ਸਿੰਘ ਗੋਲੇਵਾਲਾ, ਸਕੱਤਰ ਸੁਖਬੀਰ ਸਿੰਘ ਰੱਤੀਰੋੜੀ, ਸਲਾਹਕਾਰ ਗੁਰਸੇਵਕ ਸਿੰਘ ਥਾੜਾ, ਖਜ਼ਾਨਚੀ ਸਤਨਾਮ ਸਿੰਘ, ਪ੍ਰੈੱਸ ਸਕੱਤਰ ਵਿਸ਼ਾਲ ਸਿੰਘ, ਦਲਜੀਤ ਸਿੰਘ ਡੱਲੇਵਾਲਾ, ਅਮਿਤ ਮਚਾਕੀ, ਹੈਰੀ ਕੋਟ ਸੁਖੀਆ, ਮੋਹਤ ਗਹਿਰਾ, ਹੈਰੀ ਮੁਦਕੀ, ਮਾਸਟਰ ਹਰਜੀਤ ਸਿੰਘ, ਪ੍ਰਿੰਸ ਜੰਗ, ਵਿੱਕੀ ਝੋਕ, ਪਿੰਦਰ ਝੋਕ, ਕੁਲਦੀਪ ਸਿੰਘ ਪਿੱਪਲੀ ਆਦਿ ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਸਹਿਯੋਗ ਰਿਹਾ। ਖੂਨ ਦਾਨੀਆਂ ਨੂੰ ਸੁਸਾਇਟੀ ਦੇ ਸਮੂਹ ਮੈਂਬਰਾਂ ਤੇ ਐੱਸ ਐੱਮ ਓ ਡਾਕਟਰ ਰਾਜੀਵ ਭੰਡਾਰੀ ਵੱਲੋਂ ਵਿਸ਼ੇਸ਼ ਮੋਮੈਂਟੋ ਤੇ ਸਟਿੱਕਰ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਕੈਂਪ ਦੇ ਅਖੀਰ 'ਚ ਬਾਬਾ ਫਰੀਦ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਰਾਜਵਿੰਦਰ ਸਿੰਘ ਤੇ ਪ੍ਰਿੰਸੀਪਲ ਡਾਕਟਰ ਪਰਮਿੰਦਰ ਸਿੰਘ ਤੱਗੜ ਨੇ ਸਮਾਜ ਦੇ ਸਮੂਹ ਨੌਜਵਾਨਾਂ ਤੇ ਲੋਕ ਭਲਾਈ ਨਾਲ ਜੁੜੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਇਨ੍ਹਾਂ ਖੂਨਦਾਨੀਆਂ ਤੋਂ ਪ੍ਰੇਰਨਾ ਲੈਂਦਿਆਂ ਵੱਧ ਤੋਂ ਵੱਧ ਖੂਨ ਦਾਨ ਕਰਕੇ ਲੋੜਵੰਦ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

# ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ, ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਸ਼ੋਕ ਮੀਟਿੰਗ

ਮੋਗਾ (ਅਮਰਜੀਤ ਬੱਬਰੀ)-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਮੱਘਰ ਸਿੰਘ ਚਾਹਿਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਰਚਰਨਪਾਲ ਸਿੰਘ ਰਿਟਾਇਰਡ ਪਟਵਾਰੀ ਮੀਤ ਪ੍ਰਧਾਨ ਵੈੱਲਫੇਅਰ ਐਸੋਸੀਏਸ਼ਨ ਮੋਗਾ ਦੀ 20 ਸਤੰਬਰ ਨੂੰ ਅਚਨਚੇਤ ਹੋਈ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਅਚਾਨਕ ਹਰਟ ਅਟੈਕ ਨਾਲ ਹੋਈ ਮੌਤ ਕਾਰਨ ਜਿੱਥੇ ਪਰਿਵਾਰਕ ਮੈਂਬਰਾਂ ਨੂੰ ਅਕਿਹ ਤੇ ਅਸਿਹ ਸਦਮਾ ਪੁੱਜਾ ਹੈ, ਉੱਥੇ ਰੈਵੀਨਿਊ ਵੈੱਲਫੇਅਰ ਐਸੋਸੀਏਸ਼ਨ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ ਹੈ। ਹਰਚਰਨ ਪਾਲ ਸਿੰਘ ਨੇ ਆਪਣੀ ਸਰਵਿਸ ਦੇ ਦੌਰਾਨ ਹਮੇਸ਼ਾ ਪਟਵਾਰ ਯੂਨੀਅਨ ਮੋਗਾ ਦੀਆਂ ਮੂਹਰਲੀਆਂ ਸਫਾਂ ਵਿੱਚ ਵਿਚਰ ਕੇ ਕੰਮ ਕੀਤਾ ਹੈ। ਸਾਥੀ ਦਾ ਪਰਿਵਾਰ ਵਿਦੇਸ਼ ਹੋਣ ਕਾਰਨ ਅੰਤਿਮ ਸੰਸਕਾਰ ਪਰਿਵਾਰਕ ਮੈਂਬਰਾਂ ਦੇ ਵਿਦੇਸ਼ ਤੋਂ ਆਉਣ 'ਤੇ ਕੀਤਾ ਜਾਵੇਗਾ।

ਮੀਟਿੰਗ ਦੌਰਾਨ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਹਰੀਕ੍ਰਿਸ਼ਨ ਸਿੰਘ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਰਵੀ ਕੁਮਾਰ ਸੀਨੀਅਰ ਮੀਤ ਪ੍ਰਧਾਨ, ਨਾਇਬ ਸਿੰਘ ਮੱਲੀ ਸਹਾਇਕ ਸਕੱਤਰ, ਜਗਰਾਜ ਸਿੰਘ ਸਹਾਇਕ ਖਜ਼ਾਨਚੀ, ਗੁਰਚਰਨ ਸਿੰਘ ਮੀਤ ਪ੍ਰਧਾਨ, ਠਾਣਾ ਸਿੰਘ ਮੀਤ ਪ੍ਰਧਾਨ, ਬਲਦੇਵ ਸਿੰਘ ਮੀਤ ਪ੍ਰਧਾਨ, ਗੁਰਚਰਨ ਸਿੰਘ ਛਾਬੜਾ ਆਡੀਟਰ, ਨਾਇਬ ਸਿੰਘ ਦੌਲਤਪੁਰਾ ਸੰਗਠਨ ਸਕੱਤਰ, ਸੁਖਦੇਵ ਸਿੰਘ ਖੋਸਾ ਦਫਤਰ ਸਕੱਤਰ, ਬਲਦੇਵ ਸਿੰਘ ਸਮਾਲਸਰ ਪ੍ਰਚਾਰ ਸਕੱਤਰ, ਗੁਰਮੇਲ ਸਿੰਘ ਪ੍ਰੈੱਸ ਸਕੱਤਰ, ਗੁਰਮੇਲ ਸਿੰਘ ਰਖਾਲਾ, ਮੱਖਣ ਸਿੰਘ ਦੌਲਤਪੁਰਾ, ਗੁਰਮੀਤ ਸਿੰਘ ਸੰਘਾ, ਬਲਦੇਵ ਸਿੰਘ ਸੰਧੂ, ਸੁਖਦੇਵ ਸਿੰਘ ਸੰਧੂ, ਮਲਕੀਤ ਸਿੰਘ, ਲਖਵੀਰ ਸਿੰਘ, ਗੁਰਮੇਲ ਸਿੰਘ ਚੌਕੀਦਾਰ ਪਿੰਡ ਗਲੋਟੀ ਆਦਿ ਸ਼ਾਮਲ ਹੋਏ।

CMYK

25-Sep-PAGE-11-Majha-2023.qxd 9/24/2023 8:57 PM Page 1



## 30 ਨੂੰ ਜਮਹੂਰੀ ਕਿਸਾਨ ਸਭਾ ਵੱਲੋਂ ਪੰਜਾਬ ਪੱਧਰੀ ਇਕੱਠ ਹੋਵੇਗਾ: ਅਜਨਾਲਾ/ਜਾਮਾਰਾਏ/ ਰੰਧਾਵਾ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਆਗੂ ਡਾ. ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਹਰਜੀਤ ਸਿੰਘ ਕਲਾਨੌਰ ਦੇ ਛੋਟੇ ਭਰਾ ਉੱਪਰ ਕਾਤਲਾਨਾ ਹਮਲਾ ਕਰਨ ਦੀ ਜ਼ੋਰਦਾਰ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਹਰਜੀਤ ਸਿੰਘ ਕਾਹਲੋਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਅਤੇ ਲਗਾਤਾਰ ਦਿੱਲੀ ਬਾਰਡਰਾਂ ਉੱਪਰ ਸੰਘਰਸ਼ ਵਿੱਚ ਲੰਗਰ ਅਤੇ ਜਥਿਆਂ ਨਾਲ ਰਹੇ ਹਨ। ਸੰਯੁਕਤ ਕਿਸਾਨ ਮੋਰਚਾ ਗੁਰਦਾਸਪੁਰ ਦੇ ਸਨਮਾਨਿਤ ਆਗੂ ਹਨ। ਵਾਪਰਿਆ ਹਾਦਸਾ ਦੱਸਦਾ ਹੈ ਕਿ ਇਹ ਹਮਲਾ ਹਰਜੀਤ ਸਿੰਘ ਕਾਹਲੋਂ ਉੱਪਰ ਕੀਤਾ ਜਾਣਾ ਸੀ। ਉਨ੍ਹਾਂ ਕਿਹਾ ਕਿ ਪੁਲਸ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਨਾਕਾਮ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ 30 ਸਤੰਬਰ ਨੂੰ ਕਲਾਨੌਰ ਵਿਖੇ ਕੀਤੇ ਜਾ ਰਹੇ ਇਕੱਠ ਵਿੱਚ ਪੰਜਾਬ ਭਰ ਵਿੱਚੋਂ ਸੈਂਕੜੇ ਲੋਕ ਸ਼ਾਮਲ ਹੋਣਗੇ। ਜੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਪੰਜਾਬ ਭਰ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇ। ਇਨ੍ਹਾਂ ਆਗੂਆਂ ਨੇ ਪੰਜਾਬ ਦੀ ਮਾਨ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦਿਨੋਂ-ਦਿਨ ਨਿੱਘਰਦੀ ਜਾ ਰਹੀ ਹੈ। ਪੰਜਾਬ ਪੁਲਸ ਗੁੰਡਾਗਰਦੀ ਕਰਨ ਵਾਲਿਆਂ ਦੀ ਪੁਸ਼ਤ ਪਨਾਹੀ ਕਰ ਰਹੀ ਹੈ। ਇਨ੍ਹਾਂ ਆਗੂਆਂ ਨੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਜੇਲ ਦੀਆਂ ਸਲਾਖਾਂ ਪਿਛੇ ਨਾ ਦਿੱਤਾ ਤਾਂ ਪੰਜਾਬ ਪੱਧਰੀ ਸੰਘਰਸ਼ ਛੇੜਿਆ ਜਾਵੇਗਾ।

## ਸਰਕਾਰੀ ਡਿਸਪੈਂਸਰੀ ਨੂੰ ਆਮ ਆਦਮੀ ਕਲੀਨਿਕ 'ਚ ਬਦਲਣ ਦਾ ਕਰੜਾ ਵਿਰੋਧ



ਮਜੀਠਾ (ਸੋਇਮ ਆਨੰਦ)-ਇਥੋਂ ਨਾਲ ਲੱਗਦੇ ਪਿੰਡ ਆਬਾਦੀ ਵਰਪਾਲ ਸੋਹੀਆਂ ਕਲਾਂ ਵਿਖੇ ਪਹਿਲਾਂ ਤੋਂ ਚੱਲ ਰਹੀ ਡਿਸਪੈਂਸਰੀ ਜਿਹੜੀ ਕਿ ਚਾਰ ਪਿੰਡਾਂ ਆਬਾਦੀ ਵਰਪਾਲ, ਸੋਹੀਆਂ ਕਲਾਂ, ਦਬੁਰਜੀ ਅਤੇ ਬੀਰਬਰਪੁਰਾ ਨੂੰ ਸੇਵਾਵਾਂ ਮੁਹੱਈਆ ਕਰਵਾ ਰਹੀ ਹੈ, 'ਚ ਸਰਕਾਰ ਆਮ ਆਦਮੀ ਕਲੀਨਿਕ ਬਣਾਉਣ ਜਾ ਰਹੀ ਹੈ ਜਦਕਿ ਪਿੰਡਾਂ ਦੇ ਲੋਕ ਇਸ ਦਾ ਵਿਰੋਧ ਕਰ ਰਹੇ ਹਨ। ਵਿਰੋਧ ਕਰਨ ਵਾਲਿਆਂ ਵਿਚ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਸਮੇਤ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਅਗਰ ਸਰਕਾਰ ਨੇ ਮੁਹੱਲਾ ਕਲੀਨਿਕ ਬਣਾਉਣਾ ਹੈ ਤਾਂ ਉਹ ਪਿੰਡ ਦੇ ਫੋਕਲ ਪੁਆਇੰਟ ਜਿਹੜਾ ਕਿ ਪਿੰਡ ਦੇ ਵਿਚ ਹੀ ਬੱਸ ਅੱਡੇ ਦੇ ਲਾਗੇ ਹੈ, ਉਥੇ ਖਾਲੀ ਸਾਂਝੀ ਜਗ੍ਹਾ ਵਿਚ ਬਣਾ ਦਿੱਤਾ ਜਾਵੇ।

ਉਨ੍ਹਾਂ ਨੇ ਕਿਹਾ ਕਿ ਇਹ ਡਿਸਪੈਂਸਰੀ ਤਾਂ ਪਹਿਲਾਂ ਹੀ ਬਹੁਤ ਵਧੀਆ ਕੰਮ ਕਰ ਰਹੀ ਹੈ। ਇਸ ਦੀ ਇਮਾਰਤ ਵੀ ਬਹੁਤ ਵਧੀਆ ਅੰਦਰ ਅਤੇ ਬਾਹਰ ਤੋਂ ਬਣੀ ਹੈ, ਸਟਾਫ ਪੂਰਾ ਹੈ ਅਤੇ ਹਰੇਕ ਤਰ੍ਹਾਂ ਦੀਆਂ ਲੋੜੀਂਦੀਆਂ ਦਵਾਈਆਂ ਵੀ ਉਪਲੱਬਧ ਹਨ। ਆਉਣ ਵਾਲੇ ਮਰੀਜ਼ਾਂ ਦੀ ਦੇਖਭਾਲ ਵੀ ਵਧੀਆ ਹੁੰਦੀ ਹੈ। ਸਟਾਫ ਦੇ ਕਮਰੇ ਵੀ ਵਧੀਆ ਤਰੀਕੇ ਨਾਲ ਸਾਫ-ਸੁਥਰੇ ਬਣੇ ਹਨ। ਕੁਝ ਮਹੀਨੇ ਪਹਿਲਾਂ ਹੀ ਰੰਗ ਰੋਗਨ ਕਰਾਇਆ ਗਿਆ ਹੈ। ਇਸ ਕਰਕੇ ਇਸ ਨੂੰ ਮੁਹੱਲਾ ਕਲੀਨਿਕ ਬਣਾਉਣ ਦੀ ਕੋਈ ਜ਼ਰੂਰਤ ਨਹੀਂ ਹੈ। ਪਿੰਡ ਦਬੁਰਜੀ, ਬੀਰਬਰਪੁਰਾ ਅਤੇ ਪਿੰਡ ਸੋਹੀਆਂ ਕਲਾਂ ਦੇ ਲੋਕ ਇਸ ਦਾ ਤਿੱਖਾ ਵਿਰੋਧ ਕਰਨਗੇ ਕਿਉਂਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਪਹਿਲਾਂ ਬਣੀ ਡਿਸਪੈਂਸਰੀ ਦੂਰ ਪੈਂਦੀ ਹੈ ਅਤੇ ਫੋਕਲ ਪੁਆਇੰਟ ਤਿੰਨਾਂ ਪਿੰਡਾਂ ਦੇ ਨੇੜੇ ਪੈਂਦਾ ਹੈ।

ਵਿਰੋਧ ਕਰਨ ਵਾਲਿਆਂ ਤਿੰਨ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਵਿਚ ਸੋਹੀਆਂ ਕਲਾਂ ਦੇ ਬਲਜੀਤ ਕੌਰ ਪੰਚ, ਦਲਬੀਰ ਸਿੰਘ, ਦਰਸ਼ਨਾ, ਚਰਨਜੀਤ ਕੌਰ, ਜਗੀਰ ਸਿੰਘ, ਬਲਵੰਤ ਸਿੰਘ, ਹਰਚੈਨ ਸਿੰਘ, ਸੁਖਚੈਨ ਸਿੰਘ, ਬੀਰਬਰਪੁਰਾ ਦੇ ਸਰਪੰਚ ਦਿਲਬਾਗ ਸਿੰਘ, ਪੰਚ ਬਹਾਦਰ, ਸਾਬਾ, ਕਸਮੀਰਾ, ਰਾਕੇਸ਼, ਧਰਮਪਾਲ, ਦਬੁਰਜੀ ਤੋਂ ਬਲਰਾਜ ਸਿੰਘ, ਪੰਚ ਬਲਰਾਜ ਸਿੰਘ, ਦਲਬੀਰ ਸਿੰਘ ਅਤੇ ਗੁਰਨਾਮ ਸਿੰਘ ਆਦਿ ਹਨ।

## ਭੋਲੇ-ਭਾਲੇ ਕਿਰਤੀਆਂ ਨੂੰ ਲੁੱਟਣ ਦਾ ਨਵਾਂ ਬਹਾਨਾ ਈਜਾਦ:ਮਾੜੀਮੇਘਾ/ਅਲਗੋਂ

ਭਿੱਖੀਵਿੰਡ (ਨਜ਼ਸ)—ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿੰਡਾਂ ਵਿੱਚ ਭੋਲੇ-ਭਾਲੇ ਕਿਰਤੀਆਂ ਨੂੰ ਲੁੱਟਣ ਦਾ ਕੰਮ ਕਰਜ਼ਾ ਦੇਣ ਦੇ ਬਹਾਨੇ ਕੁਝ ਵਿਅਕਤੀ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਚਲਾ ਰਹੇ ਹਨ। ਉਹ ਪਿੰਡਾਂ ਵਿੱਚ ਔਰਤਾਂ ਨੂੰ ਇਸ ਢੰਗ ਨਾਲ ਫੁਸਲਾਉਂਦੇ ਹਨ ਕਿ ਜੇ ਤੁਸੀਂ ਦਿਹਾੜੀ ਦਾ 200 ਰੁਪਏ ਕਮਾ ਲੈਂਦੀਆਂ ਜੇ ਤੇ ਤੁਸੀਂ 100 ਰੁਪਏ ਰੋਜ਼ਾਨਾ ਕਿਸ਼ਤ ਦੇਈ ਜਾਓ, ਤੁਹਾਨੂੰ ਇੰਨਾ ਕਰਜ਼ਾ ਇਸ ਕੰਮ ਦੀ ਪੂਰਤੀ ਵਾਸਤੇ ਦੇ ਦਿੱਤਾ ਜਾਵੇਗਾ ਤੇ ਉਹ ਜਾਇਦਾਦ ਤੁਹਾਡੀ ਹੋ ਜਾਵੇਗੀ।

ਲੋੜ ਅਨੁਸਾਰ ਭੋਲੇ-ਭਾਲੇ ਕਿਰਤੀ ਫਸ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਲੋੜ ਹੁੰਦੀ ਹੈ। ਹਾਲਾਤ ਇਹ ਬਣ ਚੁੱਕੇ ਹਨ ਕਿ ਇਸ ਲੁਟੇਰੀ ਨੀਤੀ ਦੇ ਕਾਰਨ ਕਈ ਗਰੀਬਾਂ ਦੇ ਘਰ ਕਿਸ਼ਤਾਂ ਲੈਣ ਵਾਲਿਆਂ ਕੋਲ ਗਿਰਵੀ ਹੋ ਚੁੱਕੇ ਹਨ। ਸਰਕਾਰ ਇਸ ਲੁੱਟ ਵਾਲੇ ਪਾਸੇ ਧਿਆਨ ਨਹੀਂ ਦੇ ਰਹੀ। ਆਗੂਆਂ ਨੇ ਕਿਹਾ ਕਿ ਸੀਪੀਆਈ ਇਹ ਪਿੰਡ ਵਾਰ ਅੰਕੜੇ ਇਕੱਠੇ ਕਰ ਰਹੀ ਹੈ। ਉਸ ਤੋਂ ਬਾਅਦ ਜਲਦੀ ਹੀ ਇਨ੍ਹਾਂ ਗਰੀਬਾਂ ਦੇ ਹੱਕ ਵਿੱਚ ਆਵਾਜ਼ ਲਾਮਬੰਦ ਕੀਤੀ ਜਾਵੇਗੀ।

## ਭਾਜਪਾ ਨੂੰ ਹਰਾਉਣਾ ਸਮੇਂ ਦੀ ਅਹਿਮ ਲੋੜ: ਜਾਮਾਰਾਏ/ਦਰਾਜਕੇ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਕਾਰਪੋਰੇਟ ਭਜਾਓ ਮੋਦੀ ਹਰਾਓ ਦੀ ਮੁਹਿੰਮ ਦੀ ਕੜੀ ਵਜੋਂ ਆਰਐੱਮਪੀਆਈ ਦੀ ਤਹਿਸੀਲ ਕਮੇਟੀ ਪੱਟੀ ਵੱਲੋਂ ਅੱਜ ਪਿੰਡ ਚੂਸਲੇਵੜ ਗਦਰੀ ਬਾਬਾ ਲਛਮਨ ਸਿੰਘ ਯਾਦ ਵਿੱਚ ਪਿੰਡ ਚੂਸਲੇਵੜ ਭਾਰੀ ਕਾਨਫਰੰਸ ਕੀਤੀ ਗਈ।

ਇਸ ਕਾਨਫਰੰਸ ਦੀ ਪ੍ਰਧਾਨਗੀ ਪਾਰਟੀ ਦੇ ਪ੍ਰਧਾਨ ਧਰਮ ਸਿੰਘ ਪੱਟੀ ਨਰਿੰਦਰ ਕੌਰ ਪੱਟੀ ਨੇ ਕੀਤੀ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰਐੱਮਪੀਆਈ ਦੇ ਸੂਬਾ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਅਤੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਦੇਸ਼ ਅੰਦਰੋਂ ਬੀਜੇਪੀ ਨੂੰ ਹਰਾਉਣਾ ਸਮੇਂ ਦੀ ਅਹਿਮ ਲੋੜ ਹੈ ਕਿਉਂਕਿ ਦੇਸ਼ ਅੰਦਰ ਬੀਜੇਪੀ ਦੇ ਰਾਜ ਦੇ ਦੌਰਾਨ ਘੱਟ ਗਿਣਤੀ ਲੋਕ ਖਤਰੇ ਵਿੱਚ ਹਨ। ਜਿਵੇਂ ਕਿ ਬੀਜੇਪੀ ਸਰਕਾਰ ਵੱਲੋਂ ਮਨੀਪੁਰ ਦੇ ਅੰਦਰ ਕੁੱਕੀ ਸਮਾਜ ਦੇ ਲੋਕਾਂ ਨਾਲ ਆਰਐੱਸਐੱਸ ਦੇ ਭਗਤਾਂ ਵੱਲੋਂ ਵਹਿਸ਼ੀਆਨਾ ਕਹਿਰ ਢਾਹਿਆ ਜਾ ਰਿਹਾ ਹੈ ਜਿਸ ਕਰਕੇ 2024 ਵਿੱਚ ਦੇਸ਼ ਅੰਦਰੋਂ ਬੀਜੇਪੀ ਨੂੰ ਹਰ ਹਾਲਤ ਵਿੱਚ ਗੱਦੀਓਂ ਲਾਹੁਣਾ ਹੋਵੇਗਾ ਅਤੇ ਦੇਸ਼ ਦੀਆਂ ਧਰਮਨਿਰਪੱਖ ਤਾਕਤਾਂ ਦਾ ਏਕਾ ਉਸਾਰ ਕੇ ਰਾਜ ਸਥਾਪਿਤ ਕਰਨਾ ਹੋਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਮੁਖਤਿਆਰ ਸਿੰਘ ਮੱਲਾ, ਦਲਜੀਤ ਸਿੰਘ ਦਿਆਲਪੁਰਾ, ਭਜਨ ਸਿੰਘ ਮੌੜ, ਸੱਤਪਾਲ ਸ਼ਰਮਾ ਪੱਟੀ, ਜਗੀਰ ਸਿੰਘ ਗੰਡੀਵਿੰਡ ਅਤੇ ਲਾਜਰ ਲਾਖਣਾ ਆਦਿ ਆਗੂ ਹਾਜ਼ਰ ਸਨ।

## ਗੁ: ਬਾਉਲੀ ਸਾਹਿਬ ਵਿਖੇ ਨਵੇਂ ਬਣੇ ਸ਼ੈੱਡ ਦਾ ਧਾਮੀ ਵੱਲੋਂ ਉਦਘਾਟਨ



ਅੰਮ੍ਰਿਤਸਰ/ਸ੍ਰੀ ਗੋਇੰਦਵਾਲ ਸਾਹਿਬ, (ਜਸਬੀਰ ਸਿੰਘ ਪੱਟੀ/ਕਾਬਲ ਸਿੰਘ ਮੱਲ੍ਹੀ)-ਗੁਰਦੁਆਰਾ ਬਾਉਲੀ ਸਾਹਿਬ ਦੇ ਪ੍ਰਵੇਸ਼ ਦੁਆਰ ਤੇ ਤਿਆਰ ਕੀਤੇ ਸੁੰਦਰ ਦਿੱਖ ਵਾਲੇ ਸ਼ੈਡ ਦਾ ਉਦਘਾਟਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤਾ ਗਿਆ। ਇਸ ਤੋਂ ਪਹਿਲਾ ਗੁਰਦੁਆਰਾ ਸਾਹਿਬ ਵਿਖੇ ਹੈੱਡ ਗ੍ਰੰਥੀ ਭਾਈ ਗੁਰਮੁੱਖ ਸਿੰਘ ਵੱਲੋਂ ਸੁੰਦਰ ਸ਼ੈਡ ਦੇ ਸੰਪੂਰਨ ਹੋਏ ਕਾਰਜਾਂ ਲਈ ਸ਼ੁਕਰਾਨਾ ਕਰਦਿਆਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਉਪਰੰਤ ਸ਼ੈਡ ਦਾ ਉਦਘਾਟਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੰਪਰਦਾਇ ਭੂਰੀ ਸਾਹਿਬ ਵਾਲੇ ਬਾਬਾ ਕਸ਼ਮੀਰ ਸਿੰਘ ਤੇ ਬਾਬਾ ਸੁਖਵਿੰਦਰ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਜਥੇਬੰਦਕ ਸਕੱਤਰ ਕੁਲਦੀਪ ਸਿੰਘ ਔਲਖ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਖੁਸ਼ਵਿੰਦਰ ਸਿੰਘ ਭਾਟੀਆ, ਬਲਵਿੰਦਰ ਸਿੰਘ ਵੇਈਂਪੂਈਂ ਵੱਲੋਂ ਸੁੰਦਰ ਸ਼ੈਡ ਦੀ ਸੇਵਾ ਕਰਵਾਉਣ ਲਈ ਵਿਸ਼ੇਸ਼ ਸਹਿਯੋਗ ਦੇਣ ਵਾਲੇ ਬੀਬੀ ਰਾਜਿੰਦਰ ਕੌਰ ਫਰੀਦਾਬਾਦ ਦੇ ਪਰਿਵਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਮੈਨੇਜਰ ਯੁਵਰਾਜ ਸਿੰਘ ਤੇ ਮੀਤ ਮੈਨੇਜਰ ਸਰਬਜੀਤ ਸਿੰਘ ਮੁੰਡਾਪਿੰਡ ਵੱਲੋਂ ਇਸ ਮੌਕੇ ਹਾਜ਼ਰ ਸੰਗਤਾਂ ਦਾ ਧੰਨਵਾਦ ਕਰਦਿਆਂ 28-29 ਸਤੰਬਰ ਨੂੰ ਮਨਾਏ ਜਾ ਰਹੇ ਸਲਾਨਾ ਜੋੜ ਮੇਲੇ ਵਿੱਚ ਹਾਜ਼ਰੀ ਭਰਨ ਦੀ ਅਪੀਲ ਕੀਤੀ ਗਈ।

ਇਸ ਮੌਕੇ ਐੱਸਜੀਪੀਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੜਾਹ ਪ੍ਰਸ਼ਾਦ ਲਈ ਨਵੀਂ ਬਣਾਈ ਇਮਾਰਤ ਅੱਗੇ ਦੂਸਰਾ ਸੁੰਦਰ ਸ਼ੈਡ ਬਣਾਉਣ ਦੀ ਕਾਰਸੇਵਾ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਕੁਲਦੀਪ ਸਿੰਘ ਲਾਹੌਰੀਆ, ਪ੍ਰਤਾਪ ਸਿੰਘ ਸਕੱਤਰ, ਸੁਖਵਿੰਦਰ ਸਿੰਘ ਧਾਲੀਵਾਲ, ਅਕਾਊਂਟੈਂਟ ਸੁਖਦੇਵ ਸਿੰਘ, ਸਤਬੀਰ ਸਿੰਘ ਧੂੰਦਾ, ਰਸ਼ਪਾਲ ਸਿੰਘ ਅਤੇ ਮਨਜੀਤ ਸਿੰਘ ਮੰਡ ਆਦਿ ਮੌਜੂਦ ਸਨ।

## ਬਿਨਾਂ ਆਈਲੈਟਸ ਯੂ ਕੇ ਦਾ ਸਟੱਡੀ ਵੀਜ਼ਾ ਲਗਵਾਇਆ



ਗੋਇੰਦਵਾਲ ਸਹਿਬ (ਕਾਬਲ ਸਿੰਘ ਮੱਲੀ)-ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਜੋ ਕਿ ਇਲਾਕੇ ਵਿਚ ਵੀਜ਼ੇ ਲਗਵਾਉਣ ਵਿੱਚ ਪਹਿਲੀ ਕਤਾਰ ਵਿੱਚ ਨਜ਼ਰ ਆਉਂਦੀ ਹੈ ਅਤੇ ਅਬਰੌਡ ਦੇ ਸਟੱਡੀ ਵੀਜ਼ੇ ਲਗਵਾਉਣ ਵਿੱਚ ਅਤੇ ਸਮਾਜ ਵਿਚ ਨਾਮਣਾ ਖੱਟ ਚੁੱਕੀ ਹੈ, ਨੇ ਇਕ ਹੋਰ ਮਾਅਰਕਾ ਮਾਰਦਿਆਂ ਗੁਰਪ੍ਰੀਤ ਸਿੰਘ ਵਾਸੀ ਗੁਰੂਵਾਲੀ ਦਾ ਯੂਕੇ ਦਾ ਸਟੱਡੀ ਵੀਜ਼ਾ ਲਗਵਾ ਕੇ ਨਵਾਂ ਮੁਕਾਮ ਹਾਸਲ ਕੀਤਾ। ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਦੇ ਐਮ. ਡੀ. ਰਾਜਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਗੁਰਪ੍ਰੀਤ ਸਿੰਘ ਦਾ ਵੀਜ਼ਾ ਬਿਨਾਂ ਆਈਲੈਟਸ ਕੀਤਿਆਂ ਲਗਵਾਇਆ ਹੈ ਜਿਸ ਤੇ ਵਿਦਿਆਰਥੀ ਅਤੇ ਉਸ ਦੇ ਮਾਪੇ ਬਹੁਤ ਖੁਸ਼ ਹਨ। ਸੰਸਥਾ ਦੇ ਐੱਮਡੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਭੇਜੇ ਗਏ ਵਿਦਿਆਰਥੀ ਜਿੱਥੇ ਵੱਖ-ਵੱਖ ਯੂਨੀਵਰਸਿਟੀਆਂ/ ਕਾਲਜਾਂ ਵਿੱਚ ਪੜ੍ਹਾਈ ਕਰ ਰਹੇ ਹਨ ਉਥੇ ਬਣਦੇ ਸਮੇਂ ਅੰਦਰ ਆਪਣਾ ਕੰਮ ਕਰ ਰਹੇ ਹਨ। ਲੋੜ ਮੁਤਾਬਕ ਉਨ੍ਹਾਂ ਨੂੰ ਸੰਸਥਾ ਵੱਲੋਂ ਗਾਈਡ ਵੀ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਜਨਵਰੀ ਇਨਟੇਕ ਲਈ ਸੰਸਥਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਗੁਰਪ੍ਰੀਤ ਅਤੇ ਉਸਦੇ ਪ੍ਰੀਵਾਰ ਨੇ ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਅਤੇ ਉਸ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ।

## ਯੂਕੇ ਐੱਨਜੀਓ ਸੁਸਾਇਟੀ ਦੀ ਪ੍ਰਧਾਨ ਅਨੀਤਾ ਸ਼ਰਮਾ ਵੱਲੋਂ ਡਾਇਲਸਿਸ ਮਸ਼ੀਨ ਭੇਟ ਕਰਨ ਦਾ ਐਲਾਨ




ਅੰਮ੍ਰਿਤਸਰ (ਅਰੋੜਾ)-ਰੋਟਰੀ ਕਲੱਬ ਅੰਮ੍ਰਿਤਸਰ ਨੌਰਥ ਵੱਲੋ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ ਸਕੱਤਰ ਵਰੁਣ ਕੱਕੜ ਦੀ ਪ੍ਰਧਾਨਗੀ 'ਚ 9 ਤੋਂ 14 ਸਾਲ ਦੀਆਂ ਲੜਕੀਆਂ ਨੂੰ ਸਰਵਾਈਕਲ ਕੈਂਸਰ ਤੋਂ ਬਚਾਉਣ ਲਈ ਸ਼ੁਰੂ ਕੀਤੀ ਮੁਹਿੰਮ ਦੇ ਤਹਿਤ ਇਕ ਖਾਸ ਕੈਂਪ ਦਾ ਆਯੋਜਨ ਕੇ. ਡੀ. ਹਸਪਤਾਲ ਸਰਕੂਲਰ ਰੋਡ ਵਿਖੇ ਕੀਤਾ ਗਿਆ।

ਇਸ ਕੈਂਪ ਦਾ ਉਦਘਾਟਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਡਾ. ਕੁਲਦੀਪ ਸਿੰਘ ਅਰੋੜਾ ਵੱਲੋਂ ਕੀਤਾ ਗਿਆ। ਰੋਟਰੀ 3070 ਦੇ ਜ਼ਿਲਾ ਗਵਰਨਰ ਵਿਪਨ ਭਸੀਨ ਮੁੱਖ ਮਹਿਮਾਨ ਅਤੇ ਸਾਬਕਾ ਗਵਰਨਰ ਸੀ. ਏ. ਦਵਿੰਦਰ ਸਿੰਘ ਅਤੇ ਏ. ਐਸ. ਯੂ. ਕੇ. ਐਨਜੀਓ ਸੋਸਾਇਟੀ ਦੀ ਪ੍ਰਧਾਨ ਅਨੀਤਾ ਸ਼ਰਮਾ ਖਾਸ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਈ। ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਐੱਮਓਸੀ ਆਰ. ਐਸ. ਚੱਠਾ ਨੇ ਕਿਹਾ ਕਿ ਇਹ ਕੈਂਪ 23 ਸਤੰਬਰ ਨੂੰ ਸ਼ੁਰੂ ਕੀਤਾ ਗਿਆ ਸੀ ਜੋ 7 ਅਕਤੂਬਰ ਤੱਕ ਜਾਰੀ ਰਹੇਗਾ।

ਇਸ ਪ੍ਰੋਜੈਕਟ ਦੇ ਚੇਅਰਮੈਨ ਰੋਟਰੀ ਦੇ ਮੇਜਰ ਡੋਨਰ ਡਾ. ਜੀ. ਐਸ. ਮਦਾਨ ਅਤੇ ਡਾ. ਮਨਜੀਤ ਪਾਲ ਕੌਰ ਨੇ ਗੁਰੂ ਕੀ ਨਗਰੀ ਦੇ ਸਾਰੇ ਬੁੱਧੀਜੀਵੀ ਨਾਗਰਿਕਾਂ ਨੂੰ ਕਿਹਾ ਕਿ ਇਸ ਮੁਹਿੰਮ ਦਾ ਉਹ ਖੁਦ ਵੀ ਲਾਭ ਲੈਣ ਅਤੇ ਆਪਣੇ ਆਸਪਾਸ ਰਹਿਣ ਵਾਲੇ ਰਿਸ਼ਤੇਦਾਰਾਂ ਨੂੰ ਇਸ ਸਬੰਧ ਵਿੱਚ ਜਾਗਰਿਤ ਕਰਨ। ਡਾ. ਮਨਜੀਤ ਪਾਲ ਕੌਰ ਨੇ ਆਪਣੇ ਹੱਥਾ ਦੇ ਨਾਲ ਵੈਕਸੀਨ ਲਗਾਉਣ ਦੀ ਸੇਵਾ ਨਿਭਾਈ ਜਿਸ ਤੋਂ ਲੜਕੀਆਂ ਨੂੰ ਹੋਣ ਵਾਲੀ ਸਰਵਾਈਕਲ ਕੈਂਸਰ ਦੀ ਬਿਮਾਰੀ ਤੋਂ ਬਚਾਇਆ ਜਾ ਸਕੇ। ਇਸ ਮੌਕੇ ਖਾਸ ਮਹਿਮਾਨ ਯੂ. ਕੇ. ਐਨਜੀਓ ਸੋਸਾਇਟੀ ਦੀ ਪ੍ਰਧਾਨ ਅਨੀਤਾ ਸ਼ਰਮਾ ਨੇ ਰੋਟਰੀ ਕੇ. ਡੀ. ਡਾਇਲਿਸਸ ਸੈਂਟਰ ਦੇ ਲਈ 7 ਲੱਖ ਰੁਪਏ ਦੀ ਮਸ਼ੀਨ ਦੇਣ ਦਾ ਐਲਾਨ ਕੀਤਾ ਜਿਸਦੀ ਸਾਰੇ ਰੋਟਰੀ ਮੈਂਬਰਾਂ ਨੇ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਰੋਟਰੀ ਨੌਰਥ ਦੇ ਸਾਬਕਾ ਪ੍ਰਧਾਨ ਵਿਜੇ ਭਸੀਨ, ਸਮਾਜ ਸੇਵਕ ਵਿਪਨ ਲੂੰਬਾ, ਪ੍ਰਧਾਨ ਰਜਿੰਦਰ ਪਾਲ ਸਿੰਘ, ਮਨਿੰਦਰ ਕੌਰ, ਦਲਜੀਤ ਕੌਰ ਅਰੋੜਾ, ਰਮੇਸ਼ ਕਕੱੜ, ਸੁਰਿੰਦਰ ਕੱਕੜ, ਅਵਿੰਦਰ ਕੌਰ, ਇੰਜੀ. ਪਰਮੀਤ ਸਿੰਘ ਅਤੇ ਰੋਟਰੀ ਕਲੱਬ ਨੌਰਥ ਦੇ ਸਾਰੇ ਮੈਂਬਰ ਮੌਜੂਦ ਸਨ।

## ਬਲੱਡ ਡੋਨਰਜ਼ ਸੁਸਾਇਟੀ ਦੀ ਸਟੇਟ ਐਵਾਰਡ ਲਈ ਚੋਣ

### * ਇੱਕ ਅਕਤੂਬਰ ਨੂੰ ਲੁਧਿਆਣਾ ਵਿਖੇ ਹੋਵੇਗਾ ਰਾਜ ਸਨਮਾਨ ਸਮਾਰੋਹ



ਗੁਰਦਾਸਪੁਰ (ਦਿਨੇਸ਼ ਕੁਮਾਰ)-ਖੂਨਦਾਨ ਦੇ ਖੇਤਰ ਵਿੱਚ ਨਿੱਤ ਨਵੀਆਂ ਬੁਲੰਦੀਆਂ ਛੂਹ ਰਹੀ ਜ਼ਿਲ੍ਹਾ ਗੁਰਦਾਸਪੁਰ ਦੀ ਅਹਿਮ ਸੰਸਥਾ ਟੀਮ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਇਸ ਖੇਤਰ ਵਿੱਚ ਨਿੱਤ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀ ਹੈ। ਇਹ ਸੰਸਥਾ ਸਿਰਫ਼ ਖੂਨਦਾਨ ਦੇ ਖੇਤਰ ਵਿੱਚ ਹੀ ਨਹੀਂ ਬਲਕਿ ਸਮਾਜ ਸੇਵਾ ਦੇ ਹੋਰ ਵੀ ਕਈ ਕਾਰਜਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈ ਰਹੀ ਹੈ। ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਜਿਸ ਨੂੰ ਪਿਆਰ ਨਾਲ ਸਾਰੇ ਬੀਡੀਐੱਸ ਵੀ ਕਹਿੰਦੇ ਹਨ, ਦੇ ਸਮਾਜ ਸੇਵਾ ਦੇ ਕੰਮਾਂ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਵੱਲੋਂ 1 ਅਕਤੂਬਰ 2023 ਸਵੈ-ਇਛੁੱਕ ਖੂਨਦਾਨ ਦਿਵਸ ਮੌਕੇ ਲੁਧਿਆਣਾ ਵਿਖੇ ਕਰਵਾਏ ਜਾ ਰਹੇ ਰਾਜ ਪੱਧਰੀ ਸਨਮਾਨ ਸਮਾਰੋਹ ਸਮਾਗਮ ਵਿੱਚ ਪੰਜਾਬ ਪੱਧਰ ਦੀ ਦੀਆਂ ਬਾਕੀ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ। ਉਧਰ ਇਸ ਸੰਬੰਧੀ ਗੱਲਬਾਤ ਕਰਦਿਆਂ ਸੁਸਾਇਟੀ ਦੇ ਮੁੱਖ ਸਲਾਹਕਾਰ ਅਵਤਾਰ ਸਿੰਘ ਘੁੰਮਣ ਨੇ ਦੱਸਿਆ ਕਿ ਇਸੇ ਖੁਸ਼ੀ ਵਿੱਚ ਰਮਨ ਬਹਿਲ ਚੇਅਰਮੈਨ ਸਿਹਤ ਵਿਭਾਗ ਪੰਜਾਬ ਨੇ ਬੀਡੀਐੱਸ ਦੇ ਮੈਂਬਰਾਂ ਨੂੰ ਆਪਣੀ ਰਿਹਾਇਸ਼ ਤੇ ਬੁਲਾ ਕੇ ਵਧਾਈ ਵੀ ਦਿੱਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਅਤੇ 2 ਅਕਤੂਬਰ ਨੂੰ ਮਹਾਤਮਾ ਗਾਂਧੀ ਦੇ ਜਨਮ ਦਿਵਸ ਨੂੰ ਸਮਰਪਿਤ ਟੀਮ ਵੱਲੋਂ ਪੁੱਡਾ ਗਰਾਊਂਡ ਜੇਲ੍ਹ ਰੋਡ ਗੁਰਦਾਸਪੁਰ ਵਿਖੇ 2 ਅਕਤੂਬਰ ਦਿਨ ਸੋਮਵਾਰ ਨੂੰ ਇੱਕ ਮੈਗਾ ਖੂਨਦਾਨ ਕੈਂਪ ਵੀ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਜ਼ਿਲ੍ਹੇ ਭਰ ਵਿੱਚੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਸਟੇਟ ਐਵਾਰਡ ਬਾਰੇ ਗੱਲਬਾਤ ਕਰਦਿਆਂ ਟੀਮ ਦੇ ਸੰਸਥਾਪਕ ਰਾਜੇਸ਼ ਬੱਬੀ ਨੇ ਦੱਸਿਆ ਕਿ ਸਾਡੀ ਟੀਮ ਨੂੰ ਇਥੋਂ ਤੱਕ ਪਹੁੰਚਾਉਣ ਵਿੱਚ ਜਿਥੇ ਸਾਡੀ ਸਹਿਯੋਗੀ ਸੰਸਥਾ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਕਲਾਨੌਰ ਦਾ ਬਹੁਤ ਵੱਡਾ ਯੋਗਦਾਨ ਰਿਹੈ ਉੱਥੇ ਹੀ ਸੁਸਾਇਟੀ ਨੂੰ ਆਮ ਜਨਤਾ ਅਤੇ ਖੂਨਦਾਨੀਆਂ ਦਾ ਵੀ ਬਹੁਤ ਵੱਡਾ ਯੋਗਦਾਨ ਰਿਹੈ। ਇਸ ਮੌਕੇ ਸੁਸਾਇਟੀ ਦੇ ਜਨਰਲ ਸਕੱਤਰ ਪ੍ਰਵੀਨ ਅੱਤਰੀ, ਮੀਤ ਪ੍ਰਧਾਨ ਨਵੀਨ ਕੁਮਾਰ, ਸਹਾਇਕ ਵਿੱਤ ਸਕੱਤਰ ਆਦਰਸ਼ ਕੁਮਾਰ, ਵਿੱਤ ਸਕੱਤਰ ਦਵਿੰਦਰਜੀਤ ਸਿੰਘ, ਅਭੈ ਮਹਾਜਨ ਸ਼ਹਿਰੀ ਪ੍ਰਧਾਨ, ਕੋਰ ਕਮੇਟੀ ਮੈਂਬਰ ਗੁਰਦੀਪ ਸਿੰਘ ਗੁੰਝੀਆ, ਰਿਸ਼ਭ ਗੁਰੂ ਕ੍ਰਿਪਾ ਕੰਪਿਊਟਰ, ਸੁਨੀਲ ਹੰਸ ਅਤੇ ਟੀਮ ਦੇ ਸੰਸਥਾਪਕ ਰਾਜੇਸ਼ ਬੱਬੀ ਵੀ ਹਾਜ਼ਰ ਹੋਏ।

## ਅਧਿਕਾਰੀਆਂ ਨੂੰ ਲੋਕਾਂ ਦੇ ਘਰ-ਘਰ ਜਾ ਕੇ ਸਮੱਸਿਆਵਾਂ ਸੁਣਨ/ਹੱਲ ਕਰਨ ਦੇ ਹੁਕਮ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਕਰਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 25 ਸਤੰਬਰ ਨੂੰ ਕਲਾਨੌਰ ਬਲਾਕ ਦੇ ਪਿੰਡ ਹਕੀਮਪੁਰ ਵਿਖੇ ਮਿਸ਼ਨ ਅਬਾਦ ਤਹਿਤ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਦਾ ਸਮਾਂ ਦੁਪਹਿਰ 2:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 25 ਸਤੰਬਰ ਨੂੰ ਪਿੰਡ ਹਕੀਮਪੁਰ ਦੀ ਸਰਕਾਰੀ ਡਿਸਪੈਂਸਰੀ ਦੇ ਵਿਹੜੇ ਵਿੱਚ ਲੱਗਣ ਵਾਲੇ ਇਸ ਅਬਾਦ ਕੈਂਪ ਵਿੱਚ ਪਿੰਡ ਹਕੀਮਪੁਰ ਤੋਂ ਇਲਾਵਾ ਪਿੰਡ ਬਸਤੀ ਬਾਜੀਗਰ, ਔਜਲਾ ਭੰਡਵਾਂ ਅਤੇ ਭੰਡਾਲ ਭੰਗਵਾਂ ਦੇ ਵਸਨੀਕ ਭਾਗ ਲੈਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਇਸਦੇ ਨਾਲ ਹੀ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਅਤੇ ਬਾਰਡਰ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਤ ਸੁਵਿਧਾਵਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਕੰਮ, ਮਨਰੇਗਾ ਨਾਲ ਸਬੰਧਤ ਕੰਮ, ਵਾਟਰ ਸਪਲਾਈ ਅਤੇ ਜਲ ਸਪਲਾਈ ਵਿਭਾਗ ਨਾਲ ਸਬੰਧਤ ਕੰਮ, ਅਧਾਰ ਕਾਰਡ ਸੁਵਿਧਾ ਦਾ ਮੌਕੇ 'ਤੇ ਲਾਭ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪਿੰਡ ਹਕੀਮਪੁਰ, ਬਸਤੀ ਬਾਜ਼ੀਗਰ, ਔਜਲਾ ਭੰਡਵਾਂ ਅਤੇ ਭੰਡਾਲ ਭੰਗਵਾਂ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕੈਂਪ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਲਾਭ ਉਠਾਉਣ।

## ਸਾਲਾਨਾ ਮੇਲੇ ਦੀਆਂ ਤਿਆਰੀਆਂ ਸੰਬੰਧੀ ਇਲਾਕਾ ਨਿਵਾਸੀਆਂ ਵੱਲੋਂ ਜ਼ਰੂਰੀ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ)-ਸੇਵਾ ਦੇ ਪੁੰਜ ਮਹਾਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦਾ ਸਲਾਨਾ ਜੋੜ ਮੇਲਾ ਜੋ ਗੁਰਦੁਆਰਾ ਸੰਤ ਨਿਵਾਸ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਵੱਖਰੇ ਤੌਰ 'ਤੇ ਮਨਾਇਆ ਜਾਂਦਾ ਹੈ, ਦੀਆਂ ਤਿਆਰੀਆਂ ਤੇ ਪ੍ਰਬੰਧਾਂ ਨੂੰ ਲੈ ਕੇ ਮੀਟਿੰਗ ਗੁਰਦੁਆਰਾ ਸੰਤ ਨਿਵਾਸ ਬਾਬਾ ਬੁੱਢਾ ਸਾਹਿਬ ਜੀ ਵਿਖੇ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਸੰਤੋਖ ਸਿੰਘ ਨੇ ਦੱਸਿਆ ਕਿ 7 ਅਕਤੂਬਰ ਨੂੰ ਗੁਰਦੁਆਰਾ ਸੰਤ ਨਿਵਾਸ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਗੁਰਬਾਣੀ ਦੇ ਸਬਦ ਕੀਰਤਨ ਹੋਣਗੇ। ਉਪਰੰਤ ਧਾਰਮਿਕ ਦੀਵਾਨ ਸੱਜਣਗੇ ਜੋ 7 ਤੇ 8 ਦੋਵੇਂ ਦਿਨ ਜਾਰੀ ਰਹਿਣਗੇ। ਇਸ ਸਮੇਂ ਦੂਰ ਦਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਤੇ ਖਾਣ ਪੀਣ ਦੇ ਲੰਗਰ, ਵਾਹਨਾਂ ਦੀ ਪਾਰਕਿੰਗ, ਪਖਾਨੇ, ਇਸ਼ਨਾਨ ਘਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੇ ਵਿਸ਼ੇਸ਼ ਪ੍ਰਬੰਧ ਹੋਣਗੇ। ਇਸ ਸਮੇਂ ਮੀਟਿੰਗ ਵਿੱਚ ਬੋਲਣ ਵਾਲਿਆਂ ਵਿੱਚ ਮੁੱਖ ਤੌਰ ਤੇ ਸਾਬਕਾ ਚੇਅਰਮੈਨ ਗੁਰਬਖਸ਼ ਸਿੰਘ ਬੁਰਜ, ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਖਾਲੜਾ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ, ਬਾਬਾ ਨਿਰੰਜਣ ਸਿੰਘ ਜੀ ਪੰਜਵੜ, ਮੈਂਬਰ ਕਸਮੀਰ ਸਿੰਘ ਬਘਿਆੜੀ, ਪ੍ਰਿੰਸੀਪਲ ਰਾਜਵਿੰਦਰ ਸਿੰਘ ਖਹਿਰਾ, ਬਾਬਾ ਭੋਲਾ ਸਿੰਘ, ਸਾਬਕਾ ਸਰਪੰਚ ਮੋਤਾ ਸਿੰਘ ਬਘਿਆੜੀ, ਪ੍ਰਿੰਸੀਪਲ ਇੰਦਰਜੀਤ ਸਿੰਘ, ਮਹਿੰਦਰ ਸਿੰਘ ਪਤਾਸਿਆਂ ਵਾਲਾ, ਗੁਰਮੀਤ ਸਿੰਘ ਵਡਾਲੀ, ਜਥੇਦਾਰ ਵਰਿੰਦਰ ਸਿੰਘ ਠੱਠਾ, ਬਹਾਲ ਸਿੰਘ ਗੱਗੋਬੂਹਾ, ਪ੍ਰਤਾਪ ਸਿੰਘ ਠੱਠਾ, ਮਨਮੋਹਨ ਸਿੰਘ ਠੱਠਾ, ਨੰਬਰਦਾਰ ਜਗੀਰ ਸਿੰਘ ਪਹੂਵਿੰਡ, ਗਿਆਨੀ ਨੱਥਾ ਸਿੰਘ, ਜਥੇਦਾਰ ਜੱਜ ਕਸੇਲ, ਹਰਭਜਨ ਸਿੰਘ ਭੂਸੇ, ਦਲਜੀਤ ਸਿੰਘ ਪੰਜਵੜ, ਰਛਪਾਲ ਸਿੰਘ ਭੋਲਾ, ਗਿਆਨੀ ਰਛਪਾਲ ਸਿੰਘ ਬਾਸਰਕੇ, ਜਗੀਰ ਸਿੰਘ ਕਾਲਜ ਕਮੇਟੀ ਮੈਂਬਰ, ਇਕਬਾਲ ਸਿੰਘ ਜੌਹਲ, ਰਛਪਾਲ ਸਿੰਘ ਜੋਹਲ, ਸਤਨਾਮ ਸਿੰਘ ਭੂਸੇ, ਮਲਕੀਅਤ ਸਿੰਘ ਛਾਪਾ, ਡਾਕਟਰ ਨਰਿੰਦਰ ਸਿੰਘ ਬਘਿਆੜੀ, ਕੁਲਵੰਤ ਸਿੰਘ ਮਸਤਗੜ੍ਹ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਕੱਟੇ ਰਾਸ਼ਨ ਕਾਰਡਾਂ ਦੀ ਬਹਾਲੀ ਲਈ ਲੱਗਾ ਧਰਨਾ 21ਵੇਂ ਦਿਨ 'ਚ ਦਾਖਲ




ਪਠਾਨਕੋਟ (ਦਵਿੰਦਰ ਸਿੰਘ)-ਜਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਨਜਾਇਜ਼ ਕੱਟੇ ਰਾਸ਼ਨ ਕਾਰਡ ਬਹਾਲ ਕਰਾਉਣ ਲਈ, ਬਿਨਾਂ ਕਿਸੇ ਕਾਰਨ ਕੁਝ ਮੈਂਬਰਾਂ ਦੇ ਕੱਟੇ ਨਾਮ ਮੁੜ ਸ਼ਾਮਲ ਕਰਾਉਣ ਲਈ ਅਤੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਗਰੀਬਾਂ ਨੂੰ ਅਣਗੌਲਿਆਂ ਕਰਨ ਦੇ ਖਿਲਾਫ ਅਣਮਿੱਥੇ ਸਮੇਂ ਲਈ ਲੱਗਾ ਦਿਨ-ਰਾਤ ਦਾ ਧਰਨਾ ਅੱਜ ਇੱਕੀਵੇਂ ਦਿਨ ਵੀ ਜਾਰੀ ਰਿਹਾ।

ਦਿਹਾਤੀ ਮਜ਼ਦੂਰ ਸਭਾ ਦੇ ਆਗੂਆਂ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ, ਪ੍ਰਵੀਨ ਕੁਮਾਰ ਬਮਿਆਲ, ਬਲਕਾਰ ਚੰਦ ਭਰਿਆਲ ਲਾਹੜੀ ਯਸ਼ਪਾਲ, ਸੋਹਨ ਲਾਲ, ਰਜਿੰਦਰ ਕੁਮਾਰ ਮਲਕਪੁਰ, ਰਾਜੂ ਨਰੋਟ ਮਹਿਰਾ, ਮੋਹਨ ਲਾਲ ਅਤੇ ਹੋਰ ਸਾਥੀਆਂ ਨੇ ਧਰਨੇ ਅਤੇ ਝੰਡਾ ਮਾਰਚ ਦੀ ਅਗਵਾਈ ਕੀਤੀ।

ਪਿੰਡ ਕਿਲਾ ਜਮਾਲਪੁਰ ਵਿਖੇ ਪਬਲਿਕ ਮੀਟਿੰਗ ਕਰਕੇ ਝੰਡਾ ਮਾਰਚ ਦੀ ਸ਼ੁਰੂਆਤ ਕਰਦਿਆਂ ਲਾਡੋਚੱਕ, ਧੀਰਾ, ਕੋਠੀ ਪੰਡਤਾਂ, ਡੇਅਰੀਵਾਲ, ਅਕਾਲਗੜ੍ਹ, ਦਰਸ਼ੋਪੁਰ, ਲਾਹੜੀ 318, ਅਜ਼ੀਜ਼ਪੁਰ, ਨਾਜੋਚੱਕ, ਘਰੋਟਾ, ਨਾਰੰਗਪੁਰ, ਜੰਗਲਾਂ, ਭਵਾਨੀ, ਫਰੀਦਾਨਗਰ, ਪਪਿਆਲ, ਝਲੋਆ ਵਡਾਲਾ ਸਮੇਤ ਦਰਜਨਾਂ ਪਿੰਡਾਂ ਅੰਦਰ ਮੀਟਿੰਗਾਂ, ਝੰਡਾ ਮਾਰਚ ਅਨਾਊਂਸਮੈਂਟ ਕਰਕੇ ਪੰਜਾਬ ਸਰਕਾਰ ਦਾ ਗਰੀਬ ਵਿਰੋਧੀ ਚਿਹਰਾ ਬੇਨਕਾਬ ਕਰਦਿਆਂ ਨਜਾਇਜ਼ ਕੱਟੇ ਰਾਸ਼ਨ ਕਾਰਡਾਂ, ਲੋੜਵੰਦ ਰਾਸ਼ਨ ਕਾਰਡਾਂ ਤੋਂ ਵਾਂਝੇ ਰਹਿ ਗਏ ਗਰੀਬ ਪਰਿਵਾਰਾਂ ਨੂੰ ਲਾਮਬੰਦ ਕਰਦਿਆਂ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ। ਜਦੋਂ ਤੱਕ ਗਰੀਬ ਲੋਕਾਂ ਦੀ ਸੁਣਵਾਈ ਨਹੀਂ ਹੋ ਜਾਂਦੀ ਜ਼ਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਲੱਗਾ ਧਰਨਾ ਜਾਰੀ ਰਹੇਗਾ। ਉਧਰ ਜ਼ਿਲ੍ਹਾ ਹੈਡਕੁਆਰਟਰ ਧਰਨੇ ਵਿੱਚ ਪਿੰਡ ਡੇਅਰੀਵਾਲ, ਸਰਨਾ, ਪੰਡਤਾਂ ਦੀ ਕੋਠੀ, ਛਰੀਫਚੱਕ ਤੋਂ ਜੋਗਿੰਦਰ ਪਾਲ, ਸੁਰਿੰਦਰ ਕੁਮਾਰ, ਅਨੀਤਾ ਦੇਵੀ, ਰਿੰਕੂ ਕੁਮਾਰ ਅਤੇ ਸੁਰੇਸ਼ ਕੁਮਾਰ ਹਾਜ਼ਰ ਸਨ।

## ਸੂਏ ਦੀਆਂ ਪੱਟੜੀਆਂ ਪੱਧਰੀਆਂ ਕਰਨ ਦੀ ਸੇਵਾ ਆਰੰਭ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੁੱਤਰਾਂ ਦੇ ਦਾਨੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਸਲਾਨਾ ਜੋੜ ਮੇਲਾ 6,7 ਅਤੇ 8 ਅਕਤੂਬਰ ਨੂੰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ। ਸੰਗਤਾਂ ਦੀ ਆਮਦ ਨੂੰ ਲੈ ਕੇ ਪਿੰਡ ਬਘਿਆੜੀ ਦੀਆਂ ਸੰਗਤਾਂ ਵਲੋਂ ਪੁਲ ਸੂਆ ਬਘਿਆੜੀ ਤੋਂ ਲੈ ਕੇ ਗੁਰਦੁਆਰਾ ਸਾਹਿਬ ਤੱਕ ਸੂਏ ਦੇ ਦੋਵੇਂ ਪਾਸੇ ਪੱਟੜੀਆਂ ਟਰੈਕਟਰਾਂ ਨਾਲ ਪੱਧਰੀਆਂ ਕਰਨ ਦੀ ਸੇਵਾ ਆਰੰਭ ਕੀਤੀ ਗਈ ਹੈ। ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਸਰਪੰਚ ਪਰਮਜੀਤ ਸਿੰਘ ਬਘਿਆੜੀ, ਕਿਸਾਨ ਆਗੂ ਕੈਪਟਨ ਸਿੰਘ ਬਘਿਆੜੀ ਆਦਿ ਨੇ ਕਿਹਾ ਬਾਬਾ ਬੁੱਢਾ ਜੀ ਦੇ ਇਸ ਮਹਾਨ ਪਵਿੱਤਰ ਅਸਥਾਨ ਤੇ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਗੁਰੂ ਘਰ ਨਤਮਸਤਕ ਹੋਣ ਲਈ ਆਉਂਦੀਆਂ ਹਨ ਤੇ ਸੰਗਤਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਾ ਆਵੇ, ਦੇ ਮੱਦੇਨਜ਼ਰ ਇਹ ਸੇਵਾ ਆਰੰਭ ਕੀਤੀ ਗਈ ਹੈ। ਇਸ ਮੌਕੇ ਕੈਪਟਨ ਸਿੰਘ ਬਘਿਆੜੀ, ਸਾਬਕਾ ਸਰਪੰਚ ਪਰਮਜੀਤ ਸਿੰਘ ਬਘਿਆੜੀ, ਢੁੱਲਵਿੰਦਰ ਸਿੰਘ ਟਿੱਪਾ, ਰਛਪਾਲ ਸਿੰਘ, ਪਰਮਿੰਦਰ ਸਿੰਘ, ਗੁਰਦੇਵ ਸਿੰਘ ਗੇਬਾ, ਸਤਨਾਮ ਸਿੰਘ ਬਰਾੜ, ਰਣਜੀਤ ਸਿੰਘ, ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ, ਰੇਸ਼ਮ ਸਿੰਘ ਛਾਪਾ, ਨਿਸ਼ਾਨ ਸਿੰਘ ਛਾਪਾ, ਮਹਿਲ ਸਿੰਘ ਛਾਪਾ, ਰਣਜੀਤ ਸਿੰਘ ਸੋਨੀ, ਗੁਰਬੀਰ ਸਿੰਘ, ਬਾਜ ਸਿੰਘ, ਡਾ. ਰਵਿੰਦਰ ਸਿੰਘ, ਅਮਰੀਕ ਸਿੰਘ ਸਾਹ, ਕਰਨਬੀਰ ਸਿੰਘ, ਜਥਾਦਾਰ ਬਲਕਾਰ ਸਿੰਘ ਬਘਿਆੜੀ, ਰਾਜਬੀਰ ਸਿੰਘ ਸਵਰਗਾਪੁਰੀ, ਰਾਜੂ ਡੀਜੇ, ਸ਼ਮਸ਼ੇਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਸੂਬੇਦਾਰ ਸ਼ਨਾਖ ਸਿੰਘ ਨੇ ਮਾਰਕੀਟ ਕਮੇਟੀ ਗਹਿਰੀ ਮੰਡੀ ਦਾ ਚਾਰਜ ਸੰਭਾਲਿਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਮਾਰਕੀਟ ਕਮੇਟੀ ਦੀ ਗਹਿਰੀ ਮੰਡੀ ਦੇ ਨਵ-ਨਿਯੁਕਤ ਚੇਅਰਮੈਨ ਸੂਬੇਦਾਰ ਸ਼ਨਾਖ ਸਿੰਘ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਉਨ੍ਹਾਂ ਨਵ-ਨਿਯੁਕਤ ਚੇਅਰਮੈਨ ਨੂੰ ਵਧਾਈ ਦਿੱਤੀ। ਉਨਾਂ ਨੇ ਕਿਹਾ ਕਿ ਉਹ ਇਸ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਆਪਣੇ ਅਹੁਦੇ ਤੇ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ। ਇਸ ਮੌਕੇ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਗੁਰਵਿੰਦਰ ਸਿੰਘ, ਸਰਬਜੀਤ ਸਿੰਘ ਡਿੰਪੀ, ਸੁਖਵਿੰਦਰ ਸਿੰਘ, ਸਤਿੰਦਰ ਸਿੰਘ, ਹਰਪਾਲ ਸਿੰਘ ਚੌਹਾਨ, ਨਰੇਸ਼ ਪਾਠਕ, ਜਗਦੀਪ ਸਿੰਘ, ਸੁਰਜੀਤ ਸਿੰਘ ਕੰਗ, ਸਕੱਤਰ ਅਮਰਦੀਪ ਸਿੰਘ, ਮਹਿੰਦਰ ਸਿੰਘ ਛੱਜਲਵੱਡੀ, ਸੁਨੈਨਾ ਰੰਧਾਵਾ ਤੇ ਹੋਰ ਹਾਜ਼ਰ ਸਨ। .

## 'ਮੇਰੀ ਮਿੱਟੀ ਮੇਰਾ ਦੇਸ਼' ਮੁਹਿੰਮ ਤਹਿਤ ਕਾਦੀਆਂ 'ਚ ਕੱਢੀ ਕਲਸ਼ ਯਾਤਰਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਅਧੀਨ ਨਹਿਰੂ ਯੁਵਾ ਕੇਂਦਰ ਸੰਗਠਨ ਵੱਲੋਂ ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਤਹਿਤ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਦੀ ਜ਼ਿਲ੍ਹਾ ਯੂਥ ਅਫਸਰ ਸੰਦੀਪ ਕੌਰ ਦੀ ਅਗਵਾਈ ਹੇਠ ਕਾਦੀਆਂ ਤੋਂ ਬਲਾਕ ਵਲੰਟੀਅਰ ਮੈਡਮ ਰਾਜਬੀਰ ਕੌਰ ਦੇ ਵਲੋਂ 'ਮੇਰੀ ਮਿੱਟੀ ਮੇਰਾ ਦੇਸ਼' ਪ੍ਰੋਗਰਾਮ ਤਹਿਤ ਵੱਖ-ਵੱਖ ਥਾਵਾਂ ਤੇ ਅੰਮ੍ਰਿਤ ਕਲਸ਼ ਯਾਤਰਾ ਕੱਢੀ ਗਈ।

ਗਲਬਾਤ ਦੌਰਾਨ ਮੈਡਮ ਰਾਜਬੀਰ ਕੌਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾ ਰਹੀ ਹੈ। ਪ੍ਰੋਗਰਾਮ ਦਾ ਮੁੱਖ ਮੰਤਵ ਸਮੂਹ ਦੇਸ਼ ਵਾਸੀਆਂ ਨੂੰ ਇਸ ਮੁਹਿੰਮ ਨਾਲ ਜੋੜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ। ਵਲੰਟੀਅਰ ਰਾਜਬੀਰ ਕੌਰ ਨੇ ਦੱਸਿਆ ਕਿ ਇਸ ਨੂੰ ਪਹਿਲਾਂ ਪਿੰਡ ਪੱਧਰ ਤੇ ਇਕੱਠਾ ਕੀਤਾ ਜਾਵੇਗਾ। ਇਸ ਤੋਂ ਬਾਅਦ ਮਿੱਟੀ ਨੂੰ ਦਿੱਲੀ ਵਿਖੇ ਭੇਜਿਆ ਜਾਵੇਗਾ ਜਿੱਥੇ ਕਿ ਦੇਸ਼ ਭਰ ਤੋਂ ਆਈ ਮਿੱਟੀ ਨੂੰ ਰਲਾ ਕੇ ਅੰਮ੍ਰਿਤ ਵਾਟਿਕਾ ਦਾ ਨਿਰਮਾਣ ਕੀਤਾ ਜਾਣਾ ਹੈ।

ਅੰਮ੍ਰਿਤ ਵਾਟਿਕਾ ਦੇ ਨਿਰਮਾਣ ਨਾਲ ਸਾਡੇ ਦੇਸ਼ ਦੀ ਸੁਰੱਖਿਆ ਦੀ ਖਾਤਰ ਆਪਣੀ ਜਾਨ ਗਵਾਉਣ ਵਾਲੇ ਸੂਰਬੀਰਾਂ ਨੂੰ ਯਾਦ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

## ਬਾਬਾ ਸ੍ਰੀ ਚੰਦ ਦੇ ਜਨਮ ਦਿਹਾੜੇ ਮੌਕੇ ਬਾਬਾ ਰਜਿੰਦਰ ਸਿੰਘ ਬੇਦੀ ਸਨਮਾਨਿਤ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਅੱਜ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਚੰਦੂਨੰਗਲ ਤੇ ਜੌੜੀਆਂ ਖੁਰਦ ਦਰਬਾਰ ਟਾਹਲੀ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਸ੍ਰੀ ਚੰਦ ਜੀ ਜਨਮ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਬੀਤੀ ਸ਼ਾਮ ਦਰਬਾਰ ਟਾਹਲੀ ਸਾਹਿਬ ਵਿਖੇ ਧਾਰਮਿਕ ਦਿਵਾਨ ਸਜਾਏ ਗਏ, ਜਿਸ ਵਿੱਚ ਵੱਖ-ਵੱਖ ਕਥਾਵਾਚਕਾਂ ਅਤੇ ਰਾਗੀ ਢਾਡੀ ਜਥਿਆਂ ਵੱਲੋਂ ਸੰਗਤਾਂ ਦੀ ਗੁਰਮਿਤ ਨਾਲ ਸਾਂਝ ਪਾਈ ਗਈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਤੇ ਧਰਮ ਸੁਪਤਨੀ ਬੀਬੀ ਆਤਮਜੀਤ ਕੌਰ ਬੇਦੀ ਨੂੰ ਗੁਰੂ ਘਰ ਬਖਸ਼ਿਸ਼ ਸਿਰੋਪਾਓ ਸਾਹਿਬ ਤੇ ਦੁਸ਼ਾਲਾ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਸੁਲੱਖਣ ਸਿੰਘ, ਗੁਰਨਾਮ ਸਿੰਘ, ਰਵਿੰਦਰ ਸਿੰਘ ਸੋਨਾ, ਸਾਬਕਾ ਸਰਪੰਚ ਹਰਦੀਪ ਸਿੰਘ, ਸਰਪੰਚ ਪਲਵਿੰਦਰ ਸਿੰਘ, ਸਾਬਕਾ ਸਰਪੰਚ ਜਗਦੀਪ ਸਿੰਘ ਭੋਲੂ, ਹਰਮੀਤ ਸਿੰਘ ਪੇਟ ਵਾਲੇ, ਗੁਰਦੀਪ ਸਿੰਘ ਬਿੱਟਾ, ਮੰਨੂੰ ਬਾਰੀਆਂ ਆਸਟ੍ਰੇਲੀਆ, ਸੁਬੇਦਾਰ ਕੁਲਵਿੰਦਰ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਪਲਵਿੰਦਰ ਸਿੰਘ ਟੈਨੀ, ਰਿੰਕੂ ਲੰਬਰਦਾਰ, ਸੁਖਦੇਵ ਸਿੰਘ, ਗੋਲਡੀ, ਸੁਖਦੀਪ ਸਿੰਘ ਰੰਧਾਵਾ, ਅਵਤਾਰ ਸਿੰਘ, ਦਵਿੰਦਰ ਸਿੰਘ, ਲਵਪ੍ਰੀਤ ਸਿੰਘ, ਰਜਵੰਤ ਸਿੰਘ, ਬਲਵੰਤ ਸਿੰਘ, ਜਸਵਿੰਦਰ ਸਿੰਘ, ਜੋਗਾ ਸਿੰਘ, ਸੁਖਦੀਪ ਸਿੰਘ, ਜੋਗਿੰਦਰ ਸਿੰਘ, ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਦਲਜੀਤ ਸਿੰਘ, ਗੁਰਪ੍ਰੀਤ ਸਿੰਘ ਬੱਬੂ, ਸਰਬਜੋਤ ਸਿੰਘ, ਸੰਤੋਖ ਸਿੰਘ ਪੱਪੀ ਸਮੇਤ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

## ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਰਿਵਾਰ ਸਮੇਤ ਬੱਪਾ ਦਾ ਆਸ਼ੀਰਵਾਦ ਲਿਆ

**ਜਲੰਧਰ / ਲੁਧਿਆਣਾ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੱਪਾ ਦੇ ਦਰਸ਼ਨ ਕੀਤੇ। ਸ਼ਾਹ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਅਤੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਨਾਲ 'ਲਾਲਬਾਗ ਦੇ ਰਾਜਾ ਗਣਪਤੀ ਮੰਡਲ' ਪਹੁੰਚੇ ਜਿੱਥੇ ਸ਼ਾਹ ਨੇ ਸਾਰੇ ਨੇਤਾਵਾਂ ਦੇ ਨਾਲ ਭਗਵਾਨ ਗਣੇਸ਼ ਦੇ ਦਰਸ਼ਨ ਕੀਤੇ। ਅਮਿਤ ਸ਼ਾਹ ਹਰ ਸਾਲ 'ਲਾਲਬਾਗ ਦਾ ਰਾਜਾ' ਦੇਖਣ ਆਉਂਦੇ ਹਨ। ਇਸ ਸਾਲ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੇ ਪਰਿਵਾਰ ਨਾਲ ਲਾਲਬਾਗ ਦੇ ਰਾਜਾ ਦੇ ਦਰਸ਼ਨ ਕਰਨ ਗਏ ਸਨ। ਗ੍ਰਹਿ ਮੰਤਰੀ ਸ਼ਾਹ ਹਰ ਸਾਲ ਲਾਲਬਾਗ ਦੇ ਰਾਜਾ ਦੇ ਦਰਸ਼ਨਾਂ ਲਈ ਮੁੰਬਈ ਆਉਂਦੇ ਹਨ। ਇਸ ਸਾਲ ਵੀ ਉਹ ਲਾਲਬਾਗ ਦੇ ਰਾਜੇ ਦੇ ਦਰਸ਼ਨਾਂ ਲਈ ਆਏ ਸਨ। ਲਾਲਬਾਗ ਦੇ ਰਾਜੇ ਨੂੰ ਸੌਗੰਧ ਪਿਤਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜਿਸ ਕਾਰਨ ਲੱਖਾਂ ਸ਼ਰਧਾਲੂ ਇੱਥੇ ਦਰਸ਼ਨਾਂ ਲਈ ਆਉਂਦੇ ਹਨ। ਗ੍ਰਹਿ ਮੰਤਰੀ ਸ਼ਾਹ ਨੇ ਲਾਲਬਾਗ ਦੇ ਰਾਜੇ ਦੇ ਦਰਸ਼ਨ ਵੀ ਕੀਤੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਗਣੇਸ਼ ਚਤੁਰਥੀ ਤਿਉਹਾਰ ਦੌਰਾਨ ਮੁੱਖ ਮੰਤਰੀ ਨਿਵਾਸ ਤੇ ਪੂਜਾ ਕੀਤੀ। ਸ਼ਾਹ ਬਾਂਦਰਾ ਗਏ ਅਤੇ ਭਾਜਪਾ ਵਿਧਾਇਕ ਆਸ਼ੀਸ਼ ਸੇਲਾਰ ਦੇ ਜਨਤਕ ਗਣਪਤੀ ਮੰਡਲ ਦਾ ਦੌਰਾ ਕੀਤਾ। ਇਸ ਤੋਂ ਬਾਅਦ ਉਹ ਵਰਲੀ ਸੀ ਲਿੰਕ ਰੂਟ ਰਾਹੀਂ ਲਾਲਬਾਗ ਲਈ ਰਵਾਨਾ ਹੋਏ।

## ਭੁੱਲਰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਹੋਏ ਨਤਮਸਤਕ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕੈਬਨਿਟ ਮੰਤਰੀ ਬਣਨ ਉਪਰੰਤ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਾਲਜੀਤ ਸਿੰਘ ਭੁੱਲਰ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਨਤਮਸਤਕ ਹੋਣ ਲਈ ਪਹੁੰਚੇ ਜਿੱਥੇ ਉਨ੍ਹਾਂ ਦੇ ਕੈਬਨਿਟ ਮੰਤਰੀ ਬਣਨ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਗ੍ਰੰਥੀ ਸਿੰਘ ਵੱਲੋਂ ਮੰਤਰੀ ਭੁੱਲਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਭੁੱਲਰ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਵੱਲੋਂ ਬ੍ਰਹਮਗਿਆਨੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਚਰਨਾਂ ਵਿਚ ਕਾਰਜ ਸਫਲ ਸਬੰਧੀ ਅਰਦਾਸ ਬੇਨਤੀ ਕੀਤੀ ਗਈ ਸੀ ਕਿ ਕਾਰਜ ਸਫਲ ਹੋ ਜਾਵੇ ਤਾਂ ਉਹ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣਗੇ। ਮਨੋਕਾਮਨਾ ਪੂਰੀ ਹੋਣ 'ਤੇ ਉਨ੍ਹਾਂ ਵੱਲੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਜਿਨ੍ਹਾਂ ਦੇ ਅੱਜ ਸੰਪੂਰਨ ਭੋਗ ਪਾਏ ਗਏ।

ਸੰਪੂਰਨ ਭੋਗ ਤੋਂ ਬਾਅਦ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ। ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਸੁਖਦੇਵ ਸਿੰਘ ਭੁੱਲਰ, ਚੇਅਰਮੈਨ ਦਿਲਬਾਗ ਸਿੰਘ, ਗੁਰਬਿੰਦਰ ਸਿੰਘ ਕਾਲੇਕੇ, ਗੁਰਪ੍ਰੀਤ ਸਿੰਘ ਸਰਪੰਚ ਅਤੇ ਗੁਰਜੀਤ ਸਿੰਘ ਸ਼ਾਹ ਆਦਿ ਹਾਜ਼ਰ ਸਨ।

CMYK

25-Sep-PAGE-12.qxd 9/24/2023 8:55 PM Page 1



# ਸੇਂਟ ਸੋਲਜਰ ਹੋਟਲ ਮੈਨੇਜਮੈਂਟ ਦੇ 9 ਵਿਦਿਆਰਥੀਆਂ ਨੂੰ ਮਿਲੀ ਨੌਕਰੀ




**ਜਲੰਧਰ, (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ ਦੇ ਫਾਈਨਲ ਈਅਰ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਸੰਦੀਪ ਲੋਹਾਨੀ ਨੇ ਕਿਹਾ ਕਿ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਹਮੇਸ਼ਾ ਹੀ ਆਪਣੇ ਉੱਚ ਪੱਧਰਾਂ ਲਈ ਯਤਨਸ਼ੀਲ ਰਹਿੰਦਾ ਹੈ ਅਤੇ ਦੇਸ਼ ਵਿਦੇਸ਼ ਵਿੱਚ ਜਾਣਿਆ ਜਾਂਦਾ ਹੈ। ਇਸ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਸੰਸਥਾ ਨੇ ਆਪਣੀ ਪਹਿਲੀ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਜਿਸ ਵਿੱਚ ਫੇਅਰ ਮਾਊਂਟ ਜੈਪੁਰ ਲਈ 9 ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿਭਾਗਾਂ ਵਿਚ ਵਿਦਿਆਰਥੀਆਂ ਦੀ ਚੋਣ ਹੋਈ ਹੈ, ਜਿਨ੍ਹਾਂ ਵਿਚ ਰਸੋਈ ਵਿਭਾਗ ਵਿਚ ਲਖਬੀਰ, ਲਵਜੋਤ ਕੌਰ, ਹਰਵਿੰਦਰ ਸਿੰਘ, ਰਾਜਵਿੰਦਰ ਕੌਰ ਅਤੇ ਸਿਮਰਨਜੀਤ ਸਿੰਘ, ਹਾਊਸਕੀਪਿੰਗ ਵਿਚ ਅਕਾਸ਼ਦੀਪ, ਫਰੰਟ ਆਫਿਸ ਵਿਚ ਅੰਜਲੀ ਕੁਮਾਰੀ ਅਤੇ ਫੂਡ ਐਂਡ ਬੇਵਰੇਜ ਸਰਵਿਸ ਵਿਭਾਗ 'ਚ ਜਸਕਰਨ ਅਤੇ ਨਵਨੀਤ ਕੌਰ ਦੀ ਚੋਣ ਹੋਈ ਹੈ। ਮੈਨੇਜਿੰਗ ਡਾਇਰੈਕਟਰ ਪ੍ਰੋ. ਮਨਹਰ ਅਰੋੜਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪਲੇਸਮੈਂਟ ਦੇ ਭਰਪੂਰ ਮੌਕੇ ਅਤੇ ਵਿਕਲਪ ਦਿੱਤੇ ਜਾਣਗੇ ਜਿਸ ਤੋਂ ਉਹ ਆਪਣੀ ਪਸੰਦ ਦੀ ਨੌਕਰੀ ਚੁਣ ਸਕਦੇ ਹਨ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਕਿਹਾ ਕਿ ਸੰਸਥਾ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰ ਰਹੀ ਹੈ।

# ਸੜਕ ਕਿਨਾਰੇ ਛੱਪੜ ਦੇ ਰਿਹਾ ਹਾਦਸਿਆਂ ਨੂੰ ਸੱਦਾ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**: ਸੁਲਤਾਨਪੁਰ ਲੋਧੀ ਇਤਿਹਾਸਕ ਗੁਰੂ ਨਾਨਕ ਨਗਰੀ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਲੋਹੀਆਂ ਖਾਸ ਤੋਂ ਸੁਲਤਾਨਪੁਰ ਲੋਧੀ ਦੇ ਇਸ ਮੁੱਖ ਮਾਰਗ 'ਤੇ ਸੰਗਤਾਂ ਨਾਲ ਭਰੇ ਹੋਏ ਛੋਟੇ ਤੇ ਵੱਡੇ ਵਾਹਨਾਂ ਦੀ ਦਿਨ ਰਾਤ ਆਵਾਜਾਈ ਲੱਗੀ ਰਹਿੰਦੀ ਹੈ।

ਇਸ ਮਾਰਗ ਦੇ ਅੱਧ ਵਿਚਕਾਰ ਜਾ ਕੇ ਪਿੰਡ ਦੀਪੇਵਾਲ ਕੋਲ ਪਿਛਲੇ ਸਮੇਂ ਇੱਟਾਂ ਦਾ ਭੱਠਾ ਲੱਗਾ ਹੋਇਆ ਸੀ ਜੋ ਇੱਟਾਂ ਬਣਾਉਣ ਲਈ ਉਸ ਸੜਕ ਕਿਨਾਰੇ ਤੋਂ ਮਿੱਟੀ ਪੁੱਟ ਕੇ ਇੱਟਾਂ ਬਣਾਉਣ ਦਾ ਕੰਮ ਕਰਦੇ ਸਨ ਤੇ ਉਸ ਜਗ੍ਹਾ 'ਤੇ ਤੀਹ ਫੁੱਟ ਦੇ ਕਰੀਬ ਡੂੰਘਾ ਟੋਆ ਪੈ ਚੁੱਕਾ ਸੀ। ਭੱਠਾ ਬੰਦ ਹੋਣ ਤੋਂ ਬਾਅਦ ਸੁਲਤਾਨਪੁਰ ਲੋਧੀ ਵਾਲਿਆਂ ਨੇ ਉਸ ਟੋਏ ਨੂੰ ਕੂੜਾ ਸੁੱਟਣ ਦਾ ਡੰਪ ਬਣਾ ਲਿਆ ਸੀ ਤੇ ਹੁਣ ਭਾਰੀ ਬਰਸਾਤਾਂ ਹੋਣ ਕਾਰਨ ਉਸ ਟੋਏ ਨੇ ਬਿਲਕੁਲ ਸੜਕ ਦੇ ਕਿਨਾਰੇ ਖਤਰਨਾਕ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ। ਹਾਦਸੇ ਦੀਆਂ ਸੁਰਖੀਆਂ ਬਣਨ ਤੋਂ ਪਹਿਲਾਂ ਹੀ ਇਸ ਨਾਲ ਸਬੰਧਤ ਅਧਿਕਾਰੀਆਂ ਵੱਲੋਂ ਧਿਆਨ ਦਿੱਤਾ ਜਾਵੇ ਅਤੇ ਵਾਹਨਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ ਜਾਣ।

# ਮਜ਼ਦੂਰਾਂ ਦੀ ਕੰਮ ਦਿਹਾੜੀ 12 ਘੰਟੇ ਕਰਨ ਦੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਨੇ ਕੀਤਾ ਰੱਦ

**ਨੰਗਲ (ਸੁਰਜੀਤ ਸਿੰਘ)** - ਭਾਰਤ ਸਰਕਾਰ ਵੱਲੋਂ ਕਰੋਨਾ ਕਾਲ ਦੇ ਸਮੇਂ ਦੌਰਾਨ ਰਾਜ ਸਰਕਾਰਾਂ ਨੂੰ ਆਪਣੇ ਨਵੇਂ ਲੇਬਰ ਕਾਨੂੰਨ ਬਣਾਉਣ ਦੇ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਮ ਲੋਕਾਂ ਦੀ ਹਿਤੈਸ਼ੀ ਹੋਣ ਦੇ ਫੋਕੇ ਦਾਅਵੇ ਕਰਨ ਵਾਲੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਵਰਤਮਾਨ ਪੰਜਾਬ ਸਰਕਾਰ ਨੇ ਕਿਰਤੀ-ਮਜ਼ਦੂਰ ਵਰਗ ਨੂੰ ਰਾਹਤ ਦੇਣ ਦੀ ਬਜਾਏ ਲੇਬਰ ਕਾਨੂੰਨਾਂ ਵਿਚ ਸੋਧ ਕਰਕੇ ਮਜ਼ਦੂਰ ਦੇ ਕੰਮ ਕਰਨ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਲਈ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਮਿਤੀ 20-09-2023 ਨੂੰ ਇਕ ਨੋਟੀਫਿਕੇਸ਼ਨ ਨੰਬਰ ਈ-517838/943 ਜਾਰੀ ਕਰਕੇ ਕਿਰਤੀਆਂ ਦੇ ਵਿਰੋਧ ਵਿਚ ਫੈਸਲਾ ਲਿਆ ਗਿਆ ਹੈ, ਜਿਸ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਮੁੱਢੋਂ ਰੱਦ ਕਰਦੇ ਹੋਏ ਕਿਰਤੀਆਂ ਦੇ ਵਿਰੋਧ 'ਚ ਲਏ ਮਾਰੂ ਫੈਸਲੇ ਨੂੰ ਵਾਪਸ ਕਰਵਾਉਣ ਤੱਕ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਅੱਜ ਇਥੇ ਇਸ ਸਬੰਧੀ ਪ੍ਰੈਸ ਬਿਆਨ ਜਾਰੀ ਕਰਦਿਆਂ ਉਪਰੋਕਤ ਯੂਨੀਅਨ ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਅਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਮਈ ਦਿਵਸ ਦੇ ਮਹਾਨ ਸ਼ਹੀਦਾਂ ਵੱਲੋਂ ਸਾਲਾਂਬੱਧੀ ਅਰਸੇ ਤੱਕ ਲੜੇ ਸੰਘਰਸ਼ਾਂ ਦੀ ਬਦੌਲਤ ਕਿਰਤੀ-ਮਜ਼ਦੂਰ ਦੇ ਕੰਮ ਕਰਨ ਲਈ 8 ਘੰਟੇ ਕੰਮ ਦਿਹਾੜੀ ਤੈਅ ਕਰਵਾਈ ਗਈ ਸੀ ਪਰ ਹੁਣ ਮੌਜੂਦਾ ਪੰਜਾਬ ਸਰਕਾਰ ਵੱਲੋਂ ਕਿਰਤੀਆਂ ਖਿਲਾਫ ਹਮਲਾ ਕਰਕੇ ਦਿਹਾੜੀ 12 ਘੰਟੇ ਕੰਮ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਕੇ ਕੰਮ ਕਰਨ ਦਾ ਸਮਾਂ ਵਧਾ ਦਿੱਤਾ ਗਿਆ ਹੈ। ਉਥੇ ਇਹ ਮਹਾਨ ਸ਼ਹੀਦ ਵੱਲੋਂ ਦਿੱਤੀ ਕੁਰਬਾਨੀ ਨੂੰ ਅਣਦੇਖਾ ਕਰਦੇ ਹੋਏ ਇਕ ਵਾਰ ਫਿਰ ਹਾਕਮ ਜਮਾਤਾਂ ਵੱਲੋਂ ਕਿਰਤੀਆਂ ਦੇ ਖਿਲਾਫ 1886 ਤੋਂ ਪਹਿਲਾਂ ਵਾਲੇ ਬੰਧੂਆਂ ਮਜ਼ਦੂਰਾਂ ਵਾਲੀ ਹਲਾਤ ਪੈਦਾ ਕਰਨ ਲਈ ਅਤੇ ਕਾਰਪੋਰੇਟਰਾਂ ਦੀ ਸੇਵਾ ਲਈ ਮਾਰੂ ਫੈਸਲਾ ਲਿਆ ਗਿਆ ਹੈ। ਇਹ ਸਰਕਾਰ ਦਾ ਮਾਰੂ ਫੈਸਲਾ ਪੰਜਾਬ ਦੇ ਸਿਰਫ ਠੇਕਾ ਮੁਲਾਜ਼ਮਾਂ ਦੇ ਵਿਰੋਧ ਲਈ ਹੀ ਨਹੀਂ, ਬਲਕਿ ਇਹ ਪੂਰੇ ਹਿੰਦੁਸਤਾਨ ਦੇ ਸਾਰੇ ਕਿਰਤੀ ਮਜ਼ਦੂਰਾਂ ਵਾਸਤੇ ਇਕ ਚਣੌਤੀ ਹੈ ਕਿਉਂਕਿ ਜਿਹੜੇ ਅੱਜ ਤੱਕ ਮਹਾਨ ਸ਼ਹੀਦਾਂ ਦੇ ਵਾਰਸ ਮੰਨ ਕੇ ਉਨ੍ਹਾਂ ਦੀ ਵਿਚਾਰਧਾਰਾਂ 'ਤੇ ਚੱਲਣ ਦਾ ਪ੍ਰਣ ਕਰਦੇ ਰਹੇ ਹਨ, ਅੱਜ ਉਹੀ ਕਿਰਤੀ-ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟਰਾਂ ਦੇ ਹਿੱਤਾਂ ਲਈ ਨੀਤੀਆਂ ਲਾਗੂ ਕਰ ਰਹੇ ਹਨ, ਇਨ੍ਹਾਂ ਕਿਰਤੀ ਵਿਰੋਧੀ ਨੀਤੀਆਂ ਨੂੰ ਮੋੜਾ ਦੇਣ ਦੇ ਨਾਲ ਨਾਲ 8 ਘੰਟੇ ਕੰਮ ਦਿਹਾੜੀ ਸਮੇਤ ਤਮਾਮ ਲੇਬਰ ਕਾਨੂੰਨਾਂ ਦੀ ਰਾਖੀ ਕਰਨ ਦਾ ਸਵਾਲ ਸਾਡੇ ਸਾਹਮਣੇ ਸਭ ਤੋਂ ਵੱਧ ਪ੍ਰਮੁੱਖ ਹੈ। ਜਿਸ ਸਬੰਧ ਵਿਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਤੋਂ ਇਹ ਫੈਸਲਾ ਲਿਆ ਗਿਆ ਹੈ ਕਿ 26 ਸਤੰਬਰ ਨੂੰ ਸਾਰੇ ਪੰਜਾਬ ਦੇ ਅੰਦਰ ਸਰਕਾਰ ਦੇ ਇਸ ਹਮਲੇ ਵਿਰੁੱਧ ਰੈਲੀਆਂ ਅਤੇ ਰੋਸ ਮਾਰਚ ਕਰਨ ਉਪਰੰਤ ਮਜ਼ਦੂਰ ਵਿਰੋਧੀ ਜਾਰੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ ਭਵਿੱਖ ਵਿਚ ਇਸ ਨੂੰ ਮਜ਼ਦੂਰ ਵਿਰੋਧੀ ਫੈਸਲੇ ਨੂੰ ਤੁਰੰਤ ਵਾਪਸ ਲੈਣ ਲਈ ਸੰਘਰਸ਼ ਲੜਨ ਦਾ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਪਰੋਕਤ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਕੁਤਬੇਵਾਲ, ਹਾਕਮ ਸਿੰਘ ਧਨੇਠਾ, ਰੁਪਿੰਦਰ ਸਿੰਘ ਫਿਰੋਜ਼ਪੁਰ, ਜਗਰੂਪ ਸਿੰਘ, ਮਨਪ੍ਰੀਤ ਸਿੰਘ , ਸੰਦੀਪ ਖਾਂ ਬਠਿੰਡਾ, ਪ੍ਰਦੂਮਣ ਸਿੰਘ, ਉਂਕਾਰ ਸਿੰਘ ਹੁਸ਼ਿਆਰਪੁਰ, ਸੁਰਿੰਦਰ ਸਿੰਘ ਮਾਨਸਾ, ਬਲਜੀਤ ਭੱਟੀ ਮੁਕਤਸਰ, ਤਜਿੰਦਰ ਮਾਨ, ਗੁਰਵਿੰਦਰ ਤਰਨਤਾਰਨ, ਜਸਵੀਰ ਜਿੰਦਬੜੀ ਰੋਪੜ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਵੱਲੋਂ ਵੀ ਐਲਾਨ ਕੀਤਾ ਗਿਆ ਹੈ ਕਿ 26 ਸਤੰਬਰ ਨੂੰ ਪੰਜਾਬ ਭਰ ਵਿਚ ਬ੍ਰਾਂਚ ਪੱਧਰ 'ਤੇ ਰੋਹ ਭਰਪੂਰ ਵਿਰੋਧ ਪ੍ਰਦਰਸ਼ਨ ਕਰਨ ਉਪਰੰਤ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਪੱਤਰ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਜਾਵੇਗੀ ਕਿ ਜੇਕਰ ਇਹ ਕਿਰਤੀ ਵਿਰੋਧੀ ਫੈਸਲੇ ਨੂੰ ਤੁਰੰਤ ਵਾਪਸ ਨਾ ਲਿਆ ਗਿਆ ਤਾਂ ਸ਼ੁਰੂ ਕੀਤੇ ਸੰਘਰਸ਼ ਨੂੰ ਜਾਰੀ ਰੱਖਦੇ ਹੋਏ ਲੋੜ ਪੈਣ 'ਤੇ ਮਜਬੂਰਨ ਤੇਜ਼ ਕੀਤਾ ਜਾ ਸਕਦਾ ਹੈ।



# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਫਿਰਕਾਪ੍ਰਸਤੀ, ਕਾਰਪੋਰੇਟ ਗਠਜੋੜ ਤੇ ਸਾਮਰਾਜਵਾਦ ਵਿਰੋਧੀ ਦਿਵਸ ਦੇ ਤੌਰ 'ਤੇ ਮਨਾਇਆ ਜਾਵੇਗਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਅੱਜ ਇਥੇ ਸ਼ਹੀਦ ਚੰਨਣ ਸਿੰਘ ਧੂਤ ਭਵਨ ਵਿਖੇ ਕੁਲ ਹਿੰਦ ਕਿਸਾਨ ਸਭਾ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਸੀਟੂ ਦੀ ਸਾਂਝੀ ਮੀਟਿੰਗ ਕਾ. ਮਹਿੰਦਰ ਕੁਮਾਰ ਬੱਢੋਆਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਾਥੀ ਗੁਰਮੇਸ਼ ਸਿੰਘ, ਗੁਰਨੇਕ ਸਿੰਘ ਭੱਜਲ, ਹਰਬੰਸ ਸਿੰਘ ਧੂਤ, ਆਸ਼ਾ ਨੰਦ, ਧਨਪਤ, ਮਹਿੰਦਰ ਸਿੰਘ ਭੀਲੋਵਾਲ ਅਤੇ ਬਲਵਿੰਦਰ ਸਿੰਘ ਸ਼ਾਮਲ ਹੋਏ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਤਹਿਸੀਲ ਪੱਧਰ 'ਤੇ ਫਿਰਕਾਪ੍ਰਸਤੀ-ਕਾਰਪੋਰੇਟ ਗਠਜੋੜ ਅਤੇ ਸਾਮਰਾਜਵਾਦ ਵਿਰੋਧੀ ਦਿਵਸ ਦੇ ਤੌਰ 'ਤੇ ਮਨਾਇਆ ਜਾਵੇਗਾ। 2 ਅਕਤੂਬਰ ਨੂੰ ਮਹਾਤਮਾ ਗਾਂਧੀ ਜਯੰਤੀ ਅਤੇ ਬਾਬਾ ਕਰਮ ਸਿੰਘ ਚੀਮਾ ਦਾ ਜਨਮ ਦਿਨ ਅਤੇ ਸ਼ਹੀਦੀ ਦਿਵਸ ਮਨਾਇਆ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਖੇ ਅਜੇ ਮਿਸ਼ਰਾ ਟੈਨੀ ਦੇ ਪੁੱਤਰ ਅਸ਼ੀਸ਼ ਮਿਸ਼ਰਾ ਵੱਲੋਂ ਸ਼ਹੀਦ ਕੀਤੇ ਕਿਸਾਨਾਂ ਦੇ ਸ਼ਹੀਦੀ ਦਿਨ 'ਤੇ ਜ਼ਿਲ੍ਹਾ ਪੱਧਰ 'ਤੇ ਡੀ.ਸੀ. ਦਫਤਰ ਅੱਗੇ ਧਰਨਾ ਲਾ ਕੇ ਮੰਗ ਕੀਤੀ ਜਾਵੇਗੀ ਕਿ ਅਜੇ ਮਿਸ਼ਰਾ ਟੈਨੀ ਨੂੰ ਕੇਂਦਰੀ ਮੰਤਰੀ ਮੰਡਲ ਚੋਂ ਕੱਢ ਕੇ ਗ੍ਰਿਫਤਾਰ ਕੀਤਾ ਜਾਵੇ, ਐਮ.ਐਸ.ਪੀ. ਗਰੰਟੀ ਦਾ ਕਨੂੰਨ ਬਣਾਇਆ ਜਾਵੇ, ਚਾਰੇ ਲੇਬਰ ਕੋਡ ਰੱਦ ਕਰਕੇ ਲੇਬਰ ਕਨੂੰਨ ਬਹਾਲ ਕੀਤੇ ਜਾਣ, ਮਨਰੇਗਾ ਉਪਰ ਕੀਤੇ ਹਮਲੇ ਬੰਦ ਕਰਕੇ ਮਨਰੇਗਾ ਦਾ ਬਜਟ ਵਧਾਇਆ ਜਾਵੇ ਅਤੇ ਸਾਲ ਵਿੱਚ ਘੱਟੋ-ਘੱਟ 200 ਦਿਨ ਕੰਮ ਅਤੇ 600 ਰੁਪਏ ਦਿਹਾੜੀ ਦਿੱਤੀ ਜਾਵੇ। ਇਸ ਮੌਕੇ ਬਾਕੀ ਕਿਰਤੀ ਵਰਗ ਦੀਆਂ ਮੰਗਾਂ ਨੂੰ ਵੀ ਪ੍ਰਚਾਰਿਆ ਅਤੇ ਉਭਾਰਿਆ ਜਾਵੇਗਾ।



# ਫਾਰਮੇਸੀ ਕਾਲਜ ਬੇਲਾ ਵਿਖੇ ਡਿਗਰੀ ਵੰਡ ਸਮਾਗਮ

**ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੌਬੀ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਆਫ ਫਾਰਮੇਸੀ ਬੇਲਾ ਵਿਖੇ ਡਿਗਰੀ ਵੰਡ ਸਮਾਗਮ ਕਰਵਾਇਆ ਗਿਆ । ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਡਾ.ਦੀਪਿੰਦਰ ਸਿੰਘ, ਚੇਅਰਮੈਨ ਐਜੂਕੇਸ਼ਨ ਰੈਗੂਲੇਸ਼ਨ ਕਮੇਟੀ ਫਾਰਮੇਸੀ ਕੌਂਸਲ ਆਫ ਇੰਡੀਆ ਨਵੀਂ ਦਿੱਲੀ, ਸੁਸ਼ੀਲ ਬਾਂਸਲ ਪ੍ਰਧਾਨ ਪੰਜਾਬ ਫਾਰਮੇਸੀ ਕਾਲਜ ਅਤੇ ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਸ਼ਾਮਲ ਹੋਏ । ਕਾਲਜ ਦੇ ਡਾਇਰੈਕਟਰ ਡਾ. ਸੈਲੇਸ਼ ਸ਼ਰਮਾ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਸ਼ਮਾ ਰੋਸ਼ਨ ਕਰਕੇ ਕੀਤੀ ਗਈ । ਕਾਲਜ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਕਾਲਜ ਵਿੱਚ ਚਲ ਰਹੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਜਦੋਂ ਕਿ ਡਾ. ਸ਼ਰਮਾ ਨੇ ਕਾਲਜ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਕਾਲਜ ਵਿੱਚ 156 ਤੋਂ ਵੱਧ ਵਿਦਿਆਰਥੀਆਂ ਨੂੰ ਪੀ.ਐਚ.ਡੀ, ਐਮ. ਫਾਰਮੇਸੀ, ਬੀ.ਫਾਰਮੇਸੀ, ਬੀ.ਐਸ.ਸੀ (ਐਮ.ਐਲ.ਐਸ) ਅਤੇ ਐਮ.ਐਸ.ਸੀ ਫਾਰਮਾਸਿਊਟਿਕਲ ਕੈਮਿਸਟਰੀ ਦੀਆਂ ਡਿਗਰੀਆਂ ਵੰਡੀਆਂ ਗਈਆਂ ਹਨ । ਇਸ ਤੋਂ ਬਾਅਦ ਮੁੱਖ ਮਹਿਮਾਨ ਡਾ. ਦੀਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਉਣ ਵਾਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸੁਸ਼ੀਲ ਬਾਂਸਲ ਨੇ ਕਾਲਜ ਪ੍ਰਬੰਧਕ ਕਮੇਟੀ ਅਤੇ ਸਟਾਫ ਨੂੰ ਵਿਦਿਆਰਥੀਆਂ ਦੀ ਸਫਲਤਾ ਲਈ ਵਧਾਈਆਂ ਦਿੱਤੀਆਂ। ਉਨ੍ਹਾਂ ਕਾਲਜ ਦੀ ਤਾਰੀਫ ਕਰਦਿਆਂ ਕਿਹਾ ਕਿ ਬੇਲਾ ਫਾਰਮੇਸੀ ਕਾਲਜ ਪੇਂਡੂ ਇਲਾਕੇ ਵਿੱਚ ਹੋਣ ਦੇ ਬਾਵਜੂਦ ਵੀ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਆਪਣਾ ਨਾਂਅ ਚਮਕਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਉੱਚ ਪੱਧਰ ਦੀ ਸਿੱਖਿਆ ਦੇ ਰਿਹਾ ਹੈ। ਇਸ ਮੌਕੇ ਕਮੇਟੀ ਮੈਂਬਰ ਗੁਰਮੇਲ ਸਿੰਘ, ਪਿੰਸੀਪਲ ਪੀ.ਜੀ ਕਾਲਜ ਡਾ. ਸਤਵੰਤ ਕੌਰ ਸ਼ਾਹੀ, ਡਾ. ਰਾਹੁਲ ਸ਼ਰਮਾ, ਨਵਜੀਤ ਕੌਰ , ਰਵਿੰਦਰ ਕੌਰ ਅਤੇ ਡਾ. ਅਜੇ ਸਿੰਘ ਕੁਸ਼ਵਾਹ ਆਦਿ ਹਾਜ਼ਰ ਸਨ ।




# ਡੱਲਾ 'ਚ ਐੱਨ ਆਰ ਆਈ ਦੀ ਕੋਠੀ 'ਚੋਂ 5 ਤੋਲੇ ਸੋਨਾ ਤੇ 20 ਹਜ਼ਾਰ ਨਗਦੀ ਚੋਰੀ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਇਥੋਂ ਥੋੜ੍ਹੀ ਦੂਰੀ 'ਤੇ ਸਥਿਤ ਪਿੰਡ ਡੱਲਾ ਵਿਖੇ ਬੀਤੇ ਦਿਨ ਇੱਕ ਐਨ. ਆਰ. ਆਈ. ਦੀ ਕੋਠੀ ਵਿੱਚੋਂ 5 ਤੋਲੇ ਸੋਨਾ ਅਤੇ 20 ਹਜ਼ਾਰ ਰੁਪਏ ਨਗਦੀ ਚੋਰੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਥੇਦਾਰ ਹਰਜਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਉਨ੍ਹਾਂ ਦਾ ਛੋਟਾ ਭਰਾ ਬਲਦੇਵ ਸਿੰਘ ਵਿਰਕ ਪਰਵਾਰ ਸਮੇਤ ਕਨੇਡਾ ਰਹਿ ਰਿਹਾ ਹੈ ਅਤੇ ਪਿਛਲੇ ਕਰੀਬ ਦੋ ਸਾਲ ਤੋਂ ਉਹ ਆਪਣੇ ਪਿੰਡ ਨਹੀਂ ਆਏ। ਉਨ੍ਹਾਂ ਦੱਸਿਆ ਕਿ ਬਲਦੇਵ ਸਿੰਘ ਨੇ ਆਪਣੇ ਘਰ ਦੀ ਸਫਾਈ ਦਾ ਕੰਮ ਪਿੰਡ ਦੇ ਹੀ ਰਹਿਣ ਵਾਲੇ ਬਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਨੂੰ ਸੌਂਪਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੱਲ੍ਹ ਸਵੇਰੇ ਮੀਂਹ ਪੈਣ ਤੋਂ ਬਾਅਦ ਬਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਬਲਦੇਵ ਸਿੰਘ ਦੇ ਘਰ ਦੀ ਸਫਾਈ ਕਰਕੇ ਘਰ ਦੇ ਬਾਹਰਲੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰਕੇ ਗਏ ਸਨ ਅਤੇ ਜਦੋਂ ਸ਼ਾਮ ਨੂੰ ਘਰ ਦੇ ਬਾਕੀ ਦਰਵਾਜ਼ੇ ਬੰਦ ਕਰਨ ਆਏ ਤਾਂ ਦੇਖਿਆ ਕਿ ਘਰ ਦੀ ਰਸੋਈ ਦਾ ਦਰਵਾਜ਼ਾ ਟੁੱਟਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਅੰਦਰ ਜਾ ਕੇ ਦੇਖਿਆ ਕਿ ਘਰ ਦੇ ਸਾਰੇ ਕਮਰਿਆਂ ਦਾ ਸਮਾਨ ਖਿਲਰਿਆ ਹੋਇਆ ਸੀ। ਜਥੇਦਾਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਤੁਰੰਤ ਆਪਣੇ ਭਰਾ ਬਲਦੇਵ ਸਿੰਘ ਨਾਲ ਫੋਨ 'ਤੇ ਵਿਦੇਸ਼ ਵਿੱਚ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅੰਦਰਲੀ ਅਲਮਾਰੀ ਵਿੱਚ ਉਨ੍ਹਾਂ ਦਾ 5 ਤੋਲੇ ਸੋਨਾ ਅਤੇ 20 ਹਜ਼ਾਰ ਰੁਪਏ ਨਗਦ ਰੱਖੇ ਹੋਏ ਸਨ, ਜੋ ਕਿ ਚੋਰ ਚੋਰੀ ਕਰਕੇ ਲੈ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਘਟਨਾ ਸਬੰਧੀ ਪੁਲਸ ਚੌਕੀ ਡੱਲਾ ਨੂੰ ਸੂਚਿਤ ਕਰ ਦਿੱਤਾ ਹੈ।

## ਜਨਮ ਦਿਨ ਮੁਬਾਰਕ



ਸੁਖਮਨਜੀਤ ਕੌਰ, ਰੂਪਨਗਰ



ਦੀਵਾਂਸ਼ ਸਿੰਘ ਗਿੱਲ, ਬਰਨਾਲਾ

# ਪਿੰਡ ਚਿੱਤੋਂ 'ਚ ਬਾਬਾ ਸ੍ਰੀਚੰਦ ਦੇ ਜਨਮ ਦਿਹਾੜੇ ਮੌਕੇ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਮੁਕੰਮਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਚਿੱਤੋਂ ਵਿਖੇ ਗੁਰਦੁਆਰਾ ਬਾਬਾ ਸ੍ਰੀਚੰਦ ਜੀ ਮਹਾਰਾਜ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬਾਬਾ ਸ੍ਰੀਚੰਦ ਜੀ ਮਹਾਰਾਜ ਦੇ 529 ਵੇਂ ਜਨਮ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਮੁੱਖ ਸੇਵਾਦਾਰ ਬਾਬਾ ਸੁੱਚਾ ਸਿੰਘ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਬਾਬਾ ਸੁੱਚਾ ਸਿੰਘ ਚਿੱਤੋਂ ਨੇ ਦੱਸਿਆ ਕਿ 24 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਬਾਬਾ ਸ੍ਰੀਚੰਦ ਜੀ ਦੇ 529 ਵੇਂ ਜਨਮ ਦਿਹਾੜੇ ਸਬੰਧੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਉਪਰੰਤ ਦੀਵਾਨ ਹਾਲ ਵਿੱਚ ਇਲਾਕੇ ਭਰ ਤੋਂ ਸਾਧੂ, ਸੰਤ, ਮਹਾਂਪੁਰਸ, ਰਾਗੀ, ਢਾਡੀ, ਕਵੀਸ਼ਰੀ ਜਥੇ, ਪ੍ਰਚਾਰਕ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਮਿਡ-ਡੇ-ਮੀਲ ਵਰਕਰਜ਼ ਦੋ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ : ਕਮਲਜੀਤ ਕੌਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਮਿਡ-ਡੇ-ਮੀਲ ਵਰਕਰ ਯੂਨੀਅਨ ਬਲਾਕ ਕੋਟ ਫਤੂਹੀ ਦੀ ਇੱਕ ਹੰਗਾਮੀ ਮੀਟਿੰਗ ਬਲਾਕ ਪ੍ਰਧਾਨ ਅਮਰਵੀਰ ਕੌਰ ਦੀ ਪ੍ਰਧਾਨਗੀ ਹੇਠ ਅੱਡਾ ਈਸਪੁਰ ਵਿਖੇ ਹੋਈ। ਮੀਟਿੰਗ ਵਿੱਚ ਪੰਜਾਬ ਮਿਡ-ਡੇ-ਮੀਲ ਵਰਕਰ ਯੂਨੀਅਨ ਦੇ ਜਨਰਲ ਸਕੱਤਰ ਭੈਣ ਕਮਲਜੀਤ ਕੌਰ ਖੜੌਦੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਕਮਲਜੀਤ ਕੌਰ ਨੇ ਕਿਹਾ ਕਿ ਸਕੂਲਾਂ ਵਿੱਚ ਮਿਡ-ਡੇ-ਮੀਲ ਵਰਕਰਾਂ ਦਾ ਸਰਕਾਰ ਪਹਿਲੇ ਦਿਨ ਤੋਂ ਹੀ ਸ਼ੋਸ਼ਣ ਕਰਦੀ ਆ ਰਹੀ ਹੈ ਅਤੇ ਪੰਜਾਬ ਸਰਕਾਰ ਦੇ ਸ਼ੋਸ਼ਣ ਦੀ ਹੱਦ ਉਦੋਂ ਹੋਰ ਵੀ ਵਧ ਗਈ ਜਦੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਨ ਵਾਲੇ ਇਨ੍ਹਾਂ ਵਰਕਰਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਤਨਖਾਹ ਤੋਂ ਵੀ ਵਾਂਝੇ ਕਰ ਦਿੱਤਾ ਮਿਡ-ਡੇ-ਮੀਲ ਵਰਕਰਾਂ ਨੂੰ ਆਪਣੇ ਘਰਾਂ ਦਾ ਖਰਚ ਚੁੱਕਣਾ ਵੀ ਬਹੁਤ ਔਖਾ ਹੋ ਗਿਆ ਹੈ। ਬਲਾਕ ਪ੍ਰਧਾਨ ਅਮਰਵੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਕੋਝੀ ਕਾਰਵਾਈ ਖਿਲਾਫ ਖਾਲੀ ਥਾਲੀ ਖੜਕਾ ਕੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਰਾਜ ਕੁਮਾਰੀ, ਬਖਸ਼ੋ, ਪ੍ਰਦੀਪ ਕੌਰ, ਅਵਤਾਰ ਕੌਰ, ਸਰਬਜੀਤ ਕੌਰ, ਮਨਜੀਤ ਕੌਰ, ਯਮਨਾ ਦੇਵੀ, ਬਲਜੀਤ ਕੌਰ, ਨਰਿੰਦਰ ਕੌਰ ਅਤੇ ਸਤਵੀਰ ਕੌਰ ਮੌਜੂਦ ਸਨ।

# ਇਨੋਸੈਂਟ ਇੰਸਟੀਚਿਊਸ਼ਨਜ਼ ਲੋਹਾਰਾਂ 'ਚ 'ਮਨੀ ਮੈਨੇਜਮੈਂਟ ਐਂਡ ਕਰੀਅਰ ਅਵੇਅਰਨੈਸ' ਵਿਸ਼ੇ 'ਤੇ ਵਰਕਸ਼ਾਪ



**ਜਲੰਧਰ (ਸ਼ੈਲੀ ਐਲਬਰਟ)**-ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼, ਲੋਹਾਰਾਂ ਨੇ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਲਈ 'ਮਨੀ ਮੈਨੇਜਮੈਂਟ ਐਂਡ ਕਰੀਅਰ ਅਵੇਅਰਨੈਸ' ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਸਰੋਤ ਵਿਅਕਤੀ ਅਨੀਤਾ ਸੈਣੀ, ਪ੍ਰਤੀਭੂਤੀ ਮਾਰਕੀਟ ਟ੍ਰੇਨਰ, ਸੇਬੀ ਅਤੇ ਨਾਗੇਸ਼ ਕੁਮਾਰ, ਕੰਪਨੀ ਸਕੱਤਰ ਸਨ। ਪਹਿਲੇ ਦਿਨ ਅਨੀਤਾ ਸੈਣੀ ਨੇ ਹਾਜ਼ਰੀਨ ਨੂੰ ਪੋਰਟਫੋਲੀਓ ਬਣਾਉਣ, ਵਿਭਿੰਨਤਾ, ਬਜਟ, ਯੋਜਨਾਬੰਦੀ, ਬੱਚਤ, ਨਿਵੇਸ਼, ਪ੍ਰਾਇਮਰੀ ਮਾਰਕੀਟ, ਨਿਯਮ 72, ਪਬਲਿਕ ਪ੍ਰੋਵੀਡੈਂਟ ਫੰਡ, ਨਿਵੇਸ਼ ਸਕੀਮਾਂ ਆਦਿ ਬਾਰੇ ਜਾਣੂੰ ਕਰਵਾਇਆ।

ਅਗਲੇ ਦਿਨ ਦੇ ਸੈਸ਼ਨ ਦੀ ਸ਼ੁਰੂਆਤ ਨਾਗੇਸ਼ ਕੁਮਾਰ ਨੇ ਕੀਤੀ। ਉਨ੍ਹਾ ਸੈਕੰਡਰੀ ਮਾਰਕੀਟ, ਮਿਉਚੂਅਲ ਫੰਡ, ਸਟਾਕ ਮਾਰਕੀਟ ਬੀਮਾ ਯੋਜਨਾਵਾਂ, ਨਿਵੇਸ਼ ਕਰਨ ਅਤੇ ਨਾ ਕਰਨ, ਕਰੀਅਰ ਦੇ ਮੌਕਿਆਂ, ਵੱਖ-ਵੱਖ ਵਿੱਤੀ ਖੇਤਰਾਂ ਵਿੱਚ ਅਰਜ਼ੀ ਦੇਣ ਲਈ ਲੋੜੀਂਦੇ ਪ੍ਰਮਾਣ ਪੱਤਰਾਂ ਅਤੇ ਧੋਖਾਧੜੀ ਦੇ ਨਿਪਟਾਰੇ ਦੇ ਮਾਮਲੇ 'ਚ ਉਪਲੱਬਧ ਸ਼ਿਕਾਇਤ ਸੈੱਲਾਂ ਵਿੱਚ ਨਿਵੇਸ਼ ਕਰਨ ਬਾਰੇ ਗੱਲ ਕੀਤੀ।

ਵਰਕਸ਼ਾਪ ਵਿੱਚ ਰਾਹੁਲ ਜੈਨ (ਸਕੂਲਜ਼ ਅਤੇ ਕਾਲਜਿਜ਼ ਦੇ ਡਿਪਟੀ ਡਾਇਰੈਕਟਰ), ਡਾ. ਗਗਨਦੀਪ ਕੌਰ ਧੰਜੂ, (ਕਾਰਜਕਾਰੀ ਇੰਚਾਰਜ ਅਤੇ ਐੱਚ ਓ ਡੀ ਐੱਮ ਜੀ ਟੀ ਵਿਭਾਗ) ਅਤੇ ਅਧਿਆਪਨ ਫੈਕਲਿਟੀ ਦੇ ਮੈਂਬਰ ਵੀ ਮੌਜੂਦ ਸਨ।

# ਦੇਸ਼ ਦੇ ਵਡਮੁੱਲੇ ਖਜ਼ਾਨੇ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚ ਕੇ ਮੋਦੀ ਦੇਸ਼ ਨਾਲ ਧ੍ਰੋਹ ਕਰ ਰਿਹਾ : ਪਾਸਲਾ

**ਨਕੋਦਰ** : ਅੱਜ ਇਥੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਤਹਿਸੀਲ ਕਮੇਟੀ ਨਕੋਦਰ ਵਲੋਂ ਪਾਰਟੀ ਦੇ ਸੂਬਾ ਪੱਧਰੀ ਸੱਦੇ 'ਤੇ ਸਥਾਨਕ ਨੂਰਮਹਿਲ ਰੋਡ ਨਕੋਦਰ ਵਿਖੇ ਕਾਰਪੋਰੇਟ ਭਜਾਓ, ਮੋਦੀ ਹਰਾਓ ਦੇ ਨਾਅਰੇ ਹੇਠ ਪਾਰਟੀ ਦੇ ਸ਼ਹੀਦਾਂ ਤੇ ਅਚਾਨਕ ਵਿਛੜ ਚੁੱਕੇ ਸਾਥੀਆਂ ਨੂੰ ਸਮਰਪਤ ਭਾਰੀ ਰਾਜਨੀਤਿਕ ਕਾਨਫਰੰਸ ਕੀਤੀ ਗਈ । ਇਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਅੱਜ ਦੇਸ਼ ਨੂੰ ਸਭ ਤੋਂ ਵੱਧ ਖਤਰਾ ਕੇਂਦਰ 'ਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਤੋਂ ਹੈ ਜਿਸ ਨੇ ਦੇਸ਼ ਦੇ ਵਡਮੁੱਲੇ ਖਜ਼ਾਨੇ ਜਲ, ਜੰਗਲ, ਜ਼ਮੀਨ ਤੇ ਹੋਰ ਸਰਕਾਰੀ ਅਦਾਰੇ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚ ਦਿੱਤੇ ਹਨ ਅਤੇ ਜੋ ਇਕ ਅੱਧਾ ਕੋਈ ਬਚਿਆ ਹੈ ਤਾਂ ਉਸ ਨੂੰ ਜਲਦੀ ਵੇਚਣ ਦੀ ਤਿਆਰੀ ਕੀਤੀ ਜਾ ਰਹੀ ਹੈ ਤਾਂ ਜੋ ਆਪਣੇ ਮਿੱਤਰਾਂ ਅੰਬਾਨੀਆਂ ਅਡਾਨੀਆਂ ਨੂੰ ਮਾਲਾਮਾਲ ਕੀਤਾ ਜਾਵੇ। ਪਾਰਟੀ ਦੇ ਸੀਨੀਅਰ ਆਗੂ ਸਾਥੀ ਮੰਗਤ ਰਾਮ ਪਾਸਲਾ ਹੋਰਾਂ ਨੇ ਅੱਗੇ ਕਿਹਾ ਕਿ ਮੋਦੀ ਸਰਕਾਰ ਦੇਸ਼ ਵਿੱਚ ਹਿੰਦੂਤਵ ਦਾ ਨਾਅਰਾ ਦੇ ਕੇ ਫਿਰਕਾਪ੍ਰਸਤੀ ਨੂੰ ਬੜ੍ਹਾਵਾ ਦੇ ਰਹੀ ਹੈ ਤੇ ਦੇਸ਼ ਦੀਆਂ ਘੱਟ ਗਿਣਤੀਆਂ 'ਤੇ ਬੇਰੋਕ ਟੋਕ ਹਮਲੇ ਕਰਵਾ ਕੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੀ ਹੈ। ਸਾਥੀ ਪਾਸਲਾ ਨੇ ਪਿਛਲੇ ਮਹੀਨਿਆਂ 'ਚ ਮਨੀਪੁਰ 'ਚ ਵਾਪਰੀਆਂ ਦਰਦਨਾਕ ਘਟਨਾਵਾਂ ਲਈ ਮਨੀਪੁਰ ਤੇ ਕੇਂਦਰ ਦੀਆਂ ਬੀ ਜੇ ਪੀ ਸਰਕਾਰਾਂ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਉਥੇ ਨਿਰਦੋਸ਼ ਲੋਕਾਂ ਦੇ ਕਤਲੇਆਮ ਤੇ ਔਰਤਾਂ ਦੀਆਂ ਬੇਪਤੀਆਂ ਲਈ ਸਿੱਧੇ ਤੌਰ 'ਤੇ ਮੋਦੀ ਤੇ ਅਮਿਤ ਸ਼ਾਹ ਜ਼ਿੰਮੇਵਾਰ ਹਨ। ਕਾਮਰੇਡ ਪਾਸਲਾ ਨੇ ਕਿਹਾ ਕਿ ਲੜਾਈ ਮਨੀਪੁਰ 'ਚ ਔਰਤਾਂ ਨੂੰ ਨੰਗਿਆਂ ਕਰਕੇ ਘੁਮਾਉਣ ਵਾਲਿਆਂ ਤੇ ਉਨ੍ਹਾਂ ਨੂੰ ਬਚਾਉਣ ਵਾਲਿਆਂ ਵਿਚਕਾਰ ਹੈ ਤੇ ਔਰਤਾਂ ਦੀਆਂ ਬੇਪਤੀਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰਾਂ ਨੂੰ ਤੇ ਉਨ੍ਹਾਂ ਦੇ ਕਾਰਪੋਰੇਟ ਮਿਤਰਾਂ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਹੰਭਲਾ ਮਾਰ ਦਿਓ । ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸਾਥੀ ਦਰਸ਼ਨ ਨਾਹਰ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਸੰਵਿਧਾਨ ਨੂੰ ਤੋੜ ਕੇ ਮਨੂੰ ਸਮਿਰਤੀ ਲਾਗੂ ਕਰਕੇ ਦਲਿਤਾਂ ਤੇ ਘੱਟ ਗਿਣਤੀਆਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣਾ ਚਾਹੁੰਦੀ ਹੈ ਤੇ ਹਜ਼ਾਰਾਂ ਸਾਲ ਪਹਿਲਾਂ ਵਾਲੀ ਵਿਵਸਥਾ ਲਾਗੂ ਕਰਨਾ ਚਾਹੁੰਦੀ ਹੈ। ਸਾਥੀ ਨਾਹਰ ਨੇ ਭਗਵੰਤ ਮਾਨ ਸਰਕਾਰ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਚੋਣਾਂ 'ਚ ਕੀਤੇ ਵਾਅਦਿਆਂ ਵਿਚੋਂ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ । ਇਸ ਮੌਕੇ ਪਾਰਟੀ ਦੇ ਸ਼ਹੀਦ ਹੋਏ ਸਾਥੀਆਂ ਤੇ ਬਿਮਾਰੀ ਦੌਰਾਨ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ। ਇਸ ਕਾਨਫਰੰਸ ਨੂੰ ਹੋਰਨਾਂ ਤੋਂ ਇਲਾਵਾ ਸਾਥੀ ਕੁਲਵੰਤ ਸਿੰਘ ਸੰਧੂ, ਜਸਵਿੰਦਰ ਸਿੰਘ ਢੇਸੀ, ਰਾਮ ਸਿੰਘ ਕੈਮਵਾਲਾ, ਸਤਪਾਲ ਸਹੋਤਾ, ਮਨੋਹਰ ਸਿੰਘ ਗਿਲ ਤੇ ਦਲਵਿੰਦਰ ਸਿੰਘ ਕੁਲਾਰ ਆਦਿ ਆਗੂਆਂ ਨੇ ਸੰਬੋਧਨ ਕੀਤਾ। ਕਾਨਫਰੰਸ ਦੀ ਪ੍ਰਧਾਨਗੀ ਸਾਥੀ ਸੁਖਦੇਵ ਬਾਂਕਾ, ਮੇਜਰ ਖੁਰਲਾਪੁਰ, ਮਾਸਟਰ ਬਲਦੇਵ ਉਗੀ ਤੇ ਹਰਮੇਲ ਸਿੰਘ ਆਧੀ ਆਦਿ ਆਗੂਆਂ ਨੇ ਕੀਤੀ।





# ਬੀਬੀ ਰਣਜੀਤ ਕੌਰ ਮਾਹਿਲਪੁਰੀ ਦੇ ਬਰਸੀ ਸਮਾਗਮ ਮੌਕੇ ਧਾਰਮਿਕ ਸਮਾਗਮ

**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**- ਪਿਛਲੇ ਲੰਬੇ ਸਮੇਂ ਤੋਂ ਮਾਹਿਲਪੁਰ ਇਲਾਕੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਪ੍ਰੋਫੈਸਰ ਆਪਿੰਦਰ ਸਿੰਘ ਮਾਹਿਲਪੁਰੀ ਸੰਯੋਜਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਧਰਮ ਪਤਨੀ ਬੀਬੀ ਰਣਜੀਤ ਕੌਰ ਮਾਹਿਲਪੁਰੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਨਿੱਘੀ ਯਾਦ ਵਿੱਚ ਬਰਸੀ ਸਮਾਗਮ ਅੱਜ ਗੁਰਦੁਆਰਾ ਬੁੰਗਾ ਸਾਹਿਬ ਮਾਹਿਲਪੁਰ ਵਿਖੇ ਸੰਤ ਬੀਬੀ ਜਸਪ੍ਰੀਤ ਕੌਰ ਅਤੇ ਪਰਵਾਰਕ ਮੈਂਬਰਾਂ ਦੀ ਦੇਖ ਰੇਖ ਹੇਠ ਹੋਇਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਜੁਝਾਰ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਉਸ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਿਆ। ਇਸ ਮੌਕੇ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰੋਫੈਸਰ ਆਪਿੰਦਰ ਸਿੰਘ ਮਾਹਿਲਪੁਰੀ ਅਤੇ ਰਛਪਾਲ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਬੀਬੀ ਰਣਜੀਤ ਕੌਰ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਅਤੇ ਉਨ੍ਹਾਂ ਦੇ ਪਰਉਪਕਾਰੀ ਕਾਰਜਾਂ ਦੀ ਸੰਗਤਾਂ ਨਾਲ ਸਾਂਝ ਪਾਈ ਗਈ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਵਿਧਾਇਕ ਹਲਕਾ ਗੜ੍ਹਸ਼ੰਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਤੇ ਉਨ੍ਹਾਂ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੰਤ ਮੱਖਣ ਸਿੰਘ ਟੂਟੋਮਜਾਰਾ, ਸੰਤ ਬਲਬੀਰ ਸਿੰਘ ਸ਼ਾਸਤਰੀ, ਚਰਨਜੀਤ ਸਿੰਘ ਚੰਨੀ ਓ. ਐਸ.ਡੀ., ਜੋਬਨਜੋਤ ਸਿੰਘ, ਕਮਲਪ੍ਰੀਤ ਕੌਰ, ਸੁਰਿੰਦਰ ਕੌਰ, ਚਰਨਜੀਤ ਸਿੰਘ, ਜਾਪ ਕੌਰ, ਖੁਸ਼ਵੰਤ ਸਿੰਘ, ਅਮਨਦੀਪ ਸਿੰਘ, ਮਨਮੋਹਨ ਸਿੰਘ, ਸੁਰਿੰਦਰ ਸਿੰਘ ਗੁੰਬੀ ਸਿੰਘ, ਮਹਾਵੀਰ ਸਿੰਘ, ਜੋਗਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੋਹਣ ਸਿੰਘ ਲਾਲੀ, ਗੁਰਪ੍ਰੀਤ ਸਿੰਘ ਗਿੱਲ, ਗੁਰਦਿਆਲ ਸਿੰਘ, ਹਰਬੰਸ ਸਿੰਘ ਸਰਹਾਲਾ, ਦਲਬੀਰ ਸਿੰਘ ਟੁੱਟੋਮਾਜਾਰਾ, ਬਲਜਿੰਦਰ ਮਾਨ, ਜਗਦੀਪ ਸਿੰਘ ਐਮਸੀ, ਜਥੇਦਾਰ ਬਾਬਾ ਸਵਰਨਜੀਤ ਸਿੰਘ, ਐਡਵੋਕੇਟ ਮਨਿੰਦਰਪਾਲ ਸਿੰਘ, ਅਵਤਾਰ ਸਿੰਘ ਬਾਠ ਜਲਵੇਹੜਾ, ਡਾਕਟਰ ਮਨਮੋਹਨਜੀਤ ਸਿੰਘ ਸਟੱਡੀ ਸਰਕਲ, ਹਰਜੀਤ ਸਿੰਘ ਮਠਾੜੂ, ਹਰਦੀਪ ਸਿੰਘ ਬਾਹੋਵਾਲ, ਦੁਸ਼ਿਅੰਤ ਸਿੰਘ ਹੈਪੀ ਕਹਾਰਪੁਰ, ਪਰਮਜੀਤ ਸਿੰਘ ਜੋਗਾ ਸਿੰਘ, ਮੋਹਣ ਸਿੰਘ ਝੰਜੋਵਾਲ, ਦੀਪਕ ਬਾਲੀ, ਗੁਰਦੇਵ ਸਿੰਘ ਚੱਕ ਫੁੱਲੂ, ਪ੍ਰਿੰਸੀਪਲ ਰਾਜਵਿੰਦਰ ਕੌਰ, ਪ੍ਰਿੰਸੀਪਲ ਜਗਮੋਹਨ ਸਿੰਘ ਡਾਡੀਆ, ਗੁਰਦੀਪ ਸਿੰਘ ਚੱਕ ਕਟਾਰੂ, ਨੰਬਰਦਾਰ ਤਕਦੀਰ ਸਿੰਘ ਭਾਰਟਾ, ਪ੍ਰੋਫੈਸਰ ਨਿਰਮਲ ਸਿੰਘ ਰੋਪੜ, ਅਧਿਆਪਕਾ ਸੁਰਿੰਦਰ ਕੌਰ, ਗੁਰਿੰਦਰ ਸਿੰਘ ਗੋਗਾ ਸਰਹਾਲਾ ਸਮੇਤ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੀਆਂ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। ਸਮਾਗਮ ਦੇ ਅਖੀਰ ਵਿਚ ਪ੍ਰੋਫੈਸਰ ਅਪਿੰਦਰ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ।



# ਸੀ ਟੀ ਗਰੁੱਪ ਵਿਖੇ ਅੰਤਰ-ਕਾਲਜ ਫੈਸਟ 'ਨੈਵੇਦਯਮ 2.0' ਆਯੋਜਿਤ




**ਜਲੰਧਰ (ਸ਼ੈਲੀ ਐਲਬਰਟ)**-ਸੀ ਟੀ ਗਰੁੱਪ ਵਿਖੇ ਸੀ ਟੀ ਇੰਸਟੀਚਿਊਟ ਆਫ ਹਾਸਪਿਟੈਲਿਟੀ ਮੈਨੇਜਮੈਂਟ, ਵੱਲੋਂ ਅੰਤਰ-ਕਾਲਜ ਫੈਸਟ 'ਨੈਵੇਦਯਮ 2.0' ਆਯੋਜਿਤ ਕੀਤਾ ਗਿਆ। ਜਿਸ ਵਿੱਚ ਸ਼ਾਨਦਾਰ ਪ੍ਰਤਿਭਾ, ਰਚਨਾਤਮਿਕਤਾ ਅਤੇ ਮੁਕਾਬਲੇ ਦੀ ਭਾਵਨਾ ਦਾ ਪ੍ਰਦਰਸ਼ਨ ਕੀਤਾ। ਇਸ ਵਿੱਚ ਵੱਖ-ਵੱਖ ਕਾਲਜਾਂ ਨੇ ਭਾਗ ਲਿਆ। "ਨੈਵੇਦਯਮ 2.0" ਨੇ ਵਿਦਿਆਰਥੀਆਂ ਲਈ ਵੱਖ-ਵੱਖ ਡੋਮੇਨਾਂ ਵਿੱਚ ਆਪਣੇ ਹੁਨਰ ਅਤੇ ਨਵੀਨਤਾਕਾਰੀ ਵਿਚਾਰਾਂ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਦਿੱਤਾ। ਜਿਸ ਵਿੱਚ ਹੰਕੀ ਬ੍ਰੇਨ, ਕਰਿਸਪ ਦ ਕਰਸਡ, ਫੈਸ਼ਨ ਅਤੇ ਸਸਟੇਨੇਬਿਲੀਟੀ, ਸਟੀਵਰਡ ਸੈਲਵਰ ਰੇਸ ਅਤੇ ਟ੍ਰੇਜਰ ਹੰਟ ਸ਼ਾਮਲ ਹਨ। ਟਰੈਸਰ ਹੰਟ 'ਚ ਜੀ ਐਨ ਏ ਯੂਨੀਵਰਸਿਟੀ ਦੀ ਉਰਵਰਸੀ ਅਤੇ ਮਾਨਸੀ ਜੇਤੂ ਰਹੀ ਅਤੇ ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼, ਮਕਸੂਦਾਂ ਦੇ ਹਰਸ਼ ਗੁਪਤਾ ਅਤੇ ਮਨੀ ਕੁਮਾਰ ਰਨਰਅਪ ਰਹੇ । ਸਟੀਵਰਡ ਸੈਲਵਰ ਰੇਸ 'ਚ ਸੀ ਜੀ ਸੀ ਲਾਂਡਰਾਂ ਦੇ ਵਿਸ਼ਾਲ ਪ੍ਰਕਾਸ਼ ਅਤੇ ਰਾਕੇਸ਼ ਵਿਸ਼ਾਲ ਠਾਕੁਰ ਜੇਤੂ ਅਤੇ ਪੀ ਸੀ ਟੀ ਈ ਲੁਧਿਆਣਾ ਦੇ ਆਕਾਸ਼ ਢਾਂਡਾ, ਮੁਹੰਮਦ ਸਰਫਰਾਜ, ਰਿਤਿਸ਼ ਸ਼ਰਮਾ ਅਤੇ ਅਮਨਦੀਪ ਸਿੰਘ ਰਨਰਅਪ ਰਹੇ। ਕਰਿਸਪ ਦ ਕਰਸਡ ਵਿੱਚ ਏ.ਆਈ.ਐਚ.ਐਮ ਚੰਡੀਗੜ੍ਹ ਦੇ ਪ੍ਰਿਆਲ ਸਿੰਘ ਅਤੇ ਸੋਬਿਤ ਰੰਜਨ ਜੇਤੂ ਅਤੇ ਸਮਿਤ ਗੋਰਾਇਆ ਦੇ ਅਨੂ ਅਤੇ ਅਨਮੋਲ ਬੰਗਰ ਰਨਰਅਪ ਰਹੇ । ਹੰਕੀ ਮਾਈਨਡਸ ਵਿੱਚ ਪੀ ਸੀ ਟੀ ਈ ਲੁਧਿਆਣਾ ਰਾਘਵ ਅਤੇ ਰੋਹਿਤ ਜੇਤੂ ਅਤੇ ਏ.ਆਈ.ਐਚ.ਐਮ ਚੰਡੀਗੜ੍ਹ ਸੁਭਾਂਗੀ ਅਗਰਵਾਲ ਅਤੇ ਰਾਣੀ ਰਾਧਾੜ ਰਨਰਅਪ ਰਹੇ। ਫੈਸ਼ਨ ਅਤੇ ਸਸਟੇਨੇਬਿਲੀਟੀ ਵਿੱਚ ਐਚ.ਐਮ.ਵੀ ਤੋਂ ਪਾਇਲ ਰੁਬੇ ਅਤੇ ਗੁਰਸੀਰਤ ਕੌਰ ਅਤੇ ਜੀ ਐਨ ਏ ਤੋਂ ਪ੍ਰਿਆ ਪ੍ਰਿਆਂਸ਼ੂ ਅਤੇ ਜਸਵਾਲ ਰਨਰਅਪ ਰਹੇ। ਇਨੋਵੇਸ਼ਨ ਡਿਸਰਟ 'ਚ ਜੀ ਐਨ ਏ ਯੂਨੀਵਰਸਿਟੀ ਦੇ ਸੋਨੂੰ ਕੁਮਾਰ ਅਤੇ ਸੂਰਜ ਜੇਤੂ ਅਤੇ ਏ.ਆਈ.ਐਚ.ਐਮ ਚੰਡੀਗੜ੍ਹ ਸੰਜੀਵਨੀ ਅਤੇ ਅਦਿਤੀ ਕੋਹਲੀ ਰਨਰਅਪ ਰਹੀ । ਇਸ ਮੌਕੇ ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਰਿਸਰਚ ਐਂਡ ਇਨੋਵੇਸ਼ਨ ਦੀ ਡੀਨ ਡਾ. ਜਸਦੀਪ ਧਾਮੀ ਅਤੇ ਹੋਰ ਪਤਵੰਤੇ ਮਹਿਮਾਨ ਹਾਜ਼ਰ ਹੋਏ।

# ਗਣੇਸ਼ ਉਤਸਵ ਮੌਕੇ ਸ੍ਰੀਮਦ ਭਾਗਵਤ ਮਹਾਪੁਰਾਣ ਦਾ ਆਯੋਜਨ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਹਨੂੰਮਾਨ ਮੰਦਰ ਨੂਰਪੁਰਬੇਦੀ ਹਾਲ 'ਚ ਸ੍ਰੀ ਗਣੇਸ਼ ਉਤਸਵ ਮੌਕੇ ਸ੍ਰੀਮਦ ਭਾਗਵਤ ਮਹਾਪੁਰਾਣ ਦੀ ਕਥਾ ਦਾ ਆਯੋਜਨ ਕੀਤਾ ਗਿਆ। ਪੰਡਿਤ ਮਹੇਸ਼ ਵਸ਼ਿਸ਼ਟ ਨੈਣਾ ਦੇਵੀ ਦੀਆਂ ਸੰਗਤਾਂ ਨੂੰ ਭਾਗਵਤ ਮਹਾਪੁਰਾਣ ਦੀ ਕਥਾ ਤੋਂ ਭਾਗਵਤ ਅੰਮ੍ਰਿਤ ਪਾਨ ਕਰਵਾ ਰਹੇ ਹਨ। ਕਥਾ ਦੌਰਾਨ ਮਹੇਸ਼ ਵਸ਼ਿਸ਼ਟ ਨੇ ਭਗਵਾਨ ਨਾਰਾਇਣ ਦੇ ਵੱਖ-ਵੱਖ ਅਵਤਾਰਾਂ ਅਤੇ ਧਰਤੀ 'ਤੇ ਆਏ ਸੰਕਟਾਂ ਦੇ ਹਾਲਾਤ ਅਤੇ ਉਨ੍ਹਾਂ ਦੇ ਹੱਲ 'ਤੇ ਚਾਨਣਾ ਪਾਇਆ। ਪੰਡਿਤ ਮਹੇਸ਼ ਵਸ਼ਿਸ਼ਟ ਨੇ ਕਿਹਾ ਕਿ ਕਰਮ ਹੀ ਇੱਕ ਅਜਿਹਾ ਸਾਧਨ ਹੈ ਜੋ ਵਿਅਕਤੀ ਦੇ ਭਵਿੱਖ ਅਤੇ ਵਰਤਮਾਨ ਦਾ ਫੈਸਲਾ ਕਰਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਕਰਮਸ਼ੀਲ ਬਣਨਾ ਚਾਹੀਦਾ ਹੈ ਕਿਉਂਕਿ ਪ੍ਰਮਾਤਮਾ ਚੰਗੇ ਕੰਮ ਕਰਨ ਵਾਲਿਆਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦਿੰਦਾ ਹੈ। ਇਸ ਮੌਕੇ ਸ਼ਰਧਾਲੂਆਂ ਨੇ ਸ੍ਰੀ ਗਣੇਸ ਵੰਦਨਾ, ਮੇਰੀ ਨਈਆ ਪਾਰ ਕਰੋ ਨਾਰਾਇਣ ਵਰਗੇ ਮਨ ਮੋਹਕ ਭਜਨਾਂ ਦਾ ਜਾਪ ਕਰਕੇ ਆਪਣੀ ਹਾਜ਼ਰੀ ਦਰਜ ਕਰਵਾਈ। ਇੱਥੇ ਸਮਾਜ ਸੇਵਕ ਗੌਰਵ ਰਾਣਾ ਨੇ ਕਿਹਾ ਕਿ ਗਣੇਸ਼ ਉਤਸਵ ਦੇ ਧਾਰਮਿਕ ਸਮਾਗਮ 'ਚ ਸ਼ਰਧਾ ਭਾਵਨਾ ਨਾਲ ਲੱਗੇ ਭਗਤ ਮਿੰਟੂ ਅਤੇ ਸਮੂਹ ਸੇਵਾਦਾਰ ਪਿਛਲੇ ਕਈ ਸਾਲਾਂ ਤੋਂ ਧਰਮ ਦੇ ਕਾਰਜਾਂ 'ਚ ਵਡਮੁੱਲਾ ਯੋਗਦਾਨ ਪਾ ਰਹੇ ਹਨ।

ਇਸ ਮੌਕੇ ਭਗਤ ਮਿੰਟੂ ਸ਼ਰਮਾ, ਗੌਰਵ ਰਾਣਾ, ਪੰਡਿਤ ਦੇਸਰਾਜ ਸ਼ਰਮਾ, ਲੀਲਾ ਦੇਵੀ, ਸਾਬਕਾ ਪੰਚ ਸੁਨੀਤਾ ਦੇਵੀ, ਬਲਦੇਵ ਰਾਜ, ਕੁਲਦੀਪ ਕੌਰ, ਸੰਤੋਸ਼ ਕੁਮਾਰੀ, ਸ਼ੀਲਾ ਦੇਵੀ, ਬਿੱਟੂ ਚੇਤਲ ਸਮੇਤ ਸੰਗਤਾਂ ਹਾਜ਼ਰ ਸਨ।

# ਜਤਿੰਦਰ ਜੇ ਮਿਨਹਾਸ ਵਿਸ਼ਵ ਦੋਆਬਾ ਰਾਜਪੂਤ ਸਭਾ ਯੋਰਪ ਦੇ ਸਰਪ੍ਰਸਤ ਨਿਯੁਕਤ



**ਆਦਮਪੁਰ (ਪਰਮਜੀਤ ਸਿੰਘ)**- ਸਮਾਜ ਸੇਵਕ ਤੇ ਕੈਨੇਡਾ ਦੇ ਪ੍ਰਸਿੱਧ ਬਿਜ਼ਨਸਮੈਨ ਜਤਿੰਦਰ ਜੇ ਮਿਨਹਾਸ ਨੂੰ ਵਿਸ਼ਵ ਦੋਆਬਾ ਰਾਜਪੂਤ ਸਭਾ ਯੋਰਪ ਦਾ ਸਰਪ੍ਰਸਤ ਬਣਾਉਣ 'ਤੇ ਉਨਾਂ ਨੂੰ ਵਧਾਈ ਦਿੰਦਿਆਂ ਵਿਸ਼ਵ ਦੋਆਬਾ ਰਾਜਪੂਤ ਸਭਾ ਦੇ ਮੀਡੀਆ ਸਕੱਤਰ ਪੰਜਾਬ ਕੁਲਦੀਪ ਸਿੰਘ ਦੀਪਾ ਇਟਲੀ ਨੇ ਕਿਹਾ ਕਿ ਸਾਡੇ ਰਾਜਪੂਤ ਸਮਾਜ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਜਤਿੰਦਰ ਜੇ ਮਿਨਹਾਸ ਨੂੰ ਸਭਾ ਵੱਲੋਂ ਏਨੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨਾਂ ਕਿਹਾ ਕਿ ਇਸ ਨਾਲ ਹੁਣ ਵਿਸ਼ਵ ਦੋਆਬਾ ਰਾਜਪੂਤ ਸਭਾ ਪੂਰੇ ਯੋਰਪ 'ਚ ਬਹੁਤ ਮਜ਼ਬੂਤ ਹੋਵੇਗੀ । ਉਹ ਵਿਦੇਸ਼ ਰਹਿ ਕੇ ਵੀ ਆਪਣੇ ਵਤਨ ਨੂੰ ਨਹੀਂ ਭੁੱਲੇ ਤੇ ਹਰ ਸਾਲ ਇੰਡੀਆ ਆ ਕੇ ਲੋਕ ਭਲਾਈ ਦੇ ਕੰਮ ਤਾਂ ਕਰਦੇ ਹੀ ਹਨ, ਵਿਦੇਸ਼ 'ਚ ਵੀ ਜ਼ਰੂਰਤਮੰਦਾਂ ਦੀ ਸੇਵਾ ਲਈ 24 ਘੰਟੇ ਹਾਜ਼ਰ ਰਹਿੰਦੇ ਹਨ। ਉਪਰੰਤ ਜੇ ਮਿਨਹਾਸ ਨੇ ਕੈਨੇਡਾ ਤੋਂ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਧੰਨਵਾਦੀ ਹਾਂ ਵਿਸ਼ਵ ਦੋਆਬਾ ਰਾਜਪੂਤ ਸਭਾ ਦੇ ਸਰਪ੍ਰਸਤ ਫ਼ਤਹਿ ਸਿੰਘ ਪ੍ਰਹਾਰ ਦਾ ਜਿਨ੍ਹਾਂ ਨੇ ਆਪਣੀ ਕੋਰ ਕਮੇਟੀ ਦੇ ਮੈਂਬਰ ਜਸਪਾਲ ਸਿੰਘ, ਓਂਕਾਰ ਸਿੰਘ ਮਿਨਹਾਸ, ਸੁਖਜੀਤ ਸਿੰਘ ਪੱਪੀ ਪਰਮਾਰ, ਸਤਵੀਰ ਸਿੰਘ ਪਰਮਾਰ ਨਾਲ ਸਲਾਹ ਮਸ਼ਵਰਾ ਕਰ ਕੇ ਮੈਨੂੰ ਮਾਣ ਸਤਿਕਾਰ ਦਿੰਦੇ ਹੋਏ ਏਨੀ ਵੱਡੀ ਜ਼ਿੰਮੇਵਾਰੀ ਸੌਂਪੀ ਹੈ ਮੈਂ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਪੂਰੇ ਯੋਰਪ 'ਚ ਵਸਦੇ ਰਾਜਪੂਤ ਭਾਈਚਾਰੇ ਦੇ ਪਰਵਾਰਾਂ ਨਾਲ ਮੀਟਿੰਗਾਂ ਕਰ ਹਰ ਸ਼ਹਿਰ 'ਚ ਸਭਾ ਦੀਆਂ ਯੂਨਿਟਾਂ ਸਥਾਪਤ ਕਰ ਸਮੂਹ ਭਾਈਚਾਰੇ ਨੂੰ ਇੱਕ ਮੰਚ 'ਤੇ ਇਕੱਠੇ ਕਰਾਂਗਾ। ਇਸ ਮੌਕੇ ਮਿਨਹਾਸ ਨੂੰ ਵਿਸ਼ਵ ਦੋਆਬਾ ਰਾਜਪੂਤ ਸਭਾ ਦਾ ਸਰਪ੍ਰਸਤ ਬਣਨ 'ਤੇ ਪਰਮਜੀਤ ਸਿੰਘ ਮਿਨਹਾਸ ਪਧਿਆਣਾ ਸਰਪ੍ਰਸਤ ਇਟਲੀ, ਮਨਜੀਤ ਸਿੰਘ ਰਾਠੌੜ ਸਲਾਹਕਾਰ ਇਟਲੀ, ਹਰਗੁਰਸ਼ੇਰ ਸਿੰਘ ਕਾਲਰਾ ਇਟਲੀ, ਜੋਤੀ ਰਾਠੌੜ ਇਟਲੀ, ਨਰਿੰਦਰ ਸਿੰਘ ਰਾਜੂ ਇਟਲੀ, ਮਨਦੀਪ ਸਿੰਘ ਮੰਝ ਇਟਲੀ, ਰੌਕੀ ਪਾਂਸ਼ਟਾ ਇਟਲੀ, ਜੀਤ ਲੰਬੜ ਫਰਾਂਸ, ਜ਼ੋਰਾਵਰ ਸਿੰਘ ਸਰਪ੍ਰਸਤ ਆਸਟਰੀਆ, ਅਵਤਾਰ ਸਿੰਘ ਪਰਮਾਰ ਗੁਜਰਾਤਾ ਪ੍ਰਧਾਨ ਆਸਟਰੀਆ, ਇੰਦਰਜੀਤ ਸਿੰਘ ਪਧਿਆਣਾ ਜਨਰਲ ਸਕੱਤਰ ਆਸਟਰੀਆ, ਨਿਰਮਲ ਸਿੰਘ ਗੁਲਾਬਗੜ੍ਹ ਨੇ ਵਧਾਈ ਦਿੱਤੀ।